Armaan Enterprises Inc
M.S. MANGAT
604 710 1197
ARMAAN MANGAT
778 930 7500
armaanenterprisesinc7@gmail.com
RESIDENTIAL & COMMERCIAL
PATIO COVERS RAILING & GATES
INSTALLATION REPAIRING AND
CLEANING ALL LOWER MAINLAND / ISLAND

WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo By: Mangat Media Group

DBS BLINDS
& HOME DECOR SERVICES INC.
Ravinder Gill
www.dbsblinds.ca
Office:778-891-8023
Cell:778-240-9291
Email:sales@dbsblinds.com
#9 12125 86 Ave Surrey BC V3W 3H8

Vol-1 Issue - 09 07 August to 13 August, 2026 Email: bcpunjabinews@gmail.com Website: www.bcpunjabinews.ca Phone: +1 604 750 4259

## ਸਾਊਥ ਸਰੀ ਵਿੱਚ ਤੜਕੇ ਪੁਲਿਸ ਨੇ ਹਥਿਆਰਬੰਦ ਵਿਅਕਤੀ ਕੀਤਾ ਗ੍ਰਿਫ਼ਤਾਰ, ਬੰਦੂਕ, ਗੋਲੀਆਂ ਤੇ ਤਿੰਨ ਚਾਕੂ ਬਰਾਮਦ

### 18 ਐਵੇਨਿਊ ਅਤੇ 138 ਸਟ੍ਰੀਟ ਨੇੜੇ ਸੜਕ ਵਿਚਕਾਰ ਖੜ੍ਹੀ ਗੱਡੀ ਵਿੱਚ ਬੇਹੋਸ਼ ਮਿਲਿਆ ਸੀ ਡਰਾਈਵਰ, ਜਾਂਚ ਜਾਰੀ

**ਸਰੀ, ਬੀ.ਸੀ. (ਬੀਸੀ ਪੰਜਾਬੀ ਨਿਊਜ਼) –** ਸਰੀ ਪੁਲਿਸ ਸਰਵਿਸ ਨੇ 2 ਅਗਸਤ ਦੀ ਤੜਕੇ ਸਾਊਥ ਸਰੀ ਵਿੱਚ ਵਾਪਰੀ ਇੱਕ ਘਟਨਾ ਦੌਰਾਨ ਇੱਕ ਬਾਲਗ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਇੱਕ ਬੰਦੂਕ, ਗੋਲੀਆਂ ਅਤੇ ਤਿੰਨ ਚਾਕੂ ਬਰਾਮਦ ਕੀਤੇ ਹਨ।

ਪੁਲਿਸ ਮੁਤਾਬਕ, ਸਵੇਰੇ ਕਰੀਬ 1:30 ਵਜੇ 9-1-1 'ਤੇ ਸੂਚਨਾ ਮਿਲੀ ਕਿ 18 ਐਵੇਨਿਊ ਅਤੇ 138 ਸਟ੍ਰੀਟ ਦੇ ਚੌਰਾਹੇ ਨੇੜੇ ਸੜਕ ਦੇ ਵਿਚਕਾਰ ਇੱਕ ਵਾਹਨ ਖੜ੍ਹਾ ਹੈ, ਜਿਸ ਵਿੱਚ ਡਰਾਈਵਰ ਬੇਹੋਸ਼ ਹਾਲਤ ਵਿੱਚ ਸਟੀਅਰਿੰਗ ਪਿੱਛੇ ਝੁਕਿਆ ਹੋਇਆ ਹੈ।

ਮੌਕੇ 'ਤੇ ਪਹੁੰਚੇ ਐੱਸਪੀਐੱਸ ਦੇ ਫਰੰਟਲਾਈਨ ਅਧਿਕਾਰੀਆਂ ਨੇ ਵਾਹਨ ਨੂੰ ਪੁਲਿਸ ਗੱਡੀਆਂ ਨਾਲ ਚਾਰੋਂ ਪਾਸਿਆਂ ਤੋਂ ਘੇਰ ਲਿਆ ਤਾਂ ਜੋ ਉਹ ਭੱਜ ਨਾ ਸਕੇ। ਪੁਲਿਸ ਵੱਲੋਂ ਵਾਰ-ਵਾਰ ਆਵਾਜ਼ਾਂ ਦੇਣ ਦੇ ਬਾਵਜੂਦ ਡਰਾਈਵਰ ਕੋਈ ਪ੍ਰਤੀਕਿਰਿਆ ਨਹੀਂ ਦੇ ਰਿਹਾ ਸੀ।

ਜਦੋਂ ਅਧਿਕਾਰੀਆਂ ਨੇ ਉਸ ਨੂੰ ਡਾਕਟਰੀ ਸਹਾਇਤਾ ਦੀ ਲੋੜ ਸਮਝਦਿਆਂ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਹ ਅਚਾਨਕ ਹੋਸ਼ ਵਿੱਚ ਆ ਗਿਆ ਅਤੇ ਗੱਡੀ ਸਟਾਰਟ ਕਰਕੇ ਫਰਾਰ ਹੋਣ ਦੀ ਕੋਸ਼ਿਸ਼ ਕਰਨ ਲੱਗਾ। ਹਾਲਾਂਕਿ ਪੁਲਿਸ ਵਾਹਨਾਂ ਵੱਲੋਂ ਰਸਤਾ ਰੋਕੇ ਜਾਣ ਕਾਰਨ ਉਹ ਭੱਜ ਨਹੀਂ ਸਕਿਆ।

ਪੁਲਿਸ ਨੇ ਬਿਨਾਂ ਕਿਸੇ ਸੱਟ-ਫੇਟ ਦੇ ਉਸ ਨੂੰ ਕਾਬੂ ਕਰ ਲਿਆ। ਗ੍ਰਿਫ਼ਤਾਰੀ ਦੌਰਾਨ ਵਾਹਨ ਦੀ ਤਲਾਸ਼ੀ ਵਿੱਚੋਂ ਇੱਕ ਅਣਲੋਡ ਕੀਤੀ ਬੰਦੂਕ, ਗੋਲੀਆਂ ਅਤੇ ਤਿੰਨ ਚਾਕੂ ਬਰਾਮਦ ਕੀਤੇ ਗਏ।

ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਇਸ ਵੇਲੇ ਸਰੀ ਪੁਲਿਸ ਦੀ ਹਿਰਾਸਤ ਵਿੱਚ ਹੈ। ਪੁਲਿਸ ਨੇ ਦੱਸਿਆ ਕਿ ਅਜੇ ਤੱਕ ਉਸ ਵਿਰੁੱਧ ਕੋਈ ਦੋਸ਼ ਅਦਾਲਤ ਵਿੱਚ ਦਾਇਰ ਨਹੀਂ ਕੀਤੇ ਗਏ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

# ਸਰਕਾਰ ਦਾ ਨਵਾਂ ਕਮਿਸ਼ਨ ਵਿਦੇਸ਼ੀ ਦਖਲਅੰਦਾਜ਼ੀ ਨਹੀਂ ਰੋਕ ਸਕੇਗਾ: ਐਂਟਨ ਬੋਏਗਮੈਨ

## ਨਵੇਂ ਕਮਿਸ਼ਨ ਦਾ ਕੰਮ ਸਿਰਫ਼ ਪਾਰਦਰਸ਼ਤਾ ਵਧਾਉਣਾ




**ਵੈਨਕੂਵਰ :** ਫੈਡਰਲ ਪਬਲਿਕ ਸੇਫਟੀ ਮੰਤਰੀ ਗੈਰੀ ਆਨੰਦਸੰਗਰੀ ਵੱਲੋਂ ਮੰਗਲਵਾਰ ਨੂੰ ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਅਤੇ ਜਵਾਬਦੇਹੀ ਕਾਨੂੰਨ ਅਤੇ ਇਸ ਨੂੰ ਚਲਾਉਣ ਵਾਲੇ ਨਿਯਮਾਂ ਦੇ ਲਾਗੂ ਹੋਣ ਦਾ ਐਲਾਨ ਕੀਤਾ ਗਿਆ ਹੈ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਵਿਦੇਸ਼ੀ ਪ੍ਰਭਾਵ ਵਾਲੀਆਂ ਗਤੀਵਿਧੀਆਂ ਦੀ ਇੱਕ ਜਨਤਕ ਰਜਿਸਟਰੀ ਰਸਮੀ ਤੌਰ ਉੱਤੇ ਸਥਾਪਤ ਹੋ ਗਈ ਹੈ। ਇਸ ਰਜਿਸਟਰੀ ਦੀ ਨਿਗਰਾਨੀ ਸੁਤੰਤਰ ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਕਮਿਸ਼ਨਰ ਐਂਟਨ ਬੋਗਮੈਨ ਵੱਲੋਂ ਕੀਤੀ ਜਾਵੇਗੀ। ਇਹ ਸਾਰੇ ਉਪਾਅ ਮਿਲ ਕੇ ਇੱਕ ਅਜਿਹੀ ਨਵੀਂ ਪ੍ਰਣਾਲੀ ਬਣਾਉਂਦੇ ਹਨ ਜੋ ਇਹ ਸਪੱਸ਼ਟ ਕਰਦੀ ਹੈ ਕਿ ਕਦੋਂ ਅਤੇ ਕਿਵੇਂ ਵਿਦੇਸ਼ੀ ਸੰਸਥਾਵਾਂ ਕੈਨੇਡੀਅਨਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਨਾਲ ਕੈਨੇਡਾ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਖੁਫੀਆ ਏਜੰਸੀਆਂ ਨੂੰ ਗੁਪਤ ਵਿਦੇਸ਼ੀ ਦਖਲਅੰਦਾਜ਼ੀ ਦੇ ਖਤਰੇ ਨਾਲ ਨਜਿੱਠਣ ਲਈ ਵਧੇਰੇ ਤਾਕਤ ਮਿਲੇਗੀ।

ਮੰਗਲਵਾਰ ਤੋਂ ਉਨ੍ਹਾਂ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਲਈ ਇਸ ਰਜਿਸਟਰੀ ਵਿੱਚ ਆਪਣਾ ਪ੍ਰਬੰਧ ਦਰਜ ਕਰਵਾਉਣਾ ਲਾਜ਼ਮੀ ਹੋ ਗਿਆ ਹੈ ਜਿਨ੍ਹਾਂ ਦਾ ਕਿਸੇ ਵਿਦੇਸ਼ੀ ਪ੍ਰਿੰਸੀਪਲ ਨਾਲ ਕੈਨੇਡੀਅਨ ਸਿਆਸੀ ਜਾਂ ਸਰਕਾਰੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੇ ਇਰਾਦੇ ਨਾਲ ਕੋਈ ਸਮਝੌਤਾ ਹੈ। ਇਨ੍ਹਾਂ ਗਤੀਵਿਧੀਆਂ ਨੂੰ ਇੱਕ ਜਨਤਕ ਤੌਰ ਉੱਤੇ ਪਹੁੰਚਯੋਗ ਰਜਿਸਟਰੀ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ ਜਿਸ ਨਾਲ ਕੈਨੇਡੀਅਨਾਂ ਨੂੰ ਵਿਦੇਸ਼ੀ ਪ੍ਰਭਾਵ ਦੀਆਂ ਗਤੀਵਿਧੀਆਂ ਬਾਰੇ ਵਧੇਰੇ ਪਾਰਦਰਸ਼ਤਾ ਮਿਲੇਗੀ। ਇਸ ਨਵੇਂ ਕਾਨੂੰਨ ਦੇ ਲਾਗੂ ਹੋਣ ਨਾਲ ਐਂਟਨ ਬੋਗਮੈਨ ਨੂੰ ਰਸਮੀ ਤੌਰ ਉੱਤੇ ਕੈਨੇਡਾ ਦੇ ਉਦਘਾਟਨੀ ਵਿਦੇਸ਼ੀ ਪ੍ਰਭਾਵ ਪਾਰਦਰਸ਼ਤਾ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਹ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਦੀ ਅਖੰਡਤਾ ਦੀ ਰੱਖਿਆ ਕਰਦੇ ਹੋਏ ਵਿਦੇਸ਼ੀ ਪ੍ਰਭਾਵ ਦੀਆਂ ਗਤੀਵਿਧੀਆਂ ਬਾਰੇ ਪਾਰਦਰਸ਼ਤਾ ਵਧਾਉਣ ਦੀਆਂ ਕੋਸ਼ਿਸ਼ਾਂ ਵਿੱਚ ਇੱਕ ਮੀਲ ਪੱਥਰ ਹੈ।

ਜ਼ਿਕਰਯੋਗ ਹੈ ਕਿ 20 ਜੂਨ 2024 ਨੂੰ ਕੈਨੇਡਾ ਨੇ ਬਿੱਲ ਸੀ-70 ਦੇ ਭਾਗ ਚਾਰ ਵਜੋਂ ਇਹ ਕਾਨੂੰਨ ਪੇਸ਼ ਕੀਤਾ ਸੀ। ਇਹ ਕਾਨੂੰਨ ਅਤੇ ਇਸਦੇ ਨਿਯਮ 4 ਅਗਸਤ 2026 ਤੋਂ ਲਾਗੂ ਹੋ ਗਏ ਹਨ। ਕਾਨੂੰਨ ਮੁਤਾਬਕ ਵਿਦੇਸ਼ੀ ਪ੍ਰਿੰਸੀਪਲ ਨਾਲ ਹੋਏ ਪ੍ਰਬੰਧਾਂ ਨੂੰ 14 ਦਿਨਾਂ ਦੇ ਅੰਦਰ ਰਜਿਸਟਰ ਕਰਨਾ ਲਾਜ਼ਮੀ ਹੈ। ਜੇਕਰ ਕੋਈ ਪ੍ਰਬੰਧ 4 ਅਗਸਤ 2026 ਤੋਂ ਪਹਿਲਾਂ ਮੌਜੂਦ ਸੀ, ਤਾਂ ਉਸਨੂੰ 3 ਅਕਤੂਬਰ 2026 ਤੱਕ ਰਜਿਸਟ੍ਰੇਸ਼ਨ ਜਮ੍ਹਾਂ ਕਰਵਾਉਣ ਦਾ ਸਮਾਂ ਦਿੱਤਾ ਗਿਆ ਹੈ। ਕਮਿਸ਼ਨਰ ਨਿਯਮਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਜਾਂਚ ਕਰ ਸਕਦਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਨੂੰ 250 ਡਾਲਰ ਤੋਂ ਲੈ ਕੇ 1 ਮਿਲੀਅਨ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

## ਹਾਈਵੇਅ 10 'ਤੇ ਬੱਚੇ ਦੀ ਜਾਨ ਬਚਾਉਣ ਵਾਲੇ ਮੋਤੀ ਜੌਹਲ ਨੂੰ ਸਰੀ ਪੁਲਿਸ ਵੱਲੋਂ ਕੀਤਾ ਗਿਆ ਸਨਮਾਨਿਤ

### ਤੇਜ਼ੀ ਨਾਲ ਆ ਰਹੇ ਟ੍ਰੈਫਿਕ ਵਿੱਚ ਛਾਲ ਮਾਰ ਕੇ ਬੋਲਣ ਅਤੇ ਸੁਣਨ ਤੋਂ ਅਸਮਰੱਥ ਆਟੀਜ਼ਮ ਪੀੜਤ ਬੱਚੇ ਨੂੰ ਸੁਰੱਖਿਅਤ ਬਚਾਇਆ, ਐਸਪੀਐਸ ਨੇ ਦੱਸਿਆ ਬਹਾਦਰੀ ਤੇ ਨਿਸ਼ਕਾਮ ਸੇਵਾ ਦੀ ਮਿਸਾਲ

**ਸਰੀ, ਬੀ.ਸੀ. –** ਸਰੀ ਪੁਲਿਸ ਸਰਵਿਸ (ਸ਼ਫਸ਼) ਨੇ ਪਿਛਲੇ ਮਹੀਨੇ ਇੱਕ ਨਿੱਕੇ ਬੱਚੇ ਦੀ ਜਾਨ ਬਚਾਉਣ ਵਾਲੇ ਮੋਤੀ ਜੌਹਲ ਨੂੰ ਉਸ ਦੀ ਅਸਾਧਾਰਣ ਬਹਾਦਰੀ ਅਤੇ ਦਲੇਰੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਹੈ।




ਐਸਪੀਐਸ ਮੁੱਖ ਦਫ਼ਤਰ ਵਿੱਚ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪੁਲਿਸ ਅਧਿਕਾਰੀਆਂ ਨੇ ਮੋਤੀ ਜੌਹਲ ਨੂੰ 23 ਜੁਲਾਈ ਨੂੰ ਕੀਤੇ ਗਏ ਉਸ ਦੇ ਬਹਾਦਰੀ ਭਰੇ ਕਾਰਨਾਮੇ ਲਈ ਸਨਮਾਨ ਦਿੱਤਾ। ਇਸ ਦਿਨ ਹਾਈਵੇਅ 10 ਨੇੜੇ ਇੱਕ ਬੋਲਣ ਅਤੇ ਸੁਣਨ ਤੋਂ ਅਸਮਰੱਥ (Deaf) ਅਤੇ ਆਟੀਜ਼ਮ ਤੋਂ ਪ੍ਰਭਾਵਿਤ ਨਿੱਕਾ ਬੱਚਾ ਅਚਾਨਕ ਸੜਕ 'ਤੇ ਦੌੜ ਗਿਆ ਸੀ।

ਸਰੀ ਪੁਲਿਸ ਸਰਵਿਸ ਅਨੁਸਾਰ, ਮੋਤੀ ਜੌਹਲ ਨੇ ਬਿਨਾਂ ਕਿਸੇ ਦੇਰ ਕੀਤੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਤੇਜ਼ੀ ਨਾਲ ਆ ਰਹੇ ਟ੍ਰੈਫਿਕ ਵਿੱਚ ਦੌੜ ਕੇ ਬੱਚੇ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਅਤੇ ਇੱਕ ਸੰਭਾਵਿਤ ਵੱਡੇ ਹਾਦਸੇ ਨੂੰ ਟਾਲ ਦਿੱਤਾ।

ਐਸਪੀਐਸ ਨੇ ਆਪਣੇ ਬਿਆਨ ਵਿੱਚ ਕਿਹਾ, "ਸਾਨੂੰ ਮੋਤੀ ਜੌਹਲ ਦਾ ਐਸਪੀਐਸ ਮੁੱਖ ਦਫ਼ਤਰ ਵਿੱਚ ਸਵਾਗਤ ਕਰਕੇ ਉਸ ਦੀ ਅਸਾਧਾਰਣ ਬਹਾਦਰੀ ਦਾ ਸਨਮਾਨ ਕਰਨ ਦਾ ਮਾਣ ਹੈ। ਮੋਤੀ ਨੇ ਬਿਨਾਂ ਕਿਸੇ ਝਿਜਕ ਦੇ ਤੁਰੰਤ ਮਦਦ ਲਈ ਦੌੜ ਲਗਾਈ, ਬੱਚੇ ਨੂੰ ਸੁਰੱਖਿਅਤ ਬਚਾਇਆ ਅਤੇ ਇੱਕ ਦੁਖਦਾਈ ਘਟਨਾ ਨੂੰ ਵਾਪਰਨ ਤੋਂ ਰੋਕ ਦਿੱਤਾ।"

ਸਰੀ ਪੁਲਿਸ ਨੇ ਮੋਤੀ ਜੌਹਲ ਦੀ ਹਿੰਮਤ, ਤੁਰੰਤ ਫ਼ੈਸਲਾ ਲੈਣ ਦੀ ਸਮਰੱਥਾ ਅਤੇ ਸੰਕਟ ਦੀ ਘੜੀ ਵਿੱਚ ਮਦਦ ਲਈ ਅੱਗੇ ਆਉਣ ਦੀ ਭਾਵਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਸ ਦੀ ਕਾਰਵਾਈ ਨਿਸ਼ਕਾਮ ਸੇਵਾ ਅਤੇ ਭਾਈਚਾਰਕ ਜ਼ਿੰਮੇਵਾਰੀ ਦੀ ਸ਼ਾਨਦਾਰ ਮਿਸਾਲ ਹੈ।

ਪੁਲਿਸ ਨੇ ਕਿਹਾ ਕਿ ਇਹ ਸਨਮਾਨ ਇਸ ਗੱਲ ਨੂੰ ਵੀ ਦਰਸਾਉਂਦਾ ਹੈ ਕਿ ਐਮਰਜੈਂਸੀ ਸਥਿਤੀਆਂ ਵਿੱਚ ਆਮ ਨਾਗਰਿਕਾਂ ਵੱਲੋਂ ਦਿਖਾਈ ਗਈ ਹਿੰਮਤ ਅਤੇ ਜਾਗਰੂਕਤਾ ਕਈ ਵਾਰ ਕੀਮਤੀ ਜਾਨਾਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

## ਬੱਚੇ ਦੀ ਜਾਨ ਬਚਾਉਣ ਵਾਲੇ ਮੋਤੀ ਜੌਹਲ ਦਾ MLA ਮਨਦੀਪ ਸਿੰਘ ਧਾਲੀਵਾਲ ਵੱਲੋਂ ਸਨਮਾਨ



**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** MLA ਮਨਦੀਪ ਸਿੰਘ ਧਾਲੀਵਾਲ ਨੇ ਮੋਤੀ ਜੌਹਲ ਦੀ ਇਸ ਅਸਾਧਾਰਣ ਬਹਾਦਰੀ ਨੂੰ ਸਲਾਮ ਕਰਦਿਆਂ ਕਿਹਾ ਕਿ ਅਜਿਹੇ ਪਲ ਸਾਨੂੰ ਯਾਦ ਕਰਵਾਉਂਦੇ ਹਨ ਕਿ ਕਿਸੇ ਵਿਅਕਤੀ ਦਾ ਅਸਲ ਕਿਰਦਾਰ ਉਸ ਦੀਆਂ ਗੱਲਾਂ ਨਾਲ ਨਹੀਂ, ਸਗੋਂ ਉਨ੍ਹਾਂ ਫ਼ੈਸਲਿਆਂ ਨਾਲ ਸਾਹਮਣੇ ਆਉਂਦਾ ਹੈ ਜੋ ਉਹ ਉਸ ਸਮੇਂ ਲੈਂਦਾ ਹੈ ਜਦੋਂ ਹਰ ਸਕਿੰਟ ਕੀਮਤੀ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਮੋਤੀ ਜੌਹਲ ਵਰਗੇ ਲੋਕ ਹੀ ਸਾਡੇ ਭਾਈਚਾਰਿਆਂ ਨੂੰ ਮਜ਼ਬੂਤ ਬਣਾਉਂਦੇ ਹਨ। ਸੰਕਟ ਦੀ ਘੜੀ ਵਿੱਚ ਅੱਗੇ ਵਧ ਕੇ ਦੂਜੇ ਦੀ ਮਦਦ ਕਰਨ ਦੀ ਉਨ੍ਹਾਂ ਦੀ ਹਿੰਮਤ ਅਤੇ ਮਨੁੱਖਤਾ ਸਾਡੇ ਸਾਰਿਆਂ ਲਈ ਇੱਕ ਮਿਸਾਲ ਹੈ।

ਮੋਤੀ ਜੌਹਲ ਦੀ ਇਸ ਬਹਾਦਰੀ ਅਤੇ ਮਨੁੱਖੀ ਜਜ਼ਬੇ ਲਈ MLA ਮਨਦੀਪ ਸਿੰਘ ਧਾਲੀਵਾਲ ਦੇ ਦਫ਼ਤਰ ਵਿਖੇ ਉਨ੍ਹਾਂ ਨੂੰ ਸਨਮਾਨਿਤ ਕਰਨਾ ਭਾਈਚਾਰੇ ਵੱਲੋਂ ਉਨ੍ਹਾਂ ਦੀ ਹਿੰਮਤ ਨੂੰ ਮਾਨਤਾ ਦੇਣ ਦਾ ਇੱਕ ਮਹੱਤਵਪੂਰਨ ਉਪਰਾਲਾ ਰਿਹਾ।

# ਵੈਨਕੂਵਰ ਦਾ ਪੰਜਾਬੀ ਮੇਲਾ 2026 ਧੂਮ ਧੜੱਕੇ ਨਾਲ ਮਨਾਇਆ

## ਵਿਜੇ ਯਮਲਾ, ਸੁਰਮਨੀ, ਮਲਿਕਾ-ਜੋਤੀ ਤੇ ਦਿਲਰਾਜ-ਨੀਲਮ ਸਮੇਤ ਕਈ ਕਲਾਕਾਰਾਂ ਨੇ ਬੰਨੇ ਰੰਗ



**ਵੈਨਕੂਵਰ ( ਜੁਗਿੰਦਰ ਸਿੰਘ ਸੁੰਨੜ)-**ਕੈਨੇਡਾ ਦੀ ਧਰਤੀ ਤੇ ਜੁਲਾਈ -ਅਗਸਤ ਵਿਚ ਪੰਜਾਬੀ ਮੇਲਿਆਂ ਦੀ ਭਰਮਾਰ ਹੁੰਦੀ ਹੈ। ਇਹ ਮੇਲੇ ਲੋਅਰ ਮੇਨਲੈਂਡ ਦੇ ਵੱਖਰੇ-ਵੱਖਰੇ ਸ਼ਹਿਰਾਂ ਵਿਚ ਲਗਾਏ ਜਾਂਦੇ ਹਨ। ਵੈਨਕੂਵਰ ਦਾ ਪੰਜਾਬੀ ਮੇਲਾ ਪਿਛਲੇ ਕਈ ਸਾਲਾਂ ਤੋਂ ਜੁਲਾਈ-ਅਗਸਤ ਮਹੀਨੇ ਵਿਚ ਲਗਾਇਆ ਜਾਂਦਾ ਹੈ। ਇਸ ਵਿਚ ਪੰਜਾਬ ਤੋਂ ਨਾਮਵਰ ਗਾਇਕ ਅਤੇ ਕਲਾਕਾਰਾਂ ਨੂੰ ਸੱਦਕੇ ਮੇਲਾ ਪ੍ਰੇਮੀਆਂ ਦੇ ਰੂਬਰੂ ਕਰਵਾਇਆ ਜਾਂਦਾ ਹੈ। ਇਸ 2 ਅਗਸਤ ਨੂੰ ਵੈਨਕੂਵਰ ਪੰਜਾਬੀ ਮੇਲਾ ਐਸੋਸੀਏਸ਼ਨ ਵਲੋਂ ਹਰ ਸਾਲ ਦੀ ਤਰਾਂ ਮੋਬਰਲੀ ਪਾਰਕ ਤੇ ਰੌਸ ਸਟਰੀਟ ਉਪਰ ਕਰਵਾਇਆ ਗਿਆ। ਇਸ ਵਿਚ ਪੰਜਾਬ ਤੋਂ ਪੁੱਜੇ ਉਘੇ ਕਲਾਕਾਰਾਂ ਨੇ ਦਰਸ਼ਕਾਂ-ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਮੇਲੇ ਦੀ ਸ਼ੁਰੂਆਤ ਸਵਰਗੀ ਲਾਲ ਚੰਦ ਯਮਲਾ ਜੱਟ ਦੇ ਪੋਤਰੇ ਵਿਜੇ ਯਮਲਾ ਨੇ ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ ਨਾਲ ਕਰਦਿਆਂ ਦਰਸ਼ਕਾਂ ਦਾ ਮਨ ਮੋਹ ਲਿਆ। ਉਸਨੇ ਯਮਲਾ ਜੱਟ ਦੇ ਸਾਰੇ ਹਰਮਨਪਿਆਰੇ ਗੀਤ ਗਾਕੇ ਸਰੋਤਿਆਂ ਦੀ ਵਾਹਵਾ ਖੱਟੀ। ਉਸਤੋਂ ਬਾਦ ਗਾਇਕਾ ਸੁਰਮਨੀ ਨੇ ਬੀਬੀਆਂ ਨੂੰ ਡਾਂਸ ਫਲੋਰ ਤੇ ਨੱਚਣ ਲਈ ਮਜਬੂਰ ਕਰ ਦਿੱਤਾ। ਗਾਇਕਾ ਭੈਣਾ ਮਲਿਕਾ-ਜੋਤੀ ਨੇ ਸਟੇਜ ਤੇ ਅਜਿਹਾ ਰੰਗ ਬੰਨਿਆਂ ਕਿ ਸਰੋਤਿਆਂ ਨੇ ਡਾਲਰਾਂ ਦੀ ਝੜੀ ਲਗਾ ਦਿੱਤੀ। ਉਹਨਾਂ ਵਲੋਂ ਗਾਏ ਗੀਤ- ਮੁੰਡਾ ਮੰਗਦਾ ਬਦਾਮਾਂ ਵਾਲੀ ਖੀਰ ਕੁੜੀਓ ਦੇ ਨਾਲ ਕਈ ਹੋਰ ਗੀਤਾਂ ਦੀ ਛਹਿਬਰ ਲਗਾ ਛੱਡੀ। ਦੋਗਾਣਾ ਜੋੜੀ ਦਿਲਰਾਜ ਤੇ ਨੀਲਮ ਨੇ ਪੇਂਡੂ ਸਭਿਆਚਾਰ ਨਾਲ ਸਬੰਧਿਤ ਆਪਣੇ ਹਿੱਟ ਗੀਤ ਗਾਕੇ ਮੇਲਾ ਲੁੱਟ ਲਿਆ। ਹੋਰ ਗਾਇਕਾਂ ਨੇ ਵੀ ਆਪਣੀ ਆਪਣੀ ਵਧੀਆ ਹਾਜ਼ਰੀ ਲਗਵਾਈ ਤੇ ਮੇਲੇ ਨੂੰ ਯਾਦਗਾਰੀ ਬਣਾ ਛੱਡਿਆ। ਪ੍ਰਬੰਧਕਾਂ ਵਿਚ ਕਸ਼ਮੀਰ ਸਿੰਘ ਧਾਲੀਵਾਲ, ਗੋਪਾਲ ਲੋਹੀਆ, ਰਾਣਾ ਗਿੱਲ, ਭੋਲਾ ਸੰਧੂ, ਸੁਰਿੰਦਰ ਰੰਗਾ ਤੇ ਸਾਰੀ ਪ੍ਰਬੰਧਕੀ ਕਮੇਟੀ ਨੇ ਮੇਲੇ ਨੂੰ ਕਾਮਯਾਬ ਕਰਨ ਲਈ ਕੋਈ ਕਸਰ ਨਾ ਛੱਡੀ। ਸਪਾਂਸਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸੀਕਿਉਰਿਟੀ ਦਾ ਬਹੁਤ ਵਧੀਆਂ ਪ੍ਰਬੰਧ ਸੀ। ਪ੍ਰਬੰਧਕਾਂ ਵਲੋਂ ਗਾਇਕ ਕਲਾਕਾਰਾਂ ਤੇ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਐਮ ਐਲ ਏ ਸੁਨੀਤਾ ਧੀਰ, ਰੇਡੀਓ ਸਵਿਫਟ ਦੇ ਪ੍ਰੈਜੀਡੈਂਟ ਕੁਲਵੰਤ ਢੇਸੀ, ਜਿੰਨੀ ਸਿਮਸ, ਡਾ ਜਸਵੀਰ ਰੋਮਾਣਾ, ਪਰਮਜੀਤ ਸਿੰਘ ਤੋਂ ਇਲਾਵਾ ਸ਼ੇਰੇ ਪੰਜਾਬ ਰੇਡੀਓ ਦੇ ਸੀਈਓ ਗੁਰਦਿਆਲ ਸਿੰਘ ਬਾਧ, ਰਛਪਾਲ ਗਿੱਲ ਨੇ ਮੇਲੇ ਵਿਚ ਪੁੱਜੇ ਲੋਕਾਂ ਅਤੇ ਪ੍ਰਬੰਧਕਾਂ ਨੂੰ ਵਧਾਈਆਂ ਦਿੱਤੀਆਂ। ਮੇਲੇ ਵਿਚ ਪੁੱਜੀਆਂ ਹੋਰ ਸ਼ਖਸੀਅਤਾਂ ਵਿਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਰਣਜੀਤ ਸਿੰਘ ਹੇਅਰ, ਉਘੇ ਬਿਜਨਸਮੈਨ ਬਰਜ ਢਾਹਾਂ, ਸਰੂਪ ਮਾਨ, ਜਰਨੈਲ ਸਿੰਘ ਭੰਡਾਲ, ਸੁਖਵਿੰਦਰਪਾਲ ਸਿੰਘ ਚੇਅਰਪਰਸਨ ਲਿਬਰਲ ਰਾਈਡਿੰਗ ਵੈਨਕੂਵਰ - ਫੇਰਜਰਵਿਊ, ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੇ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ, ਗੁਰਦੇਵ ਸਿੰਘ ਆਲਮਵਾਲਾ, ਅਮਰ ਸਿੰਘ ਧਾਲੀਵਾਲ, ਬਲਵੀਰ ਸਿੰਘ ਬੈਂਸ, ਹਰਨੇਕ ਸੰਧੂ, ਸੁਰਿੰਦਰ ਸਿੰਘ ਸੰਧੂ, ਜਗਦੀਪ ਸਿੰਘ ਸੰਘੇੜਾ, ਪਰਮਜੀਤ ਲਾਖਾ, ਗੁਰਵਿੰਦਰ ਸਿੰਘ ਬੋਪਾਰਾਏ, ਡਾ ਹਰਜਿੰਦਰ ਜੱਸਲ, ਕੁਲਦੀਪ ਸਿੰਘ ਜਗਪਾਲ ਤੇ ਹੋਰ ਹਾਜ਼ਰ ਸਨ।

# ਨੰਨੇ ਗੁਰਮੋਹ ਦੇ ਇਲਾਜ ਲਈ ਪ੍ਰਧਾਨ ਮੰਤਰੀ ਤੱਕ ਬੇਨਤੀ ਪੱਤਰ ਪਹੁੰਚਾਉਣ ਵਾਸਤੇ "ਜਰਨੀ ਆਫ ਹੋਪ" ਦੀ ਸ਼ੁਰੂਆਤ

## ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਿਖੇ ਵਿਸ਼ੇਸ਼ ਇਕੱਤਰਤਾ, ਵੱਧ ਤੋਂ ਵੱਧ ਸਹਿਯੋਗ ਦੀ ਅਪੀਲ






**ਐਬਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ) –** ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਨੰਨੇ ਬੱਚੇ ਗੁਰਮੋਹ ਦੇ ਇਲਾਜ ਅਤੇ ਇਸ ਬਿਮਾਰੀ ਸਬੰਧੀ ਖੋਜ ਲਈ ਫੰਡ ਇਕੱਤਰ ਕਰਨ ਦੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਤੱਕ ਬੇਨਤੀ ਪੱਤਰ ਪਹੁੰਚਾਉਣ ਲਈ "ਜਰਨੀ ਆਫ ਹੋਪ" ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਮੁਹਿੰਮ ਕੈਨੇਡਾ ਪਲੇਸ ਤੋਂ ਸ਼ੁਰੂ ਹੋ ਕੇ ਓਟਵਾ ਸਥਿਤ ਪਾਰਲੀਮੈਂਟ ਹਿੱਲ ਤੱਕ ਜਾਵੇਗੀ।

ਇਸ ਮੁਹਿੰਮ ਦੇ ਪਹਿਲੇ ਪੜਾਅ ਤਹਿਤ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਿਖੇ ਇੱਕ ਵਿਸ਼ੇਸ਼ ਇਕੱਤਰਤਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਲਿਬਰਲ ਸੰਸਦ ਮੈਂਬਰ ਸੁਖ ਧਾਲੀਵਾਲ ਅਤੇ ਗੁਰਬਖਸ਼ ਸਿੰਘ ਸੈਣੀ, ਕੰਜ਼ਰਵੇਟਿਵ ਸੰਸਦ ਮੈਂਬਰ ਸੁਖਮਨ ਗਿੱਲ, ਵਿਧਾਇਕ ਬਰੂਸ ਬੈਨਮੈਨ, ਉੱਘੇ ਟੀਵੀ ਹੋਸਟ ਪਰਮਵੀਰ ਬਾਠ, ਦਵਿੰਦਰ ਬੈਨੀਪਾਲ, ਜੋਗਰਾਜ ਕਾਹਲੋਂ, ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ, ਮੀਤ ਪ੍ਰਧਾਨ ਜਗਦੇਵ ਸਿੰਘ ਮੱਖਣ, ਸਕੱਤਰ ਲਖਵਿੰਦਰ ਸਿੰਘ ਬਰਾੜ, ਸੋਹਣ ਸਿੰਘ ਪੰਧੇਰ ਅਤੇ ਹੋਰ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਬੁਲਾਰਿਆਂ ਨੇ ਗੁਰਮੋਹ ਦੇ ਇਲਾਜ ਅਤੇ ਖੋਜ ਕਾਰਜ ਲਈ ਵੱਧ ਤੋਂ ਵੱਧ ਫੰਡ ਇਕੱਤਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਆਸ ਪ੍ਰਗਟਾਈ ਕਿ ਬੀ.ਸੀ. ਤੋਂ ਸ਼ੁਰੂ ਹੋਈ ਇਹ "ਜਰਨੀ ਆਫ ਹੋਪ" ਓਟਵਾ ਤੱਕ ਪਹੁੰਚਦਿਆਂ ਦੇਸ਼ ਭਰ ਦੇ ਲੋਕਾਂ ਦਾ ਭਰਪੂਰ ਸਮਰਥਨ ਹਾਸਲ ਕਰੇਗੀ। ਉਨ੍ਹਾਂ ਨੇ ਲੋਕਾਂ ਨੂੰ ਬੇਨਤੀ ਪੱਤਰ 'ਤੇ ਦਸਤਖ਼ਤ ਕਰਕੇ ਅਤੇ ਇਸ ਮੁਹਿੰਮ ਨਾਲ ਜੁੜ ਕੇ ਆਪਣਾ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।

ਸਮਾਗਮ ਦੇ ਅੰਤ ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ ਅਤੇ ਗੁਰਮੋਹ ਦੇ ਪਿਤਾ ਸਟਾਲਨ ਗਿੱਲ ਨੇ ਸਮਾਗਮ ਵਿੱਚ ਸ਼ਾਮਲ ਹੋਈਆਂ ਸਮੂਹ ਸ਼ਖਸੀਅਤਾਂ ਅਤੇ ਮੁਹਿੰਮ ਨੂੰ ਸਹਿਯੋਗ ਦੇਣ ਵਾਲੇ ਸਾਰੇ ਲੋਕਾਂ ਦਾ ਧੰਨਵਾਦ ਪ੍ਰਗਟਾਇਆ।

GOOD DEAL MOTORS
A NAME YOU CAN TRUST
WWW.GOODDEALMOTORS.CA
We Sell, Buy and Trade all kinds of
USED CARS, VANS, SUV'S, PICK-UPS
SCAN ME
SONY JHAWAR
Cell: 778-708-3479
Ph.: 778-668-6000
#1-12372-82A, Surrey BC V3W 0L6
gooddealmotors2@gmail.com

New Parmar
RESTAURANT & CATERING
2 LOCATIONS TO SERVE YOU
South Surrey (Border)
101,102 and 103-392 175A street
(604) 560-4009
DINE IN / TAKE OUT
OPEN EVERYDAY 10 AM TO 10 PM
SPECIAL DEAL TRUCK TIFFIN
DoorDash Uber Eats SKIP
Anything Extra wil be Charged Extra.
No Refund or Change

CONSERVATIVE SURREY
BAJWA RICKY (NAVDEEP)
COUNCILLOR CANDIDATE (SURREY)
(604) 306-5266
Authorized by David Denhoff
info@conservativesassociation.ca

G STAR Interiors
TILES ਟਾਇਲਾਂ
604-373-0009
2098 CARPENTER ST.
ABBOTSFORD, BC

2025
EMERALD MASTER
14 Yr. Medallion Member
MLS® TOP 1%
FRASER VALLEY REAL ESTATE BOARD
MEMBER OF M.L.S. MEDALLION CLUB
TONY BAL M.Sc., Agronomy
Personal Real Estate Corporation
Cell: 604-716-4781 | Bus: 604-596-1800
Email: baltony1@yahoo.ca
Website: www.tonybalrealtor.com
ROYAL LEPAGE GLOBAL FORCE REALTY
#306 - 15300 54A Avenue, Surrey, BC V3S 8R7

# ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਸਰੀ 'ਚ ਵਿਸ਼ਾਲ ਨਗਰ ਕੀਰਤਨ ਸਜਿਆ

## ਹਜ਼ਾਰਾਂ ਸੰਗਤਾਂ ਦੀ ਸ਼ਰਧਾਪੂਰਵਕ ਸ਼ਮੂਲੀਅਤ



**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ):** ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਅੱਜ ਸਰੀ-ਡੈਲਟਾ ਦੇ ਸਕਾਟ ਰੋਡ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਤੋਂ ਪੂਰੀ ਸ਼ਰਧਾ ਅਤੇ ਧਾਰਮਿਕ ਉਤਸ਼ਾਹ ਨਾਲ ਸਜਾਇਆ ਗਿਆ। ਇਸ ਮਹਾਨ ਧਾਰਮਿਕ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਦਿਆਂ ਗੁਰੂ ਸਾਹਿਬ ਪ੍ਰਤੀ ਆਪਣੀ ਅਟੁੱਟ ਸ਼ਰਧਾ ਦਾ ਪ੍ਰਗਟਾਵਾ ਕੀਤਾ। ਖਰਾਬ ਮੌਸਮ ਕਾਰਨ ਨਗਰ ਕੀਰਤਨ ਨਿਰਧਾਰਤ ਸਮੇਂ ਨਾਲੋਂ ਕੁਝ ਦੇਰ ਬਾਅਦ ਆਰੰਭ ਹੋਇਆ। ਸਭ ਤੋਂ ਪਹਿਲਾਂ ਅਰਦਾਸੀਏ ਸਿੰਘ ਵੱਲੋਂ ਅਰਦਾਸ ਕੀਤੀ ਗਈ, ਜਿਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ-ਛਾਇਆ ਹੇਠ ਨਗਰ ਕੀਰਤਨ ਤਕਰੀਬਨ ਸਵੇਰੇ 11 ਵਜੇ ਗੁਰੂ ਘਰ ਤੋਂ ਰਵਾਨਾ ਹੋਇਆ। ਨਗਰ ਕੀਰਤਨ ਨਿਰਧਾਰਤ ਰੂਟਾਂ ਤੋਂ ਹੁੰਦਾ ਹੋਇਆ ਸ਼ਾਮ ਵੇਲੇ ਮੁੜ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।

ਨਗਰ ਕੀਰਤਨ ਦੌਰਾਨ ਕੇਸਰੀ ਅਤੇ ਨੀਲੀਆਂ ਦਸਤਾਰਾਂ ਤੇ ਦੁਪੱਟਿਆਂ ਨਾਲ ਸਜੀਆਂ ਸੰਗਤਾਂ ਨੇ ਸਮੁੱਚੇ ਮਾਹੌਲ ਨੂੰ ਖਾਲਸਾਈ ਰੰਗ ਵਿੱਚ ਰੰਗ ਦਿੱਤਾ। ਰਸਤੇ ਭਰ ਸੰਗਤਾਂ ਵੱਲੋਂ ਗੁਰਬਾਣੀ ਦਾ ਜਾਪ ਕਰਦਿਆਂ ਅਤੇ ਸਤਿਨਾਮ-ਵਾਹਿਗੁਰੂ ਦਾ ਸਿਮਰਨ ਕਰਦਿਆਂ ਸ਼ਰਧਾ ਦਾ ਅਦਭੁੱਤ ਨਜ਼ਾਰਾ ਪੇਸ਼ ਕੀਤਾ ਗਿਆ।

ਵੱਖ-ਵੱਖ ਕਾਰੋਬਾਰੀ ਅਦਾਰਿਆਂ, ਸਮਾਜਿਕ ਸੰਸਥਾਵਾਂ ਅਤੇ ਸਥਾਨਕ ਸਿੱਖ ਸੰਗਤਾਂ ਵੱਲੋਂ ਰਸਤੇ ਵਿੱਚ ਕਈ ਥਾਵਾਂ 'ਤੇ ਚਾਹ-ਪਾਣੀ, ਠੰਢੇ ਪੇਅ ਅਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ, ਜਿਨ੍ਹਾਂ ਦੀ ਸੰਗਤਾਂ ਵੱਲੋਂ ਭਰਪੂਰ ਪ੍ਰਸ਼ੰਸਾ ਕੀਤੀ ਗਈ। ਗੁਰਦੁਆਰਾ ਸਾਹਿਬ ਦੀ ਖੁੱਲ੍ਹੀ ਗਰਾਊਂਡ ਵਿੱਚ ਲਗਾਏ ਗਏ ਟੈਂਟਾਂ ਵਿੱਚ ਵੀ ਸੰਗਤਾਂ ਲਈ ਵਿਸ਼ਾਲ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ, ਜਿੱਥੇ ਦਿਨ ਭਰ ਵੱਡੀ ਗਿਣਤੀ ਵਿੱਚ ਲੋਕਾਂ ਨੇ ਗੁਰੂ ਦਾ ਲੰਗਰ ਛਕਿਆ।

ਨਗਰ ਕੀਰਤਨ ਵਿੱਚ ਵੱਖ-ਵੱਖ ਕੀਰਤਨੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਗੁਰਬਾਣੀ ਕੀਰਤਨ ਅਤੇ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਸਕੂਲੀ ਬੱਚਿਆਂ ਵੱਲੋਂ ਕੀਤੀਆਂ ਗਈਆਂ ਧਾਰਮਿਕ ਪੇਸ਼ਕਾਰੀਆਂ ਨੇ ਵੀ ਸੰਗਤਾਂ ਦਾ ਮਨ ਮੋਹ ਲਿਆ।

ਇਸ ਦੌਰਾਨ ਵੱਖ-ਵੱਖ ਗਤਕਾ ਜਥਿਆਂ ਨੇ ਸਿੱਖ ਮਾਰਸ਼ਲ ਆਰਟ ਗਤਕੇ ਦੇ ਸ਼ਾਨਦਾਰ ਜੌਹਰ ਵਿਖਾ ਕੇ ਸੰਗਤਾਂ ਤੋਂ ਭਰਪੂਰ ਵਾਹ-ਵਾਹ ਖੱਟੀ। ਨਗਰ ਕੀਰਤਨ ਦੌਰਾਨ ਸੁਰੱਖਿਆ ਅਤੇ ਆਵਾਜਾਈ ਦੇ ਸੁਚਾਰੂ ਪ੍ਰਬੰਧ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿਟੀ ਪ੍ਰਸ਼ਾਸਨ ਵੱਲੋਂ ਕੀਤੇ ਗਏ ਸਾਂਝੇ ਉਪਰਾਲੇ ਵੀ ਸ਼ਲਾਘਾਯੋਗ ਰਹੇ।

ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕਾਂ ਨੇ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਸੇਵਾਦਾਰਾਂ, ਸੰਗਤਾਂ, ਲੰਗਰ ਸੇਵਾਦਾਰਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਸਦਾ ਬਣੀਆਂ ਰਹਿਣ ਦੀ ਅਰਦਾਸ ਕੀਤੀ।

# ਮੇਅਰ ਬਰੈਂਡਾ ਲੌਕ ਤੇ ਐਮ ਪੀ ਸੁੱਖ ਧਾਲੀਵਾਲ ਨੇ ਟੈਮੇਨਾਵਿਸ ਪਾਰਕ ਨੂੰ ਕੈਨੇਡਾ ਦੇ ਪਹਿਲੇ ਤਿੰਨ ਪਾਣੀ-ਅਧਾਰਿਤ ਫੀਲਡ ਹਾਕੀ ਕੰਪਲੈਕਸ ਵਜੋਂ ਸਮਰਪਿਤ ਕੀਤਾ

## 8.2 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਖਿਡਾਰੀਆਂ ਨੂੰ ਮਿਲਣਗੀਆਂ ਵਿਸ਼ਵ-ਪੱਧਰੀ ਸਹੂਲਤਾਂ, ਕੌਮੀ ਤੇ ਕੌਮਾਂਤਰੀ ਟੂਰਨਾਮੈਂਟਾਂ ਦੀ ਮੇਜ਼ਬਾਨੀ ਹੋਵੇਗੀ ਹੋਰ ਮਜ਼ਬੂਤ



**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) –** ਸਰੀ ਦੇ ਟੈਮੇਨਾਵਿਸ ਪਾਰਕ ਨੇ ਦੇਸ਼ ਦੇ ਖੇਡ ਨਕਸ਼ੇ 'ਤੇ ਇੱਕ ਨਵੀਂ ਉਪਲਬਧੀ ਦਰਜ ਕਰ ਲਈ ਹੈ। ਸਿਟੀ ਆਫ਼ ਸਰੀ ਨੇ ਟੈਮੇਨਾਵਿਸ ਪਾਰਕ ਵਿੱਚ ਤੀਜੇ ਪਾਣੀ-ਅਧਾਰਿਤ ਸਿੰਥੈਟਿਕ ਟਰਫ਼ ਫੀਲਡ ਦੇ ਨਿਰਮਾਣ ਨੂੰ ਮੁਕੰਮਲ ਕਰਕੇ ਇਸ ਨੂੰ ਕੈਨੇਡਾ ਦਾ ਪਹਿਲਾ ਅਤੇ ਇਕੱਲਾ ਫੀਲਡ ਹਾਕੀ ਕੰਪਲੈਕਸ ਬਣਾ ਦਿੱਤਾ ਹੈ, ਜਿੱਥੇ ਉੱਚ ਪੱਧਰੀ ਮੁਕਾਬਲਿਆਂ ਲਈ ਤਿੰਨ ਵਿਸ਼ਵ-ਪੱਧਰੀ ਪਾਣੀ-ਅਧਾਰਿਤ ਮੈਦਾਨ ਉਪਲਬਧ ਹਨ।

ਮੇਅਰ ਬਰੈਂਡਾ ਲੌਕ ਨੇ ਇਸ ਮੌਕੇ ਕਿਹਾ ਕਿ ਸਰੀ ਫੀਲਡ ਹਾਕੀ ਦਾ ਰਾਸ਼ਟਰੀ ਕੇਂਦਰ ਬਣਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਪਹਿਲਾਂ ਹੀ ਫੀਲਡ ਹਾਕੀ ਕੈਨੇਡਾ ਦੀ 2026 ਅੰਡਰ-18 ਨੈਸ਼ਨਲ ਚੈਂਪੀਅਨਸ਼ਿਪ ਸਮੇਤ ਕਈ ਵੱਡੇ ਟੂਰਨਾਮੈਂਟਾਂ ਦੀ ਸਫਲ ਮੇਜ਼ਬਾਨੀ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਖੇਡ ਸਹੂਲਤਾਂ ਵਿੱਚ ਨਿਵੇਸ਼ ਕਰਕੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ, ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਅਤੇ ਖੇਡਾਂ ਵਿੱਚ ਅੱਗੇ ਵਧਣ ਦੇ ਵਧੇਰੇ ਮੌਕੇ ਪ੍ਰਾਪਤ ਹੋਣਗੇ।

ਉੱਚ ਪੱਧਰੀ ਫੀਲਡ ਹਾਕੀ ਮੁਕਾਬਲਿਆਂ ਲਈ ਵਰਤੀ ਜਾਣ ਵਾਲੀ ਪਾਣੀ-ਅਧਾਰਿਤ ਟਰਫ਼ ਛੋਟੀ ਅਤੇ ਸੰਘਣੀ ਨਕਲੀ ਘਾਹ ਨਾਲ ਤਿਆਰ ਕੀਤੀ ਜਾਂਦੀ ਹੈ, ਜਿਸ ਉੱਤੇ ਨਿਰੰਤਰ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ ਤਾਂ ਜੋ ਖਿਡਾਰੀਆਂ ਨੂੰ ਤੇਜ਼ ਅਤੇ ਸਮਤਲ ਸਤ੍ਹਾ ਮਿਲ ਸਕੇ। ਇਸ ਨਵੇਂ ਮੈਦਾਨ ਦੀ ਉਸਾਰੀ 'ਤੇ 4.94 ਮਿਲੀਅਨ ਡਾਲਰ ਦੀ ਲਾਗਤ ਆਈ ਹੈ। ਇਸ ਲਈ ਫੰਡ ਸਿਟੀ ਦੇ ਪਾਰਕਸ, ਰਿਕ੍ਰੀਏਸ਼ਨ ਐਂਡ ਕਲਚਰ ਵਿਭਾਗ, ਸੂਬਾਈ ਗੇਮਿੰਗ ਆਮਦਨ ਅਤੇ ਕੈਨੇਡਾ ਕਮਿਊਨਿਟੀ-ਬਿਲਡਿੰਗ ਫੰਡ ਰਾਹੀਂ ਮੁਹੱਈਆ ਕਰਵਾਏ ਗਏ।

ਸਰੀ ਨਿਊਟਨ ਤੋਂ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਕਿਹਾ ਕਿ ਫੈਡਰਲ ਸਰਕਾਰ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਖੇਡ ਅਤੇ ਮਨੋਰੰਜਨ ਸਹੂਲਤਾਂ ਵਿੱਚ ਨਿਵੇਸ਼ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਟੈਮੇਨਾਵਿਸ ਪਾਰਕ ਕਮਿਊਨਿਟੀ ਲਈ ਸਰਗਰਮ ਰਹਿਣ, ਖੇਡਣ ਅਤੇ ਆਪਸੀ ਸਾਂਝ ਮਜ਼ਬੂਤ ਕਰਨ ਦਾ ਮਹੱਤਵਪੂਰਨ ਕੇਂਦਰ ਬਣੇਗਾ।

ਪਾਰਕਸ, ਰਿਕ੍ਰੀਏਸ਼ਨ ਅਤੇ ਸਪੋਰਟ ਟੂਰਿਜ਼ਮ ਕਮੇਟੀ ਦੇ ਚੇਅਰ ਕੌਂਸਲਰ ਗੋਰਡਨ ਹੈਪਨਰ ਨੇ ਕਿਹਾ ਕਿ ਇਹ ਪ੍ਰੋਜੈਕਟ ਸਰੀ ਦੀ ਸਪੋਰਟ ਟੂਰਿਜ਼ਮ ਰਣਨੀਤੀ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਉਨ੍ਹਾਂ ਮੁਤਾਬਕ ਇਹ ਸਹੂਲਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਨੂੰ ਆਕਰਸ਼ਿਤ ਕਰਨ ਦੇ ਨਾਲ-ਨਾਲ ਸਥਾਨਕ ਆਰਥਿਕਤਾ ਨੂੰ ਵੀ ਹੁਲਾਰਾ ਦੇਵੇਗੀ।

ਨਿਊਟਨ ਵਿੱਚ ਸਥਿਤ 19.5 ਏਕੜ ਰਕਬੇ ਵਾਲੇ ਟੈਮੇਨਾਵਿਸ ਪਾਰਕ ਵਿੱਚ ਪਹਿਲਾਂ ਹੀ ਬੇਸਬਾਲ ਡਾਇਮੰਡ, ਖੇਡ ਕੋਰਟਾਂ, ਪਿਕਨਿਕ ਸ਼ੈਲਟਰ ਅਤੇ ਸਰਪੈਂਟਾਈਨ ਗ੍ਰੀਨਵੇਅ ਨਾਲ ਜੁੜੇ ਵਾਕਿੰਗ ਟਰੇਲ ਮੌਜੂਦ ਹਨ। ਹੁਣ ਪਾਰਕ ਵਿੱਚ 3.26 ਮਿਲੀਅਨ ਡਾਲਰ ਦੀ ਲਾਗਤ ਨਾਲ ਨਵਾਂ ਫੀਲਡਹਾਊਸ ਵੀ ਬਣਾਇਆ ਜਾਵੇਗਾ, ਜਿਸ ਵਿੱਚ ਚੇਂਜ ਰੂਮ ਅਤੇ ਵਾਸ਼ਰੂਮ ਵਰਗੀਆਂ ਆਧੁਨਿਕ ਸਹੂਲਤਾਂ ਹੋਣਗੀਆਂ। ਇਸ ਤਰ੍ਹਾਂ ਪਾਰਕ ਵਿੱਚ ਕੁੱਲ 8.2 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਨਾਲ ਖਿਡਾਰੀਆਂ ਅਤੇ ਦਰਸ਼ਕਾਂ ਦੋਵਾਂ ਨੂੰ ਬਿਹਤਰ ਸਹੂਲਤਾਂ ਪ੍ਰਾਪਤ ਹੋਣਗੀਆਂ।

ਸਰੀ ਇਨਫਰਾਸਟਰੱਕਚਰ ਲਈ ਸੰਸਦੀ ਸਕੱਤਰ ਅਤੇ ਸਰੀ-ਗਿਲਫੋਰਡ ਤੋਂ ਵਿਧਾਇਕ ਗੈਰੀ ਬੈਗ ਨੇ ਕਿਹਾ ਕਿ ਸਰੀ ਵਿਸ਼ਵ ਪੱਧਰੀ ਖੇਡਾਂ ਦੀ ਮੰਜ਼ਿਲ ਵਜੋਂ ਤੇਜ਼ੀ ਨਾਲ ਉਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਟੈਮੇਨਾਵਿਸ ਪਾਰਕ ਦਾ ਇਹ ਨਵਾਂ ਮੈਦਾਨ ਸਾਲ ਭਰ ਸੈਂਕੜਿਆਂ ਘੰਟਿਆਂ ਦੀਆਂ ਖੇਡ ਸਰਗਰਮੀਆਂ ਅਤੇ ਕਮਿਊਨਿਟੀ ਸਮਾਗਮਾਂ ਦਾ ਕੇਂਦਰ ਬਣੇਗਾ ਅਤੇ ਸਰਕਾਰਾਂ ਦੀ ਸਾਂਝੇਦਾਰੀ ਨਾਲ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਾਨਦਾਰ ਮਿਸਾਲ ਵੀ ਪੇਸ਼ ਕਰੇਗਾ।






# ਸਰੀ ਫਰਸਟ ਐਜੂਕੇਸ਼ਨ ਨੇ ਭਾਈਚਾਰਕ ਫੰਡਰੇਜ਼ਰ ਨਾਲ 2026 ਸਕੂਲ ਟਰੱਸਟੀ ਚੋਣ ਮੁਹਿੰਮ ਦੀ ਕੀਤੀ ਸ਼ੁਰੂਆਤ

## 17 ਅਕਤੂਬਰ ਦੀਆਂ ਚੋਣਾਂ ਲਈ ਛੇ ਉਮੀਦਵਾਰ ਮੈਦਾਨ ਵਿੱਚ; ਵਿਦਿਆਰਥੀਆਂ ਦੀ ਬਿਹਤਰੀ ਅਤੇ ਨਵੇਂ ਸਕੂਲਾਂ ਲਈ ਸੰਘਰਸ਼ ਜਾਰੀ ਰੱਖਣ ਦਾ ਵਾਅਦਾ




**ਸਰੀ, ਬੀ.ਸੀ., 2 ਅਗਸਤ (ਮਹੇਸ਼ਇੰਦਰ ਸਿੰਘ ਮਾਂਗਟ) –** ਸਰੀ ਫਰਸਟ ਐਜੂਕੇਸ਼ਨ ਨੇ ਐਤਵਾਰ ਨੂੰ ਇੱਕ ਸਫਲ ਭਾਈਚਾਰਕ ਫੰਡਰੇਜ਼ਰ, ਮਿਲਣ-ਮਿਲਾਪ ਸਮਾਗਮ ਅਤੇ ਚੋਣ ਮੁਹਿੰਮ ਦੀ ਸ਼ੁਰੂਆਤ ਕਰਦਿਆਂ 2026 ਦੀਆਂ ਸਕੂਲ ਟਰੱਸਟੀ ਚੋਣਾਂ ਲਈ ਆਪਣੀ ਮੁਹਿੰਮ ਦਾ ਅਧਿਕਾਰਕ ਆਗਾਜ਼ ਕੀਤਾ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਮਰਥਕਾਂ, ਮਾਪਿਆਂ, ਭਾਈਚਾਰਕ ਆਗੂਆਂ ਅਤੇ ਸਰੀ ਦੇ ਵਸਨੀਕਾਂ ਨੇ ਸ਼ਮੂਲੀਅਤ ਕੀਤੀ।

ਸਮਾਗਮ ਦੌਰਾਨ ਮੌਜੂਦਾ ਸਕੂਲ ਬੋਰਡ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਗਿਆ ਅਤੇ ਕੈਨੇਡਾ ਦੇ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੇ ਸਕੂਲ ਜ਼ਿਲ੍ਹਿਆਂ ਵਿੱਚੋਂ ਇੱਕ ਸਰੀ ਦੇ ਭਵਿੱਖ ਨਾਲ ਜੁੜੀਆਂ ਚੁਣੌਤੀਆਂ ਅਤੇ ਮੌਕਿਆਂ ਬਾਰੇ ਵੀ ਵਿਚਾਰ ਸਾਂਝੇ ਕੀਤੇ ਗਏ।

17 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਸਰੀ ਫਰਸਟ ਐਜੂਕੇਸ਼ਨ ਵੱਲੋਂ ਟੈਰੀ ਐਲਨ, ਬੌਬ ਹੋਮਜ਼, ਲੌਰੀ ਲਾਰਸਨ, ਗੈਰੀ ਥਿੰਦ, ਗੈਰੀ ਟਾਈਮੋਸ਼ੁਕ ਅਤੇ ਸ਼ੌਨ ਵਿਲਸਨ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਹਨ।

ਸਰੀ ਫਰਸਟ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ ਗੈਰੀ ਟਾਈਮੋਸ਼ੁਕ ਨੇ ਸਮਾਗਮ ਵਿੱਚ ਸ਼ਾਮਲ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਸਾਬਤ ਕਰ ਦਿੱਤਾ ਹੈ ਕਿ ਸਰੀ ਦੇ ਲੋਕ ਵਿਦਿਆਰਥੀਆਂ ਦੀ ਸਫਲਤਾ ਲਈ ਸਮਰਪਿਤ ਤਜਰਬੇਕਾਰ ਅਤੇ ਮਜ਼ਬੂਤ ਲੀਡਰਸ਼ਿਪ ਨੂੰ ਮਹੱਤਵ ਦਿੰਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਟੀਮ ਨਾਲ ਮਿਲ ਕੇ ਆਪਣੇ ਵਿਚਾਰ ਸਾਂਝੇ ਕਰਨਾ ਅਤੇ ਭਰਪੂਰ ਸਮਰਥਨ ਦੇਣਾ ਹੌਸਲਾ ਵਧਾਉਣ ਵਾਲਾ ਹੈ।

ਸਰੀ ਫਰਸਟ ਐਜੂਕੇਸ਼ਨ ਨੇ ਦੱਸਿਆ ਕਿ 2022 ਵਿੱਚ ਚੁਣੇ ਜਾਣ ਤੋਂ ਬਾਅਦ ਬੋਰਡ ਨੇ ਵਿਦਿਆਰਥੀਆਂ ਦੀ ਭਲਾਈ ਅਤੇ ਵਿੱਤੀ ਜ਼ਿੰਮੇਵਾਰੀ ਨੂੰ ਪਹਿਲ ਦਿੱਤੀ ਹੈ। ਇਸ ਦੌਰਾਨ ਗ੍ਰੇਡ 11 ਤੋਂ ਗ੍ਰੇਡ 12 ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਦਰ ਵਿੱਚ ਵਾਧਾ ਹੋਇਆ, ਨਵੇਂ ਸਕੂਲ ਖੋਲ੍ਹੇ ਗਏ ਅਤੇ ਮੌਜੂਦਾ ਸਕੂਲਾਂ ਦਾ ਵਿਸਥਾਰ ਕਰਕੇ ਹਜ਼ਾਰਾਂ ਨਵੀਆਂ ਵਿਦਿਆਰਥੀ ਸੀਟਾਂ ਬਣਾਈਆਂ ਗਈਆਂ। ਇਸ ਤੋਂ ਇਲਾਵਾ ਵਿਦਿਆਰਥੀ ਪੋਸ਼ਣ ਪ੍ਰੋਗਰਾਮਾਂ ਨੂੰ ਮਜ਼ਬੂਤ ਕੀਤਾ ਗਿਆ, ਵਿਸ਼ੇਸ਼ ਸਿੱਖਿਆ ਦੇ ਮੌਕੇ ਵਧਾਏ ਗਏ, ਆਦਿਵਾਸੀ ਭਾਈਚਾਰਿਆਂ ਨਾਲ ਸਾਂਝ ਨੂੰ ਮਜ਼ਬੂਤ ਕੀਤਾ ਗਿਆ ਅਤੇ ਬੋਰਡ ਦੀਆਂ ਨੀਤੀਆਂ ਦੀ ਕਈ ਦਹਾਕਿਆਂ ਬਾਅਦ ਸਭ ਤੋਂ ਵਿਆਪਕ ਸਮੀਖਿਆ ਵੀ ਕੀਤੀ ਗਈ।

ਉਮੀਦਵਾਰ ਗੈਰੀ ਥਿੰਦ ਨੇ ਕਿਹਾ ਕਿ ਭਾਵੇਂ ਕਾਫ਼ੀ ਪ੍ਰਗਤੀ ਹੋਈ ਹੈ, ਪਰ ਹਾਲੇ ਵੀ ਬਹੁਤ ਕੰਮ ਕੀਤਾ ਜਾਣਾ ਬਾਕੀ ਹੈ। ਉਨ੍ਹਾਂ ਕਿਹਾ ਕਿ ਸਰੀ ਦੀ ਆਬਾਦੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ, ਜਦਕਿ ਸਕੂਲਾਂ ਦਾ ਢਾਂਚਾ ਇਸ ਗਤੀ ਨਾਲ ਵਿਕਸਤ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਹੋਰ ਨਵੇਂ ਸਕੂਲਾਂ, ਵਧੇਰੇ ਕਲਾਸਰੂਮਾਂ, ਸੂਬਾਈ ਸਰਕਾਰ ਵੱਲੋਂ ਵੱਧ ਨਿਵੇਸ਼ ਅਤੇ ਨਵੀਨਤਮ ਸਿੱਖਿਆ ਦੇ ਮੌਕਿਆਂ ਲਈ ਲਗਾਤਾਰ ਆਵਾਜ਼ ਉਠਾਉਂਦੀ ਰਹੇਗੀ ਅਤੇ ਹਰ ਫ਼ੈਸਲੇ ਵਿੱਚ ਵਿਦਿਆਰਥੀਆਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਵੇਗੀ।

ਸਰੀ ਫਰਸਟ ਐਜੂਕੇਸ਼ਨ ਨੇ ਇਹ ਵੀ ਦੁਹਰਾਇਆ ਕਿ ਉਹ ਨਵੇਂ ਸਕੂਲਾਂ, ਕਲਾਸਰੂਮਾਂ ਦੇ ਵਿਸਥਾਰ ਅਤੇ ਭੂਚਾਲ-ਸੁਰੱਖਿਆ ਅੱਪਗ੍ਰੇਡ ਲਈ ਯਤਨ ਜਾਰੀ ਰੱਖੇਗੀ। ਇਸ ਦੇ ਨਾਲ ਹੀ ਉੱਚ ਪੱਧਰੀ ਸਿੱਖਿਆ, ਨਵੀਨਤਮ ਅਧਿਆਪਨ ਪੱਧਤੀਆਂ, ਸੁਰੱਖਿਅਤ ਅਤੇ ਸਮਾਵੇਸ਼ੀ ਸਕੂਲੀ ਮਾਹੌਲ, ਜ਼ਿੰਮੇਵਾਰ ਵਿੱਤੀ ਪ੍ਰਬੰਧਨ ਅਤੇ ਪਰਿਵਾਰਾਂ, ਆਦਿਵਾਸੀ ਭਾਈਚਾਰਿਆਂ, ਕਰਮਚਾਰੀਆਂ ਅਤੇ ਭਾਈਚਾਰਕ ਸੰਸਥਾਵਾਂ ਨਾਲ ਮਜ਼ਬੂਤ ਭਾਈਵਾਲੀ ਨੂੰ ਆਪਣੀ ਤਰਜੀਹ ਬਣਾਈ ਰੱਖੇਗੀ।

ਚੋਣ ਮੁਹਿੰਮ ਦੀ ਸ਼ੁਰੂਆਤ ਨਾਲ ਹੀ ਟੀਮ ਨੇ ਆਉਣ ਵਾਲੇ ਹਫ਼ਤਿਆਂ ਦੌਰਾਨ ਸਰੀ ਦੇ ਹਰ ਇਲਾਕੇ ਵਿੱਚ ਲੋਕਾਂ ਨਾਲ ਮਿਲ ਕੇ ਸਰਕਾਰੀ ਸਿੱਖਿਆ ਦੇ ਭਵਿੱਖ ਬਾਰੇ ਉਨ੍ਹਾਂ ਦੇ ਵਿਚਾਰ ਸੁਣਨ ਦਾ ਵੀ ਸੰਕਲਪ ਪ੍ਰਗਟਾਇਆ।

ਗੈਰੀ ਥਿੰਦ ਨੇ ਕਿਹਾ ਕਿ ਇਹ ਚੋਣ ਮੁਹਿੰਮ ਭਰੋਸੇ, ਤਜਰਬੇ ਅਤੇ ਨਤੀਜਿਆਂ 'ਤੇ ਆਧਾਰਿਤ ਹੈ ਅਤੇ ਉਨ੍ਹਾਂ ਦੀ ਟੀਮ ਨੇ ਹਮੇਸ਼ਾ ਮਿਲਜੁਲ ਕੇ ਕੰਮ ਕਰਦਿਆਂ ਵਿਦਿਆਰਥੀਆਂ ਦੀ ਸਫ਼ਲਤਾ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ।

# ਵੈਨਕੂਵਰ-ਲੰਗਾਰਾ ਦੀ ਵਿਧਾਇਕ ਸੁਨੀਤਾ ਧੀਰ ਵੱਲੋਂ ਬੀ.ਸੀ. ਡੇਅ ਸਮਾਗਮ ਸ਼ਾਨੋ-ਸ਼ੌਕਤ ਨਾਲ ਮਨਾਇਆ




**ਵੈਨਕੂਵਰ, (ਮਹੇਸ਼ਇੰਦਰ ਸਿੰਘ ਮਾਂਗਟ)** ਵੈਨਕੂਵਰ-ਲੰਗਾਰਾ ਤੋਂ ਵਿਧਾਇਕ ਸੁਨੀਤਾ ਧੀਰ ਵੱਲੋਂ ਕਰਵਾਇਆ ਗਿਆ ਦੂਜਾ ਸਲਾਨਾ ਬੀ.ਸੀ. ਡੇਅ ਸਮਾਗਮ ਪੰਜਾਬੀ ਮਾਰਕੀਟ ਪਲਾਜ਼ਾ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪਰਿਵਾਰਾਂ, ਬਜ਼ੁਰਗਾਂ, ਨੌਜਵਾਨਾਂ ਅਤੇ ਵੱਖ-ਵੱਖ ਭਾਈਚਾਰਕ ਸੰਸਥਾਵਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਬ੍ਰਿਟਿਸ਼ ਕੋਲੰਬੀਆ ਦੀ ਬਹੁ-ਸੱਭਿਆਚਾਰਕ ਰੂਹ ਦਾ ਜਸ਼ਨ ਮਨਾਇਆ।

ਸਮਾਗਮ ਦੌਰਾਨ ਮਨੋਰੰਜਕ ਸੱਭਿਆਚਾਰਕ ਪੇਸ਼ਕਾਰੀਆਂ, ਰਿਫਰੈਸ਼ਮੈਂਟ, ਇਨਾਮੀ ਡਰਾਅ ਅਤੇ ਵੱਖ-ਵੱਖ ਭਾਈਚਾਰਕ ਸੰਸਥਾਵਾਂ ਵੱਲੋਂ ਜਾਣਕਾਰੀ ਬੂਥ ਲਗਾਏ ਗਏ। ਇਸ ਮੌਕੇ ਨੇ ਵੈਨਕੂਵਰ-ਲੰਗਾਰਾ ਦੀ ਵਿਭਿੰਨਤਾ ਅਤੇ ਭਾਈਚਾਰਕ ਏਕਤਾ ਨੂੰ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ।

ਵਿਧਾਇਕ ਸੁਨੀਤਾ ਧੀਰ ਨੇ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਬੀ.ਸੀ. ਵਿਧਾਨ ਸਭਾ ਦੇ ਸਪੀਕਰ ਰ੍ਹਾਜ ਛੋਹਹਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਨਾਲ ਹੀ ਸਮਾਗਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ, ਜਿਨ੍ਹਾਂ ਵਿੱਚ ਮਾਰਪੋਲ ਨੇਬਰਹੁੱਡ ਹਾਊਸ, ਲੰਗਾਰਾ ਕਾਲਜ, ਸਾਊਥ ਵੈਨਕੂਵਰ ਕਮਿਊਨਿਟੀ ਪੁਲਿਸਿੰਗ ਸੈਂਟਰ, ਕੇਰਿਸਡੇਲ ਕਮਿਊਨਿਟੀ ਪੁਲਿਸਿੰਗ ਸੈਂਟਰ, ਫੇਅਰਲੀ ਡਿਕਿਨਸਨ ਯੂਨੀਵਰਸਿਟੀ-ਓਕਰਿਜ, ਸੰਸੈਟ ਕਮਿਊਨਿਟੀ ਐਸੋਸੀਏਸ਼ਨ, ਖਾਲਸਾ ਦੀਵਾਨ ਸੁਸਾਇਟੀ, ਖਾਲਸਾ ਦਰਬਾਰ ਸੁਸਾਇਟੀ, ਸੰਸੈਟ ਇੰਡੋ-ਕੈਨੇਡੀਅਨ ਸੀਨੀਅਰਜ਼, ਭਾਈਚਾਰਕ ਆਗੂਆਂ ਅਤੇ ਸਮਰਪਿਤ ਵਲੰਟੀਅਰਾਂ ਦਾ ਵੀ ਧੰਨਵਾਦ ਪ੍ਰਗਟਾਇਆ।

ਇਸ ਮੌਕੇ ਵਿਧਾਇਕ ਸੁਨੀਤਾ ਧੀਰ ਨੇ ਕਿਹਾ ਕਿ, "ਹਰ ਉਮਰ ਅਤੇ ਹਰ ਪਿਛੋਕੜ ਦੇ ਲੋਕਾਂ ਨੂੰ ਇਕੱਠੇ ਹੋ ਕੇ ਬੀ.ਸੀ. ਡੇਅ ਮਨਾਉਂਦੇ ਦੇਖਣਾ ਬਹੁਤ ਹੀ ਖੁਸ਼ੀ ਦੀ ਗੱਲ ਹੈ। ਸਾਡੀ ਅਸਲ ਤਾਕਤ ਸਾਡੀ ਵਿਭਿੰਨਤਾ ਵਿੱਚ ਹੈ ਅਤੇ ਅਜਿਹੇ ਸਮਾਗਮ ਇਹ ਯਾਦ ਦਿਵਾਉਂਦੇ ਹਨ ਕਿ ਜਦੋਂ ਭਾਈਚਾਰੇ ਮਿਲ ਕੇ ਕੰਮ ਕਰਦੇ ਹਨ ਤਾਂ ਹਰ ਕਿਸੇ ਨੂੰ ਇਸ ਦਾ ਲਾਭ ਮਿਲਦਾ ਹੈ।"

ਉਨ੍ਹਾਂ ਕਿਹਾ ਕਿ ਬੀ.ਸੀ. ਡੇਅ ਦਾ ਇਹ ਸਲਾਨਾ ਸਮਾਗਮ ਹੁਣ ਇੱਕ ਪਿਆਰੀ ਪਰੰਪਰਾ ਬਣਦਾ ਜਾ ਰਿਹਾ ਹੈ, ਜੋ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਬ੍ਰਿਟਿਸ਼ ਕੋਲੰਬੀਆ ਦੀ ਬਹੁ-ਸੱਭਿਆਚਾਰਕ ਵਿਰਾਸਤ ਦਾ ਜਸ਼ਨ ਵੀ ਮਨਾਉਂਦਾ ਹੈ।

# ਗਦਰੀ ਬਾਬਿਆਂ ਦੀ ਵਿਰਾਸਤ ਨੂੰ ਨਮਨ ਕਰਦਾ 30ਵਾਂ ਮੇਲਾ ਇਤਿਹਾਸਕ ਬਣ ਕੇ ਸਮਾਪਤ

## *ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਨਾਲ ਸਰੀ ਦੇ ਬੇਅਰ ਕਰੀਕ ਪਾਰਕ ਵਿੱਚ ਗੂੰਜਿਆ ਗਦਰ ਲਹਿਰ ਦਾ ਸੰਦੇਸ਼

### *ਸੁਖਵਿੰਦਰ ਸੁੱਖੀ, ਲੱਖਾ-ਨਾਜ਼, ਗੁਰਵਿੰਦਰ ਬਰਾੜ ਤੇ ਗੋਰਾ ਚੱਕ ਵਾਲਾ ਸਮੇਤ ਕਲਾਕਾਰਾਂ ਨੇ ਬੰਨ੍ਹਿਆ ਸਮਾਂ

### • ਇਤਿਹਾਸਕਾਰ ਸੋਹਣ ਸਿੰਘ ਪੂਨੀ ਦੀ ਪੁਸਤਕ 'ਅਮਰੀਕਾ ਦੇ ਗਦਰੀ ਯੋਧੇ' ਲੋਕ ਅਰਪਣ




















**ਸਰੀ (ਮਹੇਸ਼ਇੰਦਰ ਸਿੰਘ ਮਾਂਗਟ)** ਵਿਦੇਸ਼ਾਂ ਦੀ ਧਰਤੀ 'ਤੇ ਗਦਰ ਲਹਿਰ ਦੀ ਚੇਤਨਾ ਨੂੰ ਜਿਊਂਦਾ ਰੱਖਣ ਵਾਲਾ ਪ੍ਰੋ. ਮੋਹਣ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਕਰਵਾਇਆ ਗਿਆ 30ਵਾਂ 'ਮੇਲਾ ਗਦਰੀ ਬਾਬਿਆਂ ਦਾ' ਇਸ ਵਾਰ ਵੀ ਇਤਿਹਾਸਕ ਸਾਬਤ ਹੋਇਆ। ਸਰੀ ਦੇ ਬੇਅਰ ਕਰੀਕ ਪਾਰਕ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜੇ ਲੋਕਾਂ ਨੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਨਮਨ ਕਰਦਿਆਂ ਪੰਜਾਬੀ ਸੱਭਿਆਚਾਰ, ਸਾਹਿਤ ਅਤੇ ਲੋਕ-ਕਲਾ ਦਾ ਭਰਪੂਰ ਆਨੰਦ ਮਾਣਿਆ। ਦਿਨ ਭਰ ਚੱਲਿਆ ਇਹ ਸਮਾਗਮ ਦੇਰ ਰਾਤ ਅਮਿਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ।

ਮੇਲੇ ਦੀ ਵਿਸ਼ਾਲ ਸਟੇਜ ਤੋਂ ਪੰਜਾਬੀ ਲੋਕ ਗਾਇਕੀ ਦੀਆਂ ਸੁਰਮਈ ਪੇਸ਼ਕਾਰੀਆਂ ਨੇ ਪੂਰੇ ਮਾਹੌਲ ਨੂੰ ਦੇਸ਼-ਭਗਤੀ ਅਤੇ ਪੰਜਾਬੀਅਤ ਦੇ ਰੰਗਾਂ ਨਾਲ ਰੰਗ ਦਿੱਤਾ। ਸੁਖਵਿੰਦਰ ਸੁੱਖੀ, ਗੁਰਵਿੰਦਰ ਬਰਾੜ, ਗੋਰਾ ਚੱਕ ਵਾਲਾ, ਮਨਜੋਤ ਢਿੱਲੋਂ, ਪ੍ਰੀਆ ਨਿਝਰ, ਲਾਡੀ ਪੁਆਧੀ, ਗੋਪੀ ਬਰਾੜ, ਅਨਮੋਲ ਵਿਰਕ, ਰਿਦਮ ਸ਼ਰਮਾ, ਈਸ਼ਾਨ ਸ਼ਰਮਾ, ਫਤਿਹਦੀਪ ਸਿੰਘ ਅਤੇ ਪ੍ਰਸਿੱਧ ਦੋਗਾਣਾ ਜੋੜੀ ਲੱਖਾ-ਨਾਜ਼ ਨੇ ਆਪਣੀਆਂ ਪੇਸ਼ਕਾਰੀਆਂ ਨਾਲ ਸਰੋਤਿਆਂ ਨੂੰ ਮੋਹ ਲਿਆ। ਅਨਮੋਲ ਰਤਨ ਭੰਗੜਾ ਗਰੁੱਪ ਦੇ ਕਲਾਕਾਰਾਂ ਅਤੇ ਗੁਰਦੀਪ ਭੁੱਲਰ ਦੀ ਕੋਰੀਓਗ੍ਰਾਫੀ ਨੇ ਵੀ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ। ਪੰਜਾਬੀ ਮਹਿਲਾਵਾਂ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਜੀਵੰਤ ਤਸਵੀਰ ਬਣ ਕੇ ਸਾਹਮਣੇ ਆਇਆ।

ਮੇਲੇ ਦਾ ਇੱਕ ਵਿਸ਼ੇਸ਼ ਆਕਰਸ਼ਣ ਉੱਘੇ ਇਤਿਹਾਸਕਾਰ ਸੋਹਣ ਸਿੰਘ ਪੂਨੀ ਦੀ ਨਵੀਂ ਪੁਸਤਕ 'ਅਮਰੀਕਾ ਦੇ ਗਦਰੀ ਯੋਧੇ' ਦਾ ਲੋਕ ਅਰਪਣ ਸਮਾਰੋਹ ਰਿਹਾ। ਇਸ ਮੌਕੇ ਬੁਲਾਰਿਆਂ ਨੇ ਗਦਰ ਲਹਿਰ ਦੇ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਅਜਿਹੇ ਮੇਲੇ ਪ੍ਰਵਾਸੀ ਪੰਜਾਬੀਆਂ ਨੂੰ ਆਪਣੇ ਇਤਿਹਾਸ ਨਾਲ ਜੋੜਨ ਦਾ ਅਹਿਮ ਸਾਧਨ ਹਨ।

ਸਮਾਗਮ ਵਿੱਚ ਸਰੀ ਦੀ ਮੇਅਰ ਬ੍ਰੈਂਡਾ ਲੌਕ, ਐਮ.ਪੀ. ਸੁਖ ਧਾਲੀਵਾਲ, ਬੀ.ਸੀ. ਦੇ ਕੈਬਨਿਟ ਮੰਤਰੀ ਜਗਰੂਪ ਬਰਾੜ ਅਤੇ ਰਵੀ ਪਰਮਾਰ, ਐਮ.ਐਲ.ਏ. ਅਮਨਦੀਪ ਸਿੰਘ, ਮੇਅਰ ਉਮੀਦਵਾਰ ਹੋਨਵੀਰ ਰੰਧਾਵਾ, ਸਾਬਕਾ ਮੇਅਰ ਡੱਗ ਮੈਕਕਲਮ ਸਤਿੰਦਰਪਾਲ ਸਿੰਘ ਸਿੱਧਵਾਂ,ਕੌਂਸਲਰ ਉਮੀਦਵਾਰ ਰਿੱਕੀ ਬਾਜਵਾ, ਡੱਗ ਮੈਕਲਮ, ਮਨਦੀਪ ਨਾਗਰਾ, ਮੀਰਾ ਗਿੱਲ, ਡਗ ਐਲਫਰਡ, ਸੁਹਾਨਾ ਗਿੱਲ, ਕੁੰਦਨ ਸਿੰਘ ਰਾਣਾ, ਆਸ਼ੀਆਨਾ ਹਨੀਫ, ਪਰਮਿੰਦਰ ਚੌਹਾਨ, ਗਗਨ ਨਾਹਲ,ਲਿੰਡਾ ਐਨਿਸ, ਸੀਨਾ ਵਰਮਾਨੀ, ਸੁਖਵਿੰਦਰਪਾਲ ਸਿੰਘ ਸਲਾਹਕਾਰ ਕੈਬਨਿਟ ਮੰਤਰੀ ਗਰੈਗ ਰੋਬਰਟਸਨ, ਸਾਬਕਾ ਚੇਅਰਮੈਨ ਅਜਮੇਰ ਸਿੰਘ ਭਾਗਪੁਰ, ਅੰਮ੍ਰਿਤ ਢੋਟ,ਗਿ: ਨਰਿੰਦਰ ਸਿੰਘ, ਪ੍ਰੀਤਮ ਸਿੰਘ ਭਰੋਵਾਲ, ਗੁਰਮੇਲ ਸਿੰਘ ਧਾਮੀ, ਸੁਰਜੀਤ ਸਿੰਘ ਮਾਧੋਪੁਰੀ, ਪਰਮਿੰਦਰ ਸਵੈਚ, ਸਕੂਲ ਟਰੱਸਟੀ ਗੈਰੀ ਥਿੰਦ, ਹਰਵ ਬਦੇਸ਼ਾ, ਅੰਗਰੇਜ਼ ਬਰਾੜ, ਹਰਪਾਲ ਸਿੰਘ ਕੰਗ, ਯੋਧਾ ਚੱਕਰ, ਹਰਵਿੰਦਰ ਤੂਰ, ਹਰਬੀਰ ਬੱਤਰਾ, ਟੀਵੀ ਹੋਸਟ ਸੀ ਜੇ ਸਿੱਧੂ, ਜੋਗਿੰਦਰ ਸਿੰਘ, ਜਰਨੈਲ ਸਿੰਘ ਖੰਡੋਲੀ, ਨਵਪ੍ਰੀਤ ਸਿੰਘ ਰੰਗੀ ਤੇ ਦੇਸ ਪ੍ਰਦੇਸ਼ ਟਾਈਮਜ਼ ਦੇ ਸੰਪਾਦਕ ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ ਦੇ ਨਾਮ ਜਿਕਰਯੋਗ ਹਨ।

ਸਮੇਤ ਕਈ ਰਾਜਨੀਤਿਕ, ਸਮਾਜਿਕ ਅਤੇ ਭਾਈਚਾਰਕ ਆਗੂਆਂ ਨੇ ਸ਼ਮੂਲੀਅਤ ਕੀਤੀ। ਇੰਗਲੈਂਡ ਤੋਂ ਪੁੱਜੇ ਸਮਾਜ ਸੇਵੀ ਮੰਗਤ ਸਿੰਘ ਪਲਾਹੀ ਅਤੇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੇ ਸੀਨੀਅਰ ਮੈਂਬਰ ਕਾਮਰੇਡ ਚਿਰੰਜੀ ਲਾਲ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਆਪਣੇ ਸੰਬੋਧਨ ਵਿੱਚ ਕਾਮਰੇਡ ਚਿਰੰਜੀ ਲਾਲ ਨੇ ਕਿਹਾ ਕਿ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਹਰ ਪੰਜਾਬੀ ਦਾ ਫਰਜ਼ ਹੈ ਅਤੇ ਪ੍ਰਵਾਸੀ ਧਰਤੀ 'ਤੇ ਅਜਿਹੇ ਮੇਲੇ ਇਤਿਹਾਸ ਨੂੰ ਜਿਊਂਦਾ ਰੱਖਣ ਦਾ ਵੱਡਾ ਉਪਰਾਲਾ ਹਨ।

ਮੇਲੇ ਵਿੱਚ ਸਾਹਿਤ ਨੂੰ ਵੀ ਵਿਸ਼ੇਸ਼ ਸਥਾਨ ਦਿੱਤਾ ਗਿਆ। ਗੁਲਾਟੀ ਪਬਲਿਸ਼ਰਜ਼ ਵੱਲੋਂ ਲਗਾਈ ਪੁਸਤਕ ਪ੍ਰਦਰਸ਼ਨੀ ਵਿੱਚ ਲੇਖਕ ਜਸਵਿੰਦਰ, ਹਰਦਮ ਮਾਨ, ਜਸਵੀਰ ਸਿੰਘ ਭਲੂਰੀਆ ਅਤੇ ਪ੍ਰੋ. ਅਮਰਜੀਤ ਭੁੱਲਰ ਨੇ ਪਾਠਕਾਂ ਨਾਲ ਰੂਬਰੂ ਹੋ ਕੇ ਸਾਹਿਤਕ ਵਿਚਾਰ ਸਾਂਝੇ ਕੀਤੇ।

ਉੱਘੇ ਸੰਗੀਤਕਾਰ ਤੇਜਵੰਤ ਕਿੱਟੂ ਨੇ ਅਗਲੇ ਸਾਲ ਤੋਂ ਮੇਲੇ ਵਿੱਚ ਸੰਗੀਤਕ ਮੁਕਾਬਲੇ ਕਰਵਾਉਣ ਦਾ ਸੁਝਾਅ ਦਿੰਦਿਆਂ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ। ਇਸ ਮੌਕੇ ਡਾ. ਹਾਕਮ ਭੁੱਲਰ, ਸੋਹਣ ਸਿੰਘ ਪੂਨੀ, ਕਾਮਰੇਡ ਚਿਰੰਜੀ ਲਾਲ, ਪਰਮਿੰਦਰ ਸਵੈਚ ਅਤੇ ਸਤਿੰਦਰਪਾਲ ਸਿੰਘ ਸਿੱਧਵਾਂ ਨੂੰ ਵਿਸ਼ੇਸ਼ ਸਨਮਾਨ ਚਿੰਨ ਭੇਟ ਕੀਤੇ ਗਏ।

ਸਮਾਗਮ ਦੇ ਅੰਤ ਵਿੱਚ ਪ੍ਰੋ. ਮੋਹਣ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਬੰਧਕ ਸਾਹਿਬ ਸਿੰਘ ਥਿੰਦ, ਗੁਰਬਾਜ ਸਿੰਘ ਬਰਾੜ, ਕਿਰਨਪਾਲ ਸਿੰਘ ਗਰੇਵਾਲ, ਰਮਿੰਦਰ ਧਾਮੀ, ਸੰਦੀਪ ਤੂਰ, ਸੁਖਬੀਰ ਬੀਹਲਾ ਅਤੇ ਜਸਪਾਲ ਥਿੰਦ ਨੇ ਸਮੂਹ ਸੰਗਤ, ਕਲਾਕਾਰਾਂ, ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਦਰੀ ਬਾਬਿਆਂ ਦੀ ਸੋਚ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਇਹ ਸਿਲਸਿਲਾ ਭਵਿੱਖ ਵਿੱਚ ਵੀ ਇਸੇ ਜੋਸ਼ ਨਾਲ ਜਾਰੀ ਰਹੇਗਾ।

## ਫਲੀਟਵੁੱਡ ਇਸਲਾਮਿਕ ਸੈਂਟਰ ਵਿਖੇ ਭਾਈਚਾਰੇ ਨਾਲ ਜੁੜੇ ਮੰਤਰੀ ਜਗਰੂਪ ਸਿੰਘ ਬਰਾੜ – ਸਮਰ ਪਿਕਨਿਕ ਲਈ ਦਿੱਤਾ ਸੱਦਾ



**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** ਮਿਨਿਸਟਰ ਆਫ ਮਾਈਨਿੰਗ ਆਫ ਕ੍ਰਿਟੀਕਲ ਮਿਨਰਲਸ ਜਗਰੂਪ ਸਿੰਘ ਬਰਾੜ ਨੇ ਅੱਜ ਆਪਣੇ ਹਲਕੇ ਦੇ Fleetwood Islamic Centre ਵਿਖੇ ਦੁਪਹਿਰ ਦੀ ਨਮਾਜ਼ ਵਿੱਚ ਸ਼ਾਮਲ ਹੋ ਕੇ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਭਾਈਚਾਰੇ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਇਕੱਠੇ ਨਾਸ਼ਤਾ ਵੀ ਸਾਂਝਾ ਕੀਤਾ।

ਇਸ ਦੌਰਾਨ ਮੰਤਰੀ ਜਗਰੂਪ ਸਿੰਘ ਬਰਾੜ ਨੇ ਭਾਈਚਾਰੇ ਦੇ ਮੈਂਬਰਾਂ ਨਾਲ ਵੱਖ-ਵੱਖ ਮੁੱਦਿਆਂ 'ਤੇ ਸਾਰਥਕ ਵਿਚਾਰ-ਵਟਾਂਦਰਾ ਕੀਤਾ ਅਤੇ ਉਨ੍ਹਾਂ ਦੀਆਂ ਗੱਲਾਂ ਤੇ ਵਿਚਾਰ ਸੁਣੇ।

ਮੰਤਰੀ ਬਰਾੜ ਵੱਲੋਂ ਭਾਈਚਾਰੇ ਦੇ ਲੋਕਾਂ ਨੂੰ ਸ਼ਨੀਵਾਰ, 8 ਅਗਸਤ ਨੂੰ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ Franics Park, jo Fleetwood Community Centre ਦੇ ਨਾਲ ਸਥਿਤ ਹੈ, ਵਿਖੇ ਹੋਣ ਵਾਲੀ ਸ਼ੁਮਮੲਰ ਫਿਚਨਿਚ ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ।

ਸਮਰ ਪਿਕਨਿਕ ਦੌਰਾਨ ਭਾਈਚਾਰੇ ਦੇ ਲੋਕਾਂ ਨਾਲ ਮਿਲਣ-ਜੁਲਣ, ਖਾਣ-ਪੀਣ ਅਤੇ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਮਿਲੇਗਾ। ਇਸ ਮੌਕੇ ਸਥਾਨਕ ਭਾਈਚਾਰੇ ਦੀ ਖੁਸ਼ਹਾਲੀ ਅਤੇ ਏਕਤਾ ਦਾ ਜਸ਼ਨ ਵੀ ਮਨਾਇਆ ਜਾਵੇਗਾ।

ਮੰਤਰੀ ਜਗਰੂਪ ਸਿੰਘ ਬਰਾੜ ਨੇ ਕਿਹਾ ਕਿ ਅਜਿਹੇ ਸਮਾਗਮ ਵੱਖ-ਵੱਖ ਭਾਈਚਾਰਿਆਂ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਮਾਗਮ ਵਿੱਚ ਹਰ ਕਿਸੇ ਦਾ ਸਵਾਗਤ ਹੈ ਅਤੇ ਉਮੀਦ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਕੇ ਸਮਰ ਪਿਕਨਿਕ ਦੀ ਰੌਣਕ ਵਧਾਉਣਗੇ।



# ਸੰਪਾਦਕੀ

## ਅਟਾਰੀ ਸਰਹੱਦ ਬੰਦ ਹੋਣ ਨਾਲ ਪੰਜਾਬ ਦੀ ਅਰਥਵਿਵਸਥਾ ਨੂੰ ਝਟਕਾ, ਵਪਾਰ ਮੁੜ ਸ਼ੁਰੂ ਕਰਨ ਦੀ ਉੱਠੀ ਮੰਗ

ਸਿੱਕਮ ਦੇ ਨਾਥੂ ਲਾ ਅਤੇ ਹਿਮਾਚਲ ਪ੍ਰਦੇਸ਼ ਦੇ ਸ਼ਿਪਕੀ ਲਾ ਰਸਤੇ ਛੇ ਸਾਲਾਂ ਬਾਅਦ ਸਰਹੱਦੀ ਵਪਾਰ ਮੁੜ ਸ਼ੁਰੂ ਹੋਣਾ ਇੱਕ ਸਕਾਰਾਤਮਕ ਸੰਕੇਤ ਮੰਨਿਆ ਜਾ ਰਿਹਾ ਹੈ। ਕੋਵਿਡ-19 ਮਹਾਮਾਰੀ ਅਤੇ 2020 ਵਿੱਚ ਗਲਵਾਨ ਘਾਟੀ ਵਿੱਚ ਹੋਈ ਝੜਪ ਤੋਂ ਬਾਅਦ ਇਹ ਦੋਵੇਂ ਰਸਤੇ ਬੰਦ ਕਰ ਦਿੱਤੇ ਗਏ ਸਨ। ਹੁਣ ਇਨ੍ਹਾਂ ਦੇ ਦੁਬਾਰਾ ਖੁੱਲ੍ਹਣ ਨਾਲ ਨਾ ਸਿਰਫ਼ ਸਰਹੱਦੀ ਇਲਾਕਿਆਂ ਦੇ ਵਪਾਰੀਆਂ ਅਤੇ ਟਰਾਂਸਪੋਰਟਰਾਂ ਨੂੰ ਰਾਹਤ ਮਿਲੇਗੀ, ਸਗੋਂ ਤਿੱਬਤ ਨਾਲ ਸਦੀਆਂ ਪੁਰਾਣੇ ਵਪਾਰਕ ਰਿਸ਼ਤੇ ਵੀ ਮੁੜ ਬਹਾਲ ਹੋਣਗੇ।

ਭਾਵੇਂ ਇਨ੍ਹਾਂ ਰਸਤਿਆਂ ਰਾਹੀਂ ਹੋਣ ਵਾਲੇ ਵਪਾਰ ਦਾ ਆਕਾਰ ਬਹੁਤ ਵੱਡਾ ਨਹੀਂ ਹੈ, ਪਰ ਇਹ ਸਥਾਨਕ ਲੋਕਾਂ ਦੀ ਰੋਜ਼ੀ-ਰੋਟੀ ਦਾ ਅਹਿਮ ਸਾਧਨ ਹੈ। ਇਸ ਫ਼ੈਸਲੇ ਨੇ ਇਹ ਵੀ ਸਾਬਤ ਕੀਤਾ ਹੈ ਕਿ ਕੌਮੀ ਸੁਰੱਖਿਆ ਨੂੰ ਬਰਕਰਾਰ ਰੱਖਦੇ ਹੋਏ ਸੀਮਤ ਅਤੇ ਨਿਗਰਾਨੀ ਹੇਠ ਵਪਾਰ ਜਾਰੀ ਰੱਖਿਆ ਜਾ ਸਕਦਾ ਹੈ। ਭਾਰਤ ਨੇ ਚੀਨ ਨਾਲ ਜੁੜੀ ਅਸਲ ਕੰਟਰੋਲ ਰੇਖਾ 'ਤੇ ਆਪਣੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਰੱਖਦਿਆਂ ਆਰਥਿਕ ਗਤੀਵਿਧੀਆਂ ਨੂੰ ਦੁਬਾਰਾ ਮੌਕਾ ਦਿੱਤਾ ਹੈ।

ਇਸ ਪਸਮੰਜ਼ਰ ਵਿੱਚ ਪੰਜਾਬ ਨਾਲ ਜੁੜੀ ਅਟਾਰੀ-ਵਾਹਗਾ ਚੈੱਕ ਪੋਸਟ ਦਾ ਮਾਮਲਾ ਵੀ ਇੱਕ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਅਤੇ ਸਰਹੱਦ ਪਾਰ ਅਤਿਵਾਦ ਕਾਰਨ ਅਟਾਰੀ ਲਾਂਘੇ ਰਾਹੀਂ ਵਪਾਰ ਲੰਬੇ ਸਮੇਂ ਤੋਂ ਪ੍ਰਭਾਵਿਤ ਹੈ। ਹਾਲਾਂਕਿ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ, ਪਰ ਇਸ ਲਾਂਘੇ ਦੇ ਬੰਦ ਰਹਿਣ ਨਾਲ ਪੰਜਾਬ ਦੀ ਅਰਥਵਿਵਸਥਾ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਹੈ।

ਅਟਾਰੀ-ਵਾਹਗਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਇਕੱਲਾ ਜ਼ਮੀਨੀ ਵਪਾਰਕ ਰਸਤਾ ਹੈ, ਜੋ ਅੱਗੇ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆਈ ਦੇਸ਼ਾਂ ਨਾਲ ਸੰਪਰਕ ਦਾ ਮਹੱਤਵਪੂਰਨ ਮਾਧਿਅਮ ਵੀ ਹੈ। ਤਾਜ਼ਾ ਮੁਅੱਤਲੀ ਤੋਂ ਪਹਿਲਾਂ ਇਸ ਰਸਤੇ ਰਾਹੀਂ ਹਰ ਸਾਲ ਲਗਭਗ 3,900 ਕਰੋੜ ਰੁਪਏ ਦਾ ਵਪਾਰ ਹੁੰਦਾ ਸੀ। ਇਸ ਤੋਂ ਇਲਾਵਾ ਅਫ਼ਗਾਨਿਸਤਾਨ ਤੋਂ ਆਉਣ ਵਾਲੀਆਂ ਕਈ ਵਸਤਾਂ ਵੀ ਇਸੇ ਰਸਤੇ ਰਾਹੀਂ ਭਾਰਤ ਪਹੁੰਚਦੀਆਂ ਸਨ।

ਵਿਸ਼ਵ ਬੈਂਕ ਦੇ ਅਨੁਮਾਨ ਅਨੁਸਾਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਲਾਨਾ ਕਰੀਬ 37 ਅਰਬ ਡਾਲਰ ਦੇ ਵਪਾਰ ਦੀ ਸੰਭਾਵਨਾ ਮੌਜੂਦ ਹੈ। ਪਰ ਸਰਹੱਦੀ ਰੁਕਾਵਟਾਂ ਕਾਰਨ ਇਹ ਵਪਾਰ ਤੀਜੇ ਦੇਸ਼ਾਂ ਰਾਹੀਂ ਕੀਤਾ ਜਾਂਦਾ ਹੈ, ਜਿਸ ਨਾਲ ਵਪਾਰ ਦੀ ਲਾਗਤ ਕਈ ਗੁਣਾ ਵੱਧ ਜਾਂਦੀ ਹੈ। ਇਸ ਦਾ ਸਿੱਧਾ ਅਸਰ ਪੰਜਾਬ ਦੇ ਟਰਾਂਸਪੋਰਟਰਾਂ, ਕਸਟਮ ਏਜੰਟਾਂ, ਗੋਦਾਮ ਮਾਲਕਾਂ ਅਤੇ ਹਜ਼ਾਰਾਂ ਮਜ਼ਦੂਰਾਂ ਦੀ ਆਮਦਨ 'ਤੇ ਪਿਆ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਖ਼ਤ ਸੁਰੱਖਿਆ ਪ੍ਰਬੰਧਾਂ ਅਤੇ ਆਧੁਨਿਕ ਨਿਗਰਾਨੀ ਪ੍ਰਣਾਲੀ ਦੇ ਨਾਲ ਅਟਾਰੀ-ਵਾਹਗਾ ਲਾਂਘੇ ਨੂੰ ਪੜਾਅਵਾਰ ਢੰਗ ਨਾਲ ਮੁੜ ਖੋਲ੍ਹਿਆ ਜਾਵੇ ਤਾਂ ਇਸ ਨਾਲ ਪੰਜਾਬ ਦੀ ਸਰਹੱਦੀ ਅਰਥਵਿਵਸਥਾ ਨੂੰ ਨਵੀਂ ਤਾਕਤ ਮਿਲ ਸਕਦੀ ਹੈ। ਇਸ ਨਾਲ ਨਾ ਸਿਰਫ਼ ਢੋਆ-ਢੁਆਈ ਦਾ ਖਰਚਾ ਘਟੇਗਾ, ਸਗੋਂ ਹਜ਼ਾਰਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਵੀ ਮੁੜ ਪਟੜੀ 'ਤੇ ਆ ਸਕੇਗੀ।

ਕੌਮੀ ਸੁਰੱਖਿਆ ਅਤੇ ਆਰਥਿਕ ਵਿਕਾਸ ਨੂੰ ਇੱਕ-ਦੂਜੇ ਦੇ ਵਿਰੋਧੀ ਨਹੀਂ, ਸਗੋਂ ਇੱਕ-ਦੂਜੇ ਦੇ ਪੂਰਕ ਵਜੋਂ ਦੇਖਣ ਦੀ ਲੋੜ ਹੈ। ਸਖ਼ਤ ਨਿਗਰਾਨੀ ਹੇਠ ਜਾਇਜ਼ ਵਪਾਰ ਖੇਤਰੀ ਵਿਕਾਸ ਅਤੇ ਆਪਸੀ ਭਰੋਸੇ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

# ਨਵੀਂ ਸਦੀ ਦਾ ਭਾਰਤ: ਜੈੱਨ 'ਜ਼ੀ' ਦੀ ਚੇਤਨਾ ਅਤੇ ਲੋਕਤੰਤਰ ਦਾ ਨਵਾਂ ਅਧਿਆਇ




ਜਦੋਂ ਲੋਕ ਜਾਗਦੇ ਹਨ,
ਉਦੋਂ ਜ਼ੰਜੀਰਾਂ ਆਪਣੇ ਆਪ ਟੁੱਟ ਜਾਂਦੀਆਂ ਨੇ।
ਅਸੀਂ ਉਸ ਬਿਜਲੀ ਦੀ ਲਿਸ਼ਕ ਦੀ ਸਹੁੰ ਖਾਂਦੇ ਹਾਂ,
ਉਨ੍ਹਾਂ ਪਵਿੱਤਰ ਖ਼ੂਨ ਦੀਆਂ ਨਦੀਆਂ ਦੀ ਵੀ ਸਹੁੰ
ਜੋ ਆਜ਼ਾਦੀ ਲਈ ਵਹਾਈਆਂ ਗਈਆਂ,
ਕਿ ਅਸੀਂ ਜੀਵਨ ਜਾਂ ਮੌਤ
ਦੋਵਾਂ ਲਈ ਇਨਕਲਾਬ ਦਾ ਰਾਹ ਚੁਣਿਆ ਹੈ।
ਅਸੀਂ ਸੰਕਲਪ ਲਿਆ ਹੈ ਕਿ ਇਤਿਹਾਸ ਜਿਊਂਦਾ ਰਹੇਗਾ।
ਤੁਸੀਂ ਗਵਾਹ ਰਹਿਣਾ, ਤੁਸੀਂ ਗਵਾਹ ਰਹਿਣਾ...।

ਉਪਰੋਕਤ ਸਤਰਾਂ ਅਲਜੀਰੀਆ ਦੇ ਇਨਕਲਾਬੀ ਕਵੀ ਮੁਫ਼ਦੀ ਜ਼ਕਰੀਆ ਦੀ ਕਵਿਤਾ 'ਕਾਸਾਮਨ' ਵਿੱਚੋਂ ਹਨ। ਦੁਨੀਆ 'ਚ ਨੌਜਵਾਨਾਂ ਦੀ ਇਨਕਲਾਬੀ ਲਹਿਰ ਸਮੇਂ ਸਮੇਂ ਕਈ ਮੁਲਕਾਂ ਵਿੱਚ ਚੱਲੀ। ਅਲਜੀਰੀਆ ਦੀ ਨੌਜਵਾਨ ਲਹਿਰ ਸਮੇਂ ਕਿਸੇ ਨੇ ਸੋਚਿਆ ਨਹੀਂ ਹੋਵੇਗਾ ਕਿ ਵਕਤ ਦੇ ਕਰਵਟ ਲੈਂਦਿਆਂ ਇਹ ਇਨਕਲਾਬ ਜੈੱਨ 'ਜ਼ੀ' ਅੰਦੋਲਨ ਵਿੱਚ ਬਦਲ ਜਾਵੇਗਾ, ਜੋ ਸੱਤਾ ਨੂੰ ਝੁਕਾਉਣ ਦੇ ਸਮਰੱਥ ਹੋ ਸਕਦਾ ਹੈ। ਇਸ ਇਨਕਲਾਬੀ ਤਬਦੀਲੀ ਬਾਰੇ ਸੱਤਾ 'ਚ ਬੈਠੇ ਲੋਕਾਂ ਨੂੰ ਵੀ ਅੰਦਾਜ਼ਾ ਨਹੀਂ ਸੀ ਕਿ ਨੌਜਵਾਨਾਂ ਦੀਆਂ ਅੱਖਾਂ 'ਚ ਚਮਕਦੇ ਨਵੇਂ ਇਤਿਹਾਸ ਦੇ ਮੋੜ 'ਚ ਉਹ ਰੌਸ਼ਨੀ ਹੈ, ਜੋ ਸੱਤਾ ਨੂੰ ਬਦਲ ਅਤੇ ਨਵਾਂ ਇਤਿਹਾਸ ਸਿਰਜ ਸਕਦੀ ਹੈ। ਸਾਨੂੰ ਯਾਦ ਰੱਖਣਾ ਹੋਵੇਗਾ ਕਿ ਜਦੋਂ ਇਤਿਹਾਸ ਮੋੜਾ ਕੱਟਦਾ ਹੈ ਤਾਂ ਸਭ ਤੋਂ ਪਹਿਲਾਂ ਨੌਜਵਾਨਾਂ ਦੀਆਂ ਅੱਖਾਂ 'ਚ ਭਵਿੱਖ ਦੀ ਰੌਸ਼ਨੀ ਚਮਕਦੀ ਹੈ। ਸੱਤਾ ਬਦਲਦੀ ਹੈ, ਵਿਵਸਥਾਵਾਂ ਬਦਲਦੀਆਂ ਹਨ, ਪਰ ਸਭ ਤੋਂ ਵੱਡਾ ਇਨਕਲਾਬ ਮਨੁੱਖ ਦੀ ਚੇਤਨਾ 'ਚ ਆਉਂਦਾ ਹੈ। ਇਹ ਉਦਾਹਰਣ ਇਤਿਹਾਸਕ ਰੂਪ ਵਿੱਚ ਹੁਣ ਆਜ਼ਾਦੀ ਅਤੇ ਲੋਕ ਚੇਤਨਾ ਦੀ ਆਵਾਜ਼ ਬਣੀ ਹੈ। ਇਹ ਉਹੀ ਸਮਾਂ ਹੁੰਦਾ ਹੈ ਜਦੋਂ ਨੌਜਵਾਨ ਆਵਾਜ਼ਾਂ ਦੇ ਸ਼ਬਦ ਤਲਵਾਰ ਨਾਲੋਂ ਵਧੇਰੇ ਧਾਰਦਾਰ ਹੋ ਜਾਂਦੇ ਹਨ ਤੇ ਇਤਿਹਾਸ ਬਦਲਣ ਲੱਗਦਾ ਹੈ।

ਇਹ ਮਾਨਵਤਾ ਦੀ ਆਜ਼ਾਦੀ ਦਾ ਐਲਾਨ ਹੈ। ਇਹ ਵੀ ਸੱਚ ਹੈ ਕਿ ਜਦੋਂ ਲੋਕ ਜਾਗਦੇ ਹਨ ਤਾਂ ਜ਼ੰਜੀਰਾਂ ਆਪਣੇ ਆਪ ਟੁੱਟ ਜਾਂਦੀਆਂ ਹਨ। ਇਹੀ ਭਾਵਨਾ ਮੱਧ-ਪੂਰਬ ਦੀਆਂ ਜਮਹੂਰੀ ਆਸਾਂ, ਅਰਬ ਸਪ੍ਰਿੰਗ ਦੇ ਜਨ ਸੈਲਾਬ ਅਤੇ ਤਹਿਰੀਰ ਚੌਕ ਤੋਂ ਲੈ ਕੇ ਟਿਊਨੀਸ਼ੀਆ ਦੀਆਂ ਗਲੀਆਂ ਤੱਕ ਗੂੰਜਦੀ ਰਹੀ ਅਤੇ ਇਹੋ ਭਾਵਨਾ ਸਾਡੇ ਮੁਲਕ ਵਿੱਚ ਜੰਤਰ ਮੰਤਰ 'ਤੇ ਹੋਏ ਅੰਦੋਲਨ ਵਿੱਚ ਦਿਖਾਈ ਦਿੱਤੀ ਹੈ। ਇਤਿਹਾਸ ਗਵਾਹ ਹੈ ਕਿ ਕਿਸੇ ਵੀ ਇਨਕਲਾਬ ਦੀ ਪਹਿਲੀ ਚੰਗਿਆੜੀ ਬੰਦੂਕਾਂ ਤੋਂ ਨਹੀਂ, ਵਿਚਾਰਾਂ 'ਚੋਂ ਨਿਕਲਦੀ ਹੈ ਅਤੇ ਉਨ੍ਹਾਂ ਵਿਚਾਰਾਂ ਨੂੰ ਸ਼ਬਦ ਦੇਣ ਦਾ ਕੰਮ ਕਵੀ, ਲੇਖਕ ਤੇ ਬੁੱਧੀਜੀਵੀ ਕਰਦੇ ਹਨ। ਆਪੋ-ਆਪਣੇ ਸਮੇਂ ਦੇ ਹਰ ਅੰਦੋਲਨ ਵਿੱਚ ਸੱਤਾ ਤੋਂ ਵੱਧ ਮਨੁੱਖੀ ਮਾਣ, ਆਜ਼ਾਦੀ ਅਤੇ ਨਿਆਂ ਦੀ ਆਵਾਜ਼ ਨੂੰ ਅਹਿਮੀਅਤ ਦਿੱਤੀ ਗਈ ਹੈ। ਇਹੋ ਤਬਦੀਲੀ ਦੀ ਮਸ਼ਾਲ ਹੈ। ਅੱਜ ਜਦੋਂ ਭਾਰਤ ਸਮੇਤ ਦੁਨੀਆ ਦੇ ਹੋਰ ਦੇਸ਼ਾਂ 'ਚ ਨੌਜਵਾਨ ਪੀੜ੍ਹੀ ਜਮਹੂਰੀਅਤ, ਪਾਰਦਰਸ਼ਤਾ, ਮੌਕਿਆਂ, ਬਰਾਬਰੀ ਅਤੇ ਬਿਹਤਰ ਸ਼ਾਸਨ ਦੀ ਮੰਗ ਕਰ ਰਹੀ ਹੈ, ਉਦੋਂ ਇਹ ਯਾਦ ਰੱਖਣਾ ਲਾਜ਼ਮੀ ਹੈ ਕਿ ਜਮਹੂਰੀਅਤ ਦੀ ਸਭ ਤੋਂ ਵੱਡੀ ਤਾਕਤ ਵਿਰੋਧ ਨਹੀਂ ਸਗੋਂ ਸੰਵਾਦ ਤੋਂ ਜਨਮਿਆ ਰਚਨਾਤਮਿਕ ਵਿਰੋਧ ਹੈ। ਜੇ ਵਿਰੋਧ ਸੰਵਿਧਾਨ ਦੀ ਮਰਿਆਦਾ, ਜਮਹੂਰੀ ਕਦਰਾਂ-ਕੀਮਤਾਂ ਅਤੇ ਰਾਸ਼ਟਰ ਨਿਰਮਾਣ ਦੀ ਭਾਵਨਾ ਨਾਲ ਜੁੜ ਜਾਵੇ ਤਾਂ ਉਹੀ ਨੌਜਵਾਨ ਸ਼ਕਤੀ ਕਿਸੇ ਵੀ ਦੇਸ਼ ਦਾ ਭਵਿੱਖ ਸੁਨਹਿਰੀ ਬਣਾ ਸਕਦੀ ਹੈ।

ਨਵੇਂ ਵਿਕਸਿਤ ਭਾਰਤ ਵੱਲ ਵਧਦੇ ਇਸ ਦੌਰ 'ਚ ਭਾਰਤੀ ਨੌਜਵਾਨਾਂ ਦੀ ਇਹੋ ਜਾਗਰੂਕਤਾ ਤੇ ਚੇਤਨਾ ਭਵਿੱਖ 'ਚ ਵਿਸ਼ਵੀ ਜਮਹੂਰੀਅਤ ਲਈ ਨਵੀਂ ਮਿਸਾਲ ਬਣ ਸਕਦੀ ਹੈ ਕਿਉਂਕਿ ਨੌਜਵਾਨਾਂ ਵੱਲੋਂ ਵਿਰੋਧ ਤੇ ਸੰਵਾਦ ਜਮਹੂਰੀ ਇਤਿਹਾਸ ਨੂੰ ਬਦਲ ਦੇਵੇਗਾ। ਅੱਜ ਇੱਕੀਵੀਂ ਸਦੀ ਦਾ ਤੀਜਾ ਦਹਾਕਾ ਵਿਸ਼ਵ ਸਿਆਸਤ ਦੇ ਇਤਿਹਾਸ ਵਿੱਚ ਸਿਰਫ਼ ਜੰਗਾਂ, ਆਰਥਿਕ ਸੰਕਟਾਂ ਅਤੇ ਤਕਨੀਕੀ ਇਨਕਲਾਬਾਂ ਦਾ ਕਾਲ ਨਹੀਂ ਹੈ ਸਗੋਂ ਇਹ ਨੌਜਵਾਨ ਚੇਤਨਾ ਦੇ ਅਣਕਿਆਸੇ ਉਭਾਰ ਦਾ ਯੁੱਗ ਵੀ ਹੈ। ਟਿਊਨੀਸ਼ੀਆ ਤੋਂ ਸ਼ੁਰੂ ਹੋਈ ਅਰਬ ਸਪ੍ਰਿੰਗ, ਮਿਸਰ ਦੇ ਤਹਿਰੀਰ ਚੌਕ ਦਾ ਜਨ ਸੈਲਾਬ, ਲੈਬਨਾਨ ਅਤੇ ਇਰਾਕ ਦੀ ਜਮਹੂਰੀ ਲਹਿਰ, ਹਾਂਗਕਾਂਗ ਦੇ ਨੌਜਵਾਨ ਪ੍ਰਦਰਸ਼ਨ, ਨੇਪਾਲ ਤੇ ਸ੍ਰੀਲੰਕਾ ਦੇ ਲੋਕ ਅੰਦੋਲਨ ਅਤੇ ਦੱਖਣੀ ਏਸ਼ੀਆ ਦੇ ਕਈ ਮੁਲਕਾਂ 'ਚ ਜਮਹੂਰੀ ਆਸਾਂ ਦਾ ਵਿਸਫੋਟ- ਸਭ ਨੇ ਇਹ ਸਾਬਿਤ ਕੀਤਾ ਹੈ ਕਿ ਜਦੋਂ ਨੌਜਵਾਨ ਪੀੜ੍ਹੀ ਆਪਣੇ ਸਮੇਂ ਨਾਲ ਸੰਵਾਦ ਕਰਦੀ ਹੈ ਤਾਂ ਇਤਿਹਾਸ ਦੀ ਦਿਸ਼ਾ ਬਦਲ ਜਾਂਦੀ ਹੈ। ਇਨ੍ਹਾਂ ਅੰਦੋਲਨਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਨ੍ਹਾਂ ਨੇ ਸਿਰਫ਼ ਸੱਤਾ ਤਬਦੀਲੀ ਦੀ ਮੰਗ ਨਹੀਂ ਕੀਤੀ ਸਗੋਂ ਇੱਜ਼ਤ, ਨਿਆਂ, ਪਾਰਦਰਸ਼ਤਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਸਭ ਦੀ ਸ਼ਮੂਲੀਅਤ ਵਾਲੀ ਜਮਹੂਰੀਅਤ ਦੀ ਨਵੀਂ ਭਾਸ਼ਾ ਘੜੀ।

ਅੱਜ ਭਾਰਤ ਵੀ ਉਸ ਇਤਿਹਾਸਕ ਮੋੜ 'ਤੇ ਖੜ੍ਹਾ ਹੈ, ਜਿੱਥੇ ਜਮਹੂਰੀਅਤ ਦੀ ਮਜ਼ਬੂਤੀ ਸਿਰਫ਼ ਚੋਣਾਂ ਤੋਂ ਨਹੀਂ ਸਗੋਂ ਰਚਨਾਤਮਿਕ ਸੰਵਾਦ, ਅਸਹਿਮਤੀ ਦੇ ਸਨਮਾਨ ਅਤੇ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਰਾਹੀਂ ਤੈਅ ਹੋਵੇਗੀ। ਜ਼ਿਕਰਯੋਗ ਹੈ ਕਿ ਅਰਬ ਸਪ੍ਰਿੰਗ ਦਾ ਜਨਮ ਕਿਸੇ ਸਿਆਸੀ ਪਾਰਟੀ ਵੱਲੋਂ ਨਹੀਂ ਸੀ ਹੋਇਆ। ਉਸ ਦਾ ਜਨਮ ਸਾਧਾਰਨ ਨੌਜਵਾਨ ਫ਼ਲ ਵਿਕਰੇਤਾ ਮੁਹੰਮਦ ਬੂਆਜ਼ੀਜ਼ੀ ਦੀ ਪੀੜ ਤੋਂ ਹੋਇਆ, ਜਿਸ ਨੇ ਪੂਰੇ ਅਰਬ ਸਮਾਜ ਨੂੰ ਝੰਜੋੜ ਦਿੱਤਾ ਸੀ। ਸਾਡੇ ਦੇਸ਼ 'ਚ 'ਨੀਟ' ਦਾ ਪੇਪਰ ਲੀਕ ਹੋਣਾ ਸਾਡੇ 22 ਨੌਜਵਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ ਬਣਿਆ ਤਾਂ ਕੌਕਰੋਚ ਜਨਤਾ ਪਾਰਟੀ ਵਿਰੋਧ ਦੀ ਭਾਸ਼ਾ ਅਤੇ ਆਸ ਦੀ ਮਸ਼ਾਲ ਬਣ ਗਈ। ਉਰਦੂ ਦੇ ਮਹਾਨ ਸ਼ਾਇਰ ਅਹਿਮਦ ਫ਼ਰਾਜ਼ ਨੇ ਲਿਖਿਆ: ਸੁਣਿਆ ਹੈ ਬੋਲੇ ਤਾਂ ਗੱਲ੍ਹਾਂ ਤੋਂ ਫੁੱਲ ਝੜਦੇ ਹਨ, ਇਹ ਗੱਲ ਹੈ ਤਾਂ ਚਲੋ ਗੱਲ ਕਰਕੇ ਦੇਖਦੇ ਹਾਂ। ਜਮਹੂਰੀਅਤ 'ਚ ਇਹ 'ਗੱਲ ਕਰਨਾ' ਹੀ ਸਭ ਤੋਂ ਵੱਡੀ ਤਾਕਤ ਹੈ। ਸੰਵਾਦ ਦੀ ਸਮਾਪਤੀ ਲੋਕਤੰਤਰ ਦੀ ਸਭ ਤੋਂ ਵੱਡੀ ਹਾਰ ਹੁੰਦੀ ਹੈ। ਵਿਰੋਧ ਜੇਕਰ ਸੰਵਾਦ ਦਾ ਰੂਪ ਲੈ ਲਵੇ ਤਾਂ ਜਮਹੂਰੀਅਤ ਮਜ਼ਬੂਤ ਹੁੰਦੀ ਹੈ, ਜੇ ਉਹ ਸਿਰਫ਼ ਟਕਰਾਅ ਬਣ ਜਾਵੇ ਤਾਂ ਸਮਾਜ ਵੰਡਿਆ ਜਾਣ ਲੱਗਦਾ ਹੈ।

ਭਾਰਤੀ ਜਮਹੂਰੀਅਤ ਦੀ ਸਭ ਤੋਂ ਵੱਡੀ ਤਾਕਤ ਉਸ ਦੀ ਵੰਨ-ਸੁਵੰਨਤਾ ਹੈ। ਇੱਥੇ ਵਿਚਾਰਾਂ ਦਾ ਵਿਰੋਧ ਵੀ ਹੈ, ਭਾਸ਼ਾਵਾਂ ਦੀ ਬਹੁਲਤਾ ਵੀ, ਆਸਥਾਵਾਂ ਦਾ ਵਿਸਤਾਰ ਵੀ ਅਤੇ ਸਿਆਸੀ ਮੱਤਭੇਦ ਵੀ ਹਨ। ਇਹੋ ਵੰਨ-ਸੁਵੰਨਤਾ ਸਾਡੀ ਜਮਹੂਰੀਅਤ ਦੀ ਰੂਹ ਹੈ। ਭਾਰਤ ਦਾ ਸੰਵਿਧਾਨ ਅਸਹਿਮਤੀ ਨੂੰ ਰਾਸ਼ਟਰ ਵਿਰੋਧ ਨਹੀਂ ਸਗੋਂ ਲੋਕਤੰਤਰ ਦਾ ਲਾਜ਼ਮੀ ਤੱਤ ਮੰਨਦਾ ਹੈ। ਸੰਸਦ, ਨਿਆਂਪਾਲਿਕਾ, ਮੀਡੀਆ, ਯੂਨੀਵਰਸਿਟੀਆਂ, ਸਾਹਿਤ ਅਤੇ ਨਾਗਰਿਕ ਸਮਾਜ- ਇਨ੍ਹਾਂ ਸਾਰੀਆਂ ਸੰਸਥਾਵਾਂ ਦੀ ਬੁਨਿਆਦ ਇਹੋ ਸਿਧਾਂਤ ਹੈ ਕਿ ਵਿਚਾਰਾਂ ਦਾ ਆਦਾਨ-ਪ੍ਰਦਾਨ ਹੀ ਰਾਸ਼ਟਰ ਨੂੰ ਅੱਗੇ ਲੈ ਕੇ ਜਾਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੇ ਨੌਜਵਾਨਾਂ ਨੇ ਅਨੇਕਾਂ ਸਮਾਜਿਕ ਅਤੇ ਜਨਤਕ ਮੁੱਦਿਆਂ ਉੱਤੇ ਸਰਗਰਮ ਸ਼ਮੂਲੀਅਤ ਦਿਖਾਈ ਹੈ। ਡਿਜੀਟਲ ਮੀਡੀਆ ਨੇ ਉਨ੍ਹਾਂ ਦੀ ਆਵਾਜ਼ ਨੂੰ ਵਿਸ਼ਾਲ ਬਣਾਇਆ ਹੈ। ਜੰਤਰ ਮੰਤਰ ਵਿਖੇ ਹੋਇਆ ਅੰਦੋਲਨ ਅਤੇ ਇੰਸਟਾਗ੍ਰਾਮ ਇਸ ਦੀ ਇੱਕ ਵੱਡੀ ਉਦਾਹਰਣ ਹੈ। ਸਿੱਖਿਆ, ਰੁਜ਼ਗਾਰ, ਤਕਨਾਲੋਜੀ, ਨਵੀਨਤਾ, ਸਮਾਜਿਕ ਨਿਆਂ, ਲਿੰਗ ਸਮਾਨਤਾ ਅਤੇ ਸੁਸ਼ਾਸਨ ਵਰਗੇ ਵਿਸ਼ੇ ਹੁਣ ਨੌਜਵਾਨਾਂ ਦੇ ਧਿਆਨ ਦੇ ਕੇਂਦਰ ਵਿੱਚ ਹਨ।


ਇਹ ਤਬਦੀਲੀ ਮਹਿਜ਼ ਸਿਆਸੀ ਨਹੀਂ ਸਗੋਂ ਸਮਾਜਿਕ ਚੇਤਨਾ ਦਾ ਵਿਸਤਾਰ ਹੈ। ਇਹ ਵੀ ਲਾਜ਼ਮੀ ਹੈ ਕਿ ਜਮਹੂਰੀ ਅਸਹਿਮਤੀ ਸੰਜਮ, ਤੱਥਾਂ ਅਤੇ ਪ੍ਰਮਾਣਾਂ ਨਾਲ ਜੁੜੀ ਹੋਵੇ। ਸੋਸ਼ਲ ਮੀਡੀਆ ਨੇ ਜਿੱਥੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਵੇਂ ਮੌਕੇ ਦਿੱਤੇ ਹਨ, ਉੱਥੇ ਤੁਰੰਤ ਪ੍ਰਤੀਕਿਰਿਆਵਾਂ, ਝੂਠੀਆਂ ਖ਼ਬਰਾਂ ਅਤੇ ਧਰੁਵੀਕਰਨ ਦੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਇਸ ਲਈ ਨਵੀਂ ਪੀੜ੍ਹੀ ਸਾਹਮਣੇ ਸਭ ਤੋਂ ਵੱਡੀ ਜ਼ਿੰਮੇਵਾਰੀ ਸਿਰਫ਼ ਵਿਰੋਧ ਕਰਨਾ ਨਹੀਂ ਸਗੋਂ ਵਿਕਲਪਿਕ ਵਿਚਾਰ, ਨੀਤੀ ਅਤੇ ਹੱਲ ਪੇਸ਼ ਕਰਨਾ ਵੀ ਹੈ। ਵਿਕਸਿਤ ਭਾਰਤ ਦਾ ਸੁਪਨਾ ਉਦੋਂ ਹੀ ਸਾਕਾਰ ਹੋਵੇਗਾ ਜਦੋਂ ਵਿਰੋਧ ਅਤੇ ਵਿਕਾਸ ਇੱਕ-ਦੂਜੇ ਦੇ ਵਿਰੋਧੀ ਨਹੀਂ ਸਗੋਂ ਜਮਹੂਰੀ ਪ੍ਰਕਿਰਿਆ ਦੇ ਪੂਰਕ ਬਣਨਗੇ। ਭਾਰਤੀ ਇਤਿਹਾਸ ਖ਼ੁਦ ਇਸ ਸੱਚ ਦਾ ਗਵਾਹ ਹੈ। ਮਹਾਤਮਾ ਗਾਂਧੀ ਨੇ ਸੱਤਿਆਗ੍ਰਹਿ ਨੂੰ ਹਿੰਸਾ ਨਹੀਂ ਸਗੋਂ ਨੈਤਿਕ ਸੰਵਾਦ ਦਾ ਮਾਧਿਅਮ ਬਣਾਇਆ। ਡਾ. ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਰਾਹੀਂ ਅਸਹਿਮਤੀ ਨੂੰ ਸੰਸਥਾਗਤ ਰੂਪ ਦਿੱਤਾ। ਸ਼ਹੀਦ ਭਗਤ ਸਿੰਘ ਨੇ ਇਨਕਲਾਬ ਨੂੰ ਸਿਰਫ਼ ਸੱਤਾ ਤਬਦੀਲੀ ਨਹੀਂ ਸਗੋਂ ਵਿਚਾਰਾਂ ਦੀ ਤਬਦੀਲੀ ਦਾ ਨਾਮ ਦਿੱਤਾ। ਉਨ੍ਹਾਂ ਨੇ ਸਪੱਸ਼ਟ ਕਿਹਾ ਸੀ, ''ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ।'' ਇਹ ਵਾਕ ਅੱਜ ਵੀ ਓਨਾ ਹੀ ਪ੍ਰਸੰਗਿਕ ਹੈ। ਜਮਹੂਰੀਅਤ ਵਿੱਚ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਰਾਸ਼ਟਰ ਦਾ ਚਰਿੱਤਰ ਉਸਦੇ ਨਾਗਰਿਕਾਂ ਤੋਂ ਬਣਦਾ ਹੈ। ਵਿਗਿਆਨ, ਮਸਨੂਈ ਬੁੱਧੀ, ਆਰਥਿਕਤਾ, ਡਿਜੀਟਲ ਸ਼ਾਸਨ, ਸਮਾਜਿਕ ਉਦਯੋਗ ਅਤੇ ਸੱਭਿਆਚਾਰਕ ਪੁਨਰਜਾਗਰਣ ਦੇ ਸਭ ਖੇਤਰ ਭਾਰਤੀ ਨੌਜਵਾਨਾਂ ਵੱਲੋਂ ਅਗਵਾਈ ਦੀ ਉਡੀਕ ਕਰ ਰਹੇ ਹਨ।

ਅੱਜ ਇਹ ਸਵਾਲ ਨਿਰਾਸ਼ਾ ਦਾ ਨਹੀਂ ਸਗੋਂ ਆਤਮ-ਮੰਥਨ ਦਾ ਹੈ। ਜਮਹੂਰੀਅਤ ਦੀ ਖ਼ੂਬਸੂਰਤੀ ਇਹੋ ਹੈ ਕਿ ਉਹ ਸਵਾਲ ਪੁੱਛਣ ਦੀ ਯੋਗਤਾ ਰੱਖਦੀ ਹੈ। ਸਵਾਲ ਪੁੱਛਣਾ ਜਮਹੂਰੀਅਤ ਨੂੰ ਕਮਜ਼ੋਰ ਨਹੀਂ ਕਰਦਾ, ਸਵਾਲਾਂ ਤੋਂ ਭੱਜਣਾ ਇਸ ਨੂੰ ਕਮਜ਼ੋਰ ਕਰਦਾ ਹੈ। ਭਾਰਤ ਦਾ ਭਵਿੱਖ ਕਿਸੇ ਇੱਕ ਵਿਚਾਰਧਾਰਾ ਜਾਂ ਇੱਕ ਪੀੜ੍ਹੀ ਦੇ ਹੱਥਾਂ ਵਿੱਚ ਨਹੀਂ ਸਗੋਂ ਸੰਵਾਦ ਕਰਨ ਵਾਲੇ ਸਮਾਜ ਦੇ ਹੱਥਾਂ ਵਿੱਚ ਹੈ। ਆਉਣ ਵਾਲੇ ਸਾਲਾਂ ਵਿੱਚ ਜੇ ਯੂਨੀਵਰਸਿਟੀਆਂ ਵਿਚਾਰਾਂ ਦੇ ਕੇਂਦਰ ਬਣਨ, ਮੀਡੀਆ ਤੱਥਪੂਰਨ ਵਿਚਾਰ ਵਟਾਂਦਰੇ ਦਾ ਮੰਚ ਬਣੇ, ਸਿਆਸਤ ਸੰਵਾਦ ਦਾ ਸੱਭਿਆਚਾਰ ਅਪਣਾਵੇ ਅਤੇ ਨੌਜਵਾਨ ਤਕਨਾਲੋਜੀ ਨਾਲ ਸੰਵੇਦਨਸ਼ੀਲਤਾ ਨੂੰ ਜੋੜਨ ਤਾਂ ਭਾਰਤ ਦੁਨੀਆ ਸਾਹਮਣੇ ਜਮਹੂਰੀਅਤ ਦਾ ਇੱਕ ਨਵਾਂ ਮਾਡਲ ਪੇਸ਼ ਕਰ ਸਕਦਾ ਹੈ। ਅੱਜ ਸਭ ਤੋਂ ਵੱਧ ਲੋੜ ਰਚਨਾਤਮਿਕ ਲੋਕਤੰਤਰੀ ਨਵ-ਜਾਗਰਣ ਦੀ ਹੈ। ਇੱਕ ਅਜਿਹਾ ਇਨਕਲਾਬ, ਜਿਸ ਵਿੱਚ ਕਿਤਾਬਾਂ ਵੀ ਹੋਣ, ਲੈਬਾਰਟਰੀਆਂ ਵੀ, ਕਵਿਤਾ ਵੀ ਹੋਵੇ, ਸੰਵਿਧਾਨ ਵੀ ਹੋਵੇ ਅਤੇ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਨਿਆਂ ਪਹੁੰਚਾਉਣ ਦਾ ਸੰਕਲਪ ਵੀ।


ਇਤਿਹਾਸ ਗਵਾਹ ਹੈ ਕਿ ਤਲਵਾਰਾਂ ਸਾਮਰਾਜ ਬਣਾ ਸਕਦੀਆਂ ਹਨ, ਪਰ ਸੱਭਿਅਤਾਵਾਂ ਸੰਵਾਦ ਨਾਲ ਬਣਦੀਆਂ ਹਨ। ਵਿਰੋਧ ਜਮਹੂਰੀਅਤ ਦਾ ਸੰਗੀਤ, ਸੰਵਾਦ ਇਸ ਦੀ ਆਤਮਾ ਅਤੇ ਨੌਜਵਾਨ ਇਸ ਦੀ ਧੜਕਣ ਹੁੰਦੇ ਹਨ। ਆਉਣ ਵਾਲੇ ਸਮੇਂ ਦਾ ਨਵਾਂ ਜੈੱਨ 'ਜ਼ੀ' ਭਾਰਤ ਉਹੀ ਹੋਵੇਗਾ ਜਿੱਥੇ ਸੱਤਾ ਅਤੇ ਸਮਾਜ ਵਿਚਾਲੇ ਸੰਵਾਦ ਦੀਆਂ ਖਿੜਕੀਆਂ ਖੁੱਲ੍ਹੀਆਂ ਰਹਿਣਗੀਆਂ, ਜਿੱਥੇ ਅਸਹਿਮਤੀ ਨੂੰ ਰਾਸ਼ਟਰ ਦੀ ਕਮਜ਼ੋਰੀ ਦੀ ਥਾਂ ਇਸ ਦੀ ਜੀਵੰਤਤਾ ਮੰਨਿਆ ਜਾਵੇਗਾ ਅਤੇ ਜਿੱਥੇ ਨੌਜਵਾਨ ਆਪਣੇ ਸੁਪਨਿਆਂ ਦੇ ਨਾਲ-ਨਾਲ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਨੂੰ ਵੀ ਅੱਗੇ ਵਧਾਉਣਗੇ। ਇਹੀ ਲੋਕਤੰਤਰ ਦੀ ਨਵੀਂ ਪਰਿਭਾਸ਼ਾ ਅਤੇ ਇਹੋ ਭਾਰਤ ਦੀ ਨਵੀਂ ਪਛਾਣ ਹੈ।

# ਮਾਨਵੀ ਜਜ਼ਬਾਤਾਂ ਨੂੰ ਬਿਆਨ ਕਰਦੀ ਇੱਕ ਸੱਚੀ ਤੇ ਦਿਲਸਪਰਸ਼ੀ ਕਹਾਣੀ

## ਮੂਨ - ਇੱਕ ਸੰਜੋਗ, ਇੱਕ ਸਾਂਝ, ਇੱਕ ਪਰਿਵਾਰ - ਮੂਨ ਦੀ ਜ਼ੁਬਾਨੀ



ਲੇਖਕ ਬਲਦੇਵ ਬਾਠ



ਮੈਂ ਇੱਕ ਮਾਸੂਮ ਜਿਹਾ ਜੀਵ ਹਾਂ। ਸ਼ੇਰ ਦੀ ਹੀ ਸ਼੍ਰੇਣੀ ਦਾ ਇੱਕ ਨਿੱਕਾ ਜਿਹਾ ਮੈਂਬਰ, ਜਿਸ ਨੂੰ ਮਨੁੱਖ ਕਦੇ ਬਿੱਲੀ, ਕਦੇ ਬਿੱਲਾ, ਕਦੇ ਘਰੇਲੂ ਬਿੱਲਾ ਤੇ ਕਦੇ ਬਾਹਰਲਾ ਬਿੱਲਾ ਆਖ ਕੇ ਬੁਲਾਉਂਦੇ ਹਨ। ਜਦੋਂ ਮੈਂ ਆਵਾਜ਼ ਕੱਢਦਾ ਹਾਂ, ਮੈਂ ਰੋਂਦਾ ਨਹੀਂ, ਮੈਂ ਸੰਕੇਤ ਦਿੰਦਾ ਹਾਂ।ਜਦੋਂ ਮੈਂ ਤੁਹਾਡਾ ਰਾਹ ਕੱਟਦਾ ਹਾਂ, ਮੈਂ ਬਦਸਗਣ ਨਹੀਂ ਬਣਦਾ, ਮੈਂ ਤਾਂ ਸਿਰਫ਼ ਚੇਤਾਵਨੀ ਦਿੰਦਾ ਹਾਂ ਕਿ ਥੋੜਾ ਧੀਰਜ ਧਰੋ, ਕੁਝ ਪਲ ਰੁਕ ਜਾਓ।

ਮੇਰਾ ਰੰਗ-ਰੂਪ ਭਾਵੇਂ ਕੋਈ ਵੀ ਹੋਵੇ, ਮੈਂ ਕੁਦਰਤ ਦੀ ਇੱਕ ਸੁੰਦਰ ਰਚਨਾ ਹਾਂ। ਮੈਨੂੰ ਪਤਾ ਹੈ ਕਿ ਮੇਰੇ ਕਾਲੇ ਰੰਗ ਨੂੰ ਬਹੁਤ ਲੋਕ ਪਸੰਦ ਨਹੀਂ ਕਰਦੇ, ਪਰ ਮੇਰਾ ਦਿਲ ਵੀ ਉਨ੍ਹਾਂ ਹੀ ਰੰਗਾਂ ਨਾਲ ਧੜਕਦਾ ਹੈ ਜਿੰਨਾ ਕਿਸੇ ਹੋਰ ਦਾ।

ਜਦੋਂ ਮੈਂ ਤੁਹਾਡੇ ਅੱਗੋਂ ਲੰਘਦਾ ਹਾਂ, ਮੈਂ ਤੁਹਾਡਾ ਸਵਾਗਤ ਕਰਦਾ ਹਾਂ, ਤੁਹਾਡੇ ਰਾਹ ਵਿੱਚ ਰੁਕਾਵਟ ਨਹੀਂ ਬਣਦਾ।

ਮੇਰਾ ਇਨਸਾਨ ਅਤੇ ਇਨਸਾਨੀਅਤ ਨਾਲ ਬਹੁਤ ਡੂੰਘਾ ਰਿਸ਼ਤਾ ਹੈ। ਮੈਂ ਮਨੁੱਖਾਂ ਦੇ ਦੁੱਖ-ਸੁੱਖ ਦਾ ਸਾਥੀ ਹਾਂ। ਮੈਨੂੰ ਪਿਆਰ ਨਾਲ ਆਪਣੀ ਗੋਦ ਵਿੱਚ ਬਿਠਾ ਕੇ ਵੇਖੋ। ਮੇਰੇ ਨਰਮ ਸਰੀਰ ਨੂੰ ਪਿਆਰ ਨਾਲ ਸਹਿਲਾਉਣ ਨਾਲ ਤੁਹਾਡੇ ਮਨ ਦੀ ਬੇਚੈਨੀ, ਦਰਦ ਅਤੇ ਇਕੱਲਾਪਣ ਹੌਲੀ-ਹੌਲੀ ਘੱਟ ਹੋਣ ਲੱਗਦਾ ਹੈ।

ਮੈਨੂੰ ਇਸਲਾਮ ਧਰਮ ਵਿੱਚ ਵਿਸ਼ੇਸ਼ ਮਾਣ ਅਤੇ ਸਤਿਕਾਰ ਪ੍ਰਾਪਤ ਹੈ। ਮੈਨੂੰ ਧਾਰਮਿਕ ਅਸਥਾਨਾਂ ਵਿੱਚ ਪ੍ਰਵੇਸ਼ ਦਾ ਵੀ ਸੁਭਾਗ ਮਿਲਿਆ ਹੈ।

ਅੰਤ ਵਿੱਚ ਮੇਰੀ ਸਿਰਫ਼ ਇੱਕ ਬੇਨਤੀ ਹੈ—ਮੈਨੂੰ ਬਦਸਗਣ ਨਾ ਸਮਝੋ। ਤੁਸੀਂ ਭਾਗਾਂ ਵਾਲੇ ਹੋ ਜੇ ਮੈਂ ਤੁਹਾਡੇ ਪਰਿਵਾਰ ਦਾ ਹਿੱਸਾ ਬਣਾਂ। ਮੈਂ ਵੀ ਤੁਹਾਡੇ ਬੱਚਿਆਂ—ਸ਼ਾਨ, ਜੋਵਨ, ਅਰਮਾਨ, ਤਮੰਨਾ, ਸਮਾਇਆ ਅਤੇ ਸਨਾ—ਵਾਂਗ ਪਿਆਰ ਅਤੇ ਆਪਣੇਪਣ ਦਾ ਹੱਕਦਾਰ ਹਾਂ।

ਇਨ੍ਹਾਂ ਚੰਦ ਸ਼ਬਦਾਂ ਨਾਲ ਮੈਂ ਆਪਣਾ ਪਰਚਾ ਇੱਥੇ ਹੀ ਸਮਾਪਤ ਕਰਦਾ ਹਾਂ ਅਤੇ ਆਪਣੇ ਸਭ ਦੇ ਸਾਂਝੇ ਬਾਬਾ ਜੀ, ਬਾਬਾ ਬਲਦੇਵ ਬਸੰਤ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਡੇ ਮਿਲਾਪ ਦੀ ਗਾਥਾ ਆਪਣੇ ਸ਼ਬਦਾਂ ਵਿੱਚ ਤੁਹਾਡੇ ਨਾਲ ਸਾਂਝੀ ਕਰਨ।

ਸੰਜੋਗ ਦੀ ਗਾਥਾ

ਮੂਨ ਦੀਆਂ ਗੱਲਾਂ ਸੁਣ ਕੇ ਮੇਰੇ ਕੋਲ ਕਹਿਣ ਲਈ ਸ਼ਬਦ ਨਹੀਂ ਬਚੇ। ਉਸਦੀ ਮਾਸੂਮੀਅਤ ਨੇ ਮੇਰੇ ਮਨ ਨੂੰ ਨਿਰਵਚਨ ਕਰ ਦਿੱਤਾ। ਉਸ ਵੇਲੇ ਗੁਰੂ ਸਾਹਿਬ ਦਾ ਇਹ ਸ਼ਬਦ ਮੇਰੇ ਕੰਨਾਂ ਵਿੱਚ ਗੂੰਜ ਰਿਹਾ ਸੀ—"ਸੰਜੋਗ ਵਿਜੋਗ ਦੋਇ ਕਾਰ ਚਲਾਵਹਿ, ਲੇਖੇ ਆਵਹਿ ਭਾਗ।" ਇਹ ਸਾਰੀ ਕਹਾਣੀ ਵੀ ਸ਼ਾਇਦ ਉਸੇ ਸੰਜੋਗ ਦਾ ਹਿੱਸਾ ਸੀ।5 ਜੁਲਾਈ 2026 ਨੂੰ ਮੈਂ ਆਪਣੇ ਇੱਕ ਦੋਸਤ ਨੂੰ ਕਿਹਾ ਕਿ ਮੈਨੂੰ ਇੱਕ ਫਲੈਟ ਡੈੱਕ ਟਰੱਕ ਚਾਹੀਦਾ ਹੈ। ਉਸ ਨੇ ਦੱਸਿਆ ਕਿ 88 ਐਵਨਿਊ ਅਤੇ 132 ਰੋਡ ਦੇ ਇੰਟਰਸੈਕਸ਼ਨ 'ਤੇ ਇੱਕ ਕੰਪਨੀ ਨੇ ਇੱਕ ਟਰੱਕ ਵਿਕਰੀ ਲਈ ਰੱਖਿਆ ਹੋਇਆ ਹੈ। ਉਸੇ ਸ਼ਾਮ ਮੈਂ ਆਪਣੀ ਪਤਨੀ ਰੇਸ਼ਮ ਨਾਲ ਟਰੱਕ ਵੇਖਣ ਗਿਆ, ਪਰ ਟਰੱਕ ਅੰਦਰ ਖੜ੍ਹਾ ਹੋਣ ਕਰਕੇ ਦਿਖਾਈ ਨਾ ਦਿੱਤਾ।

ਅਗਲੇ ਦਿਨ, ਮੈਂ ਆਪਣੇ ਮਕੈਨਿਕ ਨਾਲ ਉੱਥੇ ਪਹੁੰਚਿਆ। ਉਹ ਟਰੱਕ ਦੀ ਜਾਂਚ ਕਰ ਰਿਹਾ ਸੀ ਕਿ ਇਸੇ ਦੌਰਾਨ ਦੋ ਗੋਰੇ ਨੌਜਵਾਨ ਅਤੇ ਇੱਕ ਗੋਰੀ ਬੀਬੀ ਦਫ਼ਤਰ ਵਿੱਚੋਂ ਬਾਹਰ ਆਏ। ਉਹ ਮੁਸਕਰਾ ਕੇ ਮੇਰੇ ਕੋਲ ਆਏ ਅਤੇ ਕਹਿਣ ਲੱਗੇ—"ਰ. ਭਓਟਹ, ਹੋ ਓਰਏ੍ਹ?" ਉਨ੍ਹਾਂ ਵਿੱਚੋਂ ਇੱਕ, ਜਿਸ ਦਾ ਨਾਮ ਸਟੀਵ ਸੀ, ਨੇ ਮੇਰੇ ਨਾਲ ਹੱਥ ਮਿਲਾਇਆ। ਮੈਂ ਵੀ ਉਸੇ ਮਾਣ-ਸਤਿਕਾਰ ਨਾਲ ਉਸਦਾ ਸਵਾਗਤ ਕੀਤਾ ਅਤੇ ਪੁੱਛਿਆ—"ਇਸ ਟਹਿਸ ਟਰੁਚਕ ਡੋਰ ਸਓਲਏ?" ਸਟੀਵ ਨੇ ਮੁਸਕਰਾ ਕੇ ਕਿਹਾ—"ਹਾਂ ਜੀ। ਇਸ ਦੀ ਕੀਮਤ 9,000 ਡਾਲਰ ਹੈ, ਪਰ ਤੁਹਾਡੇ ਲਈ 7,500 ਡਾਲਰ।" ਮੇਰਾ ਮਕੈਨਿਕ ਟਰੱਕ ਦੀ ਜਾਂਚ ਕਰਕੇ ਕਹਿਣ ਲੱਗਾ ਕਿ ਚੈਸੀ ਥੋੜ੍ਹੀ ਜੰਗਾਲੀ ਹੈ। ਮੈਂ ਕਿਹਾ, "ਜਿਵੇਂ ਵੀ ਹੈ, ਆਪਾਂ ਇਹ ਟਰੱਕ ਲੈ ਹੀ ਜਾਣਾ ਹੈ।" ਇਸ ਗੱਲਬਾਤ ਦੌਰਾਨ ਮੇਰੀ ਨਜ਼ਰ ਅਚਾਨਕ ਪੰਜ-ਛੇ ਨਿੱਕੇ-ਨਿੱਕੇ ਬਿੱਲੀਆਂ ਦੇ ਬੱਚਿਆਂ ਉੱਤੇ ਪਈ। ਬਚਪਨ ਤੋਂ ਹੀ ਮੈਨੂੰ ਇਨ੍ਹਾਂ ਜੀਵਾਂ ਨਾਲ ਬਹੁਤ ਪਿਆਰ ਰਿਹਾ ਹੈ। ਮੈਂ ਸਟੀਵ ਨੂੰ ਪੁੱਛਿਆ—ਜੇ ਤੈਨੂੰ ਇਤਰਾਜ਼ ਨਾ ਹੋਵੇ ਤਾਂ ਕੀ ਮੈਂ ਇਨ੍ਹਾਂ ਵਿੱਚੋਂ ਇੱਕ ਬੱਚਾ ਆਪਣੇ ਨਾਲ ਲੈ ਜਾ ਸਕਦਾ ਹਾਂ?" ਸਟੀਵ ਮੁਸਕਰਾਇਆ ਤੇ ਕਹਿਣ ਲੱਗਾ—"ਲੈ ਜਾ ਸਕਦੇ ਹੋ, ਪਰ ਇੱਕ ਸ਼ਰਤ ਹੈ। ਜੇ ਤੂੰ ਉਹੀ ਬੱਚਾ ਚੁਣਿਆ ਜੋ ਮੇਰੇ ਦਿਲ ਅਤੇ ਦਿਮਾਗ ਵਿੱਚ ਹੈ, ਤਾਂ ਮੈਂ ਤੇਰੇ ਲਈ ਇੱਕ ਸਰਪ੍ਰਾਈਜ਼ ਰੱਖਿਆ ਹੈ।" ਉੱਥੇ ਕਾਲੇ, ਚਿੱਟੇ, ਭੂਰੇ ਅਤੇ ਕਾਲੇ-ਚਿੱਟੇ ਰੰਗਾਂ ਦੇ ਕਈ ਬੱਚੇ ਸਨ। ਮੇਰੀ ਨਜ਼ਰ ਇੱਕ ਸੁੰਦਰ ਭੂਰੇ-ਚਿੱਟੇ ਬੱਚੇ 'ਤੇ ਜਾ ਟਿਕੀ, ਜਿਸ ਦੀਆਂ ਹਰੀਆਂ-ਨੀਲੀਆਂ ਅੱਖਾਂ ਅਦਭੁੱਤ ਸਨ। ਮੈਂ ਉਸ ਵੱਲ ਇਸ਼ਾਰਾ ਕਰ ਦਿੱਤਾ। ਮੈਂਡੀ ਨੇ ਉਸ ਨੂੰ ਚੁੱਕ ਕੇ ਇੱਕ ਛੋਟੇ ਜਿਹੇ ਪਿੰਜਰੇ ਵਿੱਚ ਰੱਖ ਦਿੱਤਾ। ਉਸ ਪਲ ਮੇਰੇ ਦਿਲ ਵਿੱਚ ਜੋ ਅਹਿਸਾਸ ਪੈਦਾ ਹੋਇਆ, ਉਹ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ।

ਉਸ ਨੰਨੇ ਜਿਹੇ ਜੀਵ ਨੂੰ ਪਤਾ ਹੀ ਨਹੀਂ ਸੀ ਕਿ ਕੁਝ ਪਲਾਂ ਵਿੱਚ ਉਸਦੀ ਦੁਨੀਆ ਬਦਲ ਗਈ ਹੈ। ਕੁਝ ਮਿੰਟ ਉਹ ਆਪਣੀ ਮਾਂ ਨੂੰ ਪੁਕਾਰਦਾ ਰਿਹਾ, ਤੜਫਦਾ ਰਿਹਾ, ਫਿਰ ਬੇਵਸੀ ਨਾਲ ਚੁੱਪ ਕਰ ਗਿਆ। ਉਸ ਬੇਵਸੀ ਨੂੰ ਮੈਂ ਅੱਜ ਵੀ ਮਹਿਸੂਸ ਕਰ ਸਕਦਾ ਹਾਂ। ਸਟੀਵ ਨੇ ਮੁਸਕਰਾ ਕੇ ਕਿਹਾ— "ਤੂੰ ਉਹੀ ਬੱਚਾ ਚੁਣਿਆ ਹੈ ਜੋ ਮੇਰੇ ਮਨ ਵਿੱਚ ਸੀ। ਹੁਣ ਇਹ ਟਰੱਕ ਤੇਰੇ ਲਈ 6,500 ਡਾਲਰ ਦਾ ਹੈ। ਬਾਕੀ 1,000 ਡਾਲਰ ਮੈਂ ਇਸ ਬੱਚੇ ਦੀ ਦੇਖਭਾਲ ਲਈ ਤੈਨੂੰ ਤੋਹਫ਼ੇ ਵਜੋਂ ਦੇ ਰਿਹਾ ਹਾਂ।"

ਮੂਨ ਦਾ ਘਰ ਆਉਣਾ

ਘਰ ਪਹੁੰਚਣ ਤੋਂ ਪਹਿਲਾਂ ਮੈਂ ਮੂਨ ਨੂੰ ਬਸੰਤ ਮੋਟਰਜ਼ ਲੈ ਗਿਆ ਤਾਂ ਜੋ ਸਭ ਉਸਨੂੰ ਮਿਲ ਸਕਣ। ਉਹ ਬਹੁਤ ਡਰਿਆ ਹੋਇਆ ਸੀ, ਪਰ ਹਰ ਕੋਈ ਉਸਦੀ ਸੁੰਦਰਤਾ, ਉਸਦੇ ਰੰਗ ਅਤੇ ਉਸਦੀਆਂ ਨੀਲੀਆਂ ਅੱਖਾਂ ਦੀ ਤਾਰੀਫ਼ ਕਰ ਰਿਹਾ ਸੀ। ਫਿਰ ਅਸੀਂ ਉਸਨੂੰ ਫਾਰਮ ਲੈ ਆਏ। ਉਸ ਲਈ ਖਾਣਾ, ਖਿਡੌਣੇ ਅਤੇ ਹੋਰ ਲੋੜੀਂਦਾ ਸਮਾਨ ਮੰਗਵਾ ਦਿੱਤਾ। ਇੱਕ ਸੁੰਦਰ ਘਰ ਪਹਿਲਾਂ ਹੀ ਉਸਦੇ ਲਈ ਤਿਆਰ ਸੀ। ਮੈਂ ਉਸਦਾ ਨਾਮ "ਆਨਾਇਨ" ਰੱਖਿਆ। ਪਰ ਦੋ ਦਿਨ ਬਾਅਦ ਮੇਰੀ ਪੋਤੀ ਸਮਾਇਆ ਉਸਨੂੰ ਮਿਲਣ ਆਈ। ਉਸ ਨੇ ਉਸਨੂੰ ਵੇਖਦੇ ਹੀ ਕਿਹਾ— "ਬਾਬਾ ਜੀ, ਇਸਦਾ ਨਾਮ ਗਲਤ ਰੱਖਿਆ ਹੈ। ਇਸਦੇ ਰੰਗ, ਇਸਦਾ ਚਿਹਰਾ... ਇਹ ਤਾਂ ਬਿਲਕੁਲ ੍ਹਨ ਵਰਗਾ ਲੱਗਦਾ ਹੈ।" ਮੈਂ ਤੁਰੰਤ ਹੱਸ ਕੇ ਕਿਹਾ— "ਤੂੰ ਬਿਲਕੁਲ ਸਹੀ ਕਹਿੰਦੀ ਹੈਂ। ਇਸਦਾ ਨਾਮ ਮੂਨ ਹੀ ਹੋਵੇਗਾ।" ਉਸ ਦਿਨ ਤੋਂ ਅਸੀਂ ਦੋਵੇਂ "ਮੂਨ... ਮੂਨ... ਮੂਨ..." ਕਰਕੇ ਉਸਨੂੰ ਬੁਲਾਉਣ ਲੱਗ ਪਏ।

ਤਿੰਨ ਦਿਨਾਂ ਦੀ ਭੁੱਖ ਹੜਤਾਲ

ਪਰ ਮੂਨ ਲਈ ਇਹ ਸਭ ਕੁਝ ਆਸਾਨ ਨਹੀਂ ਸੀ।ਉਸਨੇ ਤਿੰਨ ਦਿਨ ਤੱਕ ਕੁਝ ਨਹੀਂ ਖਾਧਾ।ਉਹ ਆਪਣੇ ਘਰ, ਆਪਣੀ ਮਾਂ ਅਤੇ ਆਪਣੇ ਭੈਣ-ਭਰਾਵਾਂ ਨੂੰ ਯਾਦ ਕਰ ਰਿਹਾ ਸੀ।ਮੈਂ ਉਸਨੂੰ ਜ਼ਬਰਦਸਤੀ ਖਵਾਉਣ ਦੀ ਕੋਸ਼ਿਸ਼ ਕਰਦਾ, ਪਰ ਉਹ ਹਰ ਵਾਰ ਬਾਹਰ ਕੱਢ ਦਿੰਦਾ।ਮੈਂ ਆਪਣੇ ਆਪ ਨੂੰ ਦੋਸ਼ੀ ਸਮਝਣ ਲੱਗ ਪਿਆ।ਮੈਂ ਰੇਸ਼ਮ ਨੂੰ ਕਿਹਾ—"ਜਾਂ ਤਾਂ ਮੈਂ ਇਸਦੇ ਲਈ ਇੱਕ ਸਾਥੀ ਲਿਆਵਾਂ ਜਾਂ ਇਸਨੂੰ ਵਾਪਸ ਛੱਡ ਆਵਾਂ। ਮੇਰੇ ਤੋਂ ਪਾਪ ਹੋ ਗਿਆ।"ਰੇਸ਼ਮ ਨੇ ਬਹੁਤ ਪਿਆਰ ਨਾਲ ਕਿਹਾ—"ਤੂੰ ਕੋਈ ਪਾਪ ਨਹੀਂ ਕੀਤਾ। ਤੂੰ ਤਾਂ ਟਰੱਕ ਲੈਣ ਗਿਆ ਸੀ। ਪਰਮਾਤਮਾ ਨੇ ਇਸ ਘਰ ਦਾ ਅੰਨ-ਜਲ ਇਸਦੇ ਭਾਗਾਂ ਵਿੱਚ ਲਿਖਿਆ ਸੀ, ਇਸੇ ਕਰਕੇ ਇਹ ਤੇਰੀ ਝੋਲੀ ਪਿਆ ਹੈ। ਆਪਣੇ ਆਪ ਨੂੰ ਨਾ ਕੋਸ।"ਉਸਦੀ ਗੱਲ ਨੇ ਮੈਨੂੰ ਹੌਸਲਾ ਦਿੱਤਾ।ਤੀਜੇ ਦਿਨ ਮੂਨ ਨੇ ਆਪਣੀ ਭੁੱਖ ਹੜਤਾਲ ਤੋੜ ਦਿੱਤੀ।ਜਦੋਂ ਮੈਂ ਉਸਨੂੰ ਪਹਿਲੀ ਵਾਰ ਖਾਂਦੇ ਦੇਖਿਆ, ਮੈਨੂੰ ਉਹੀ ਖੁਸ਼ੀ ਮਿਲੀ ਜਿਵੇਂ ਇੱਕ ਮਾਂ ਆਪਣੇ ਬੱਚੇ ਨੂੰ ਪਹਿਲੀ ਬੁਰਕੀ ਖਾਂਦਾ ਵੇਖ ਕੇ ਮਹਿਸੂਸ ਕਰਦੀ ਹੈ।ਸੱਚਮੁੱਚ, ਸਮਾਂ ਬਹੁਤ ਬਲਵਾਨ ਹੁੰਦਾ ਹੈ।ਉਹ ਵੱਡੇ ਤੋਂ ਵੱਡਾ ਜ਼ਖ਼ਮ ਵੀ ਭਰ ਦਿੰਦਾ ਹੈ।ਪਹਿਲੇ ਤਿੰਨ ਦਿਨ ਮੈਂ ਹਰ ਰੋਜ਼ ਦੋ-ਦੋ ਘੰਟੇ ਮੂਨ ਨੂੰ ਆਪਣੀ ਗੋਦ ਵਿੱਚ ਬਿਠਾ ਕੇ ਉਸਦਾ ਸਿਰ ਸਹਿਲਾਉਂਦਾ ਅਤੇ ਉਸਨੂੰ ਕਹਿੰਦਾ—"ਅਸੀਂ ਵੀ ਇੱਕ ਦਿਨ ਆਪਣਾ ਪਿੰਡ, ਆਪਣਾ ਦੇਸ਼ ਅਤੇ ਆਪਣਾ ਪਰਿਵਾਰ ਛੱਡ ਕੇ ਚੰਗੇ ਭਵਿੱਖ ਦੀ ਖਾਤਰ ਕੈਨੇਡਾ ਆਏ ਸੀ। ਉਸ ਵੇਲੇ ਸਾਡੀ ਹਾਲਤ ਵੀ ਤੇਰੇ ਵਰਗੀ ਹੀ ਸੀ। ਅੱਜ ਤੂੰ ਬਸੰਤ ਪਰਿਵਾਰ ਦਾ ਮੈਂਬਰ ਹੈਂ। ਇਹੀ ਤੇਰਾ ਘਰ ਹੈ।"

ਅੱਜ ਦਾ ਮੂਨ


ਅੱਜ ਮੂਨ ਆਪਣੇ ਇਲਾਕੇ ਦਾ ਰਾਜਾ ਹੈ।ਰਾਤ-ਦਿਨ ਆਪਣੀ ਮਰਜ਼ੀ ਨਾਲ ਘੁੰਮਦਾ ਹੈ, ਖੇਡਦਾ ਹੈ ਅਤੇ ਆਪਣੀ ਮਿੱਠੀ ਆਵਾਜ਼ ਨਾਲ ਸਾਨੂੰ ਬੁਲਾਉਂਦਾ ਹੈ।ਬਸੰਤ ਪਰਿਵਾਰ ਦਾ ਪਿਆਰ ਜਿੱਤ ਗਿਆ।ਮੂਨ ਸਾਡਾ ਹੋ ਗਿਆ ਅਤੇ ਅਸੀਂ ਮੂਨ ਦੇ ਹੋ ਗਏ।ਅੱਜ ਜਦੋਂ ਵੀ ਪਰਿਵਾਰ ਦਾ ਕੋਈ ਮੈਂਬਰ "ਮੂਨ... ਮੂਨ..." ਆਵਾਜ਼ ਮਾਰਦਾ ਹੈ, ਉਹ ਆਪਣੀਆਂ ਘੁੰਗਰੂਆਂ ਖੜਕਾਉਂਦਾ ਦੌੜਿਆ ਆ ਜਾਂਦਾ ਹੈ।

ਲੌਂਗ ਲਿਵ ਮੂਨ। ਲੌਂਗ ਲਿਵ ਬਸੰਤ ਫੈਮਿਲੀ।

ਲ਼ੋਵਏ,ਨ.

ਬਲਦੇਵ ਸਿੰਘ ਬਾਠ (ਬਸੰਤ ਮੋਟਰ ਸਰੀ)

ਬ. 604 808 1194



## ਖ਼ਬਰਨਾਮਾ



# ਦਿੱਲੀ ਵਿੱਚ ਮੋਦੀ-ਸੁਖਬੀਰ ਮੁਲਾਕਾਤ ਨੇ ਵਧਾਈਆਂ ਸਿਆਸੀ ਅਟਕਲਾਂ

### ਪੰਜਾਬ ਦੀ ਰਾਜਨੀਤੀ ਵਿੱਚ ਮੁੜ ਗਠਜੋੜ ਦੀ ਚਰਚਾ ਤੇਜ਼



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ, ਜਿਸ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਨਵੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ।

ਹਾਲਾਂਕਿ ਦੋਵਾਂ ਧਿਰਾਂ ਵੱਲੋਂ ਇਸ ਮੀਟਿੰਗ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ, ਪਰ ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਇੱਕ ਗੈਰ-ਰਸਮੀ ਮੁਲਾਕਾਤ ਸੀ।

ਮੀਟਿੰਗ ਦੇ ਵੇਰਵਿਆਂ ਨੂੰ ਗੁਪਤ ਰੱਖਿਆ ਗਿਆ ਹੈ, ਪਰ ਇਸ ਮੁਲਾਕਾਤ ਨੇ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਭਵਿੱਖ ਵਿੱਚ ਸੰਭਾਵਿਤ ਸਿਆਸੀ ਸਮੀਕਰਨਾਂ ਨੂੰ ਲੈ ਕੇ ਅਟਕਲਾਂ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਦੋਵੇਂ ਪਾਰਟੀਆਂ ਲੰਬੇ ਸਮੇਂ ਤੱਕ ਪੰਜਾਬ ਵਿੱਚ ਸਾਥੀ ਰਹੀਆਂ ਹਨ ਅਤੇ 1997 ਤੋਂ 2017 ਤੱਕ ਤਿੰਨ ਵਾਰ ਗਠਜੋੜ ਸਰਕਾਰ ਚਲਾ ਚੁੱਕੀਆਂ ਹਨ।

ਸਾਲ 2020 ਦੇ ਕਿਸਾਨ ਅੰਦੋਲਨ ਦੌਰਾਨ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦੋਵਾਂ ਪਾਰਟੀਆਂ ਦੇ ਰਿਸ਼ਤਿਆਂ ਵਿੱਚ ਤਣਾਅ ਆ ਗਿਆ ਸੀ। ਪਹਿਲਾਂ ਅਕਾਲੀ ਦਲ ਨੇ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ, ਪਰ ਬਾਅਦ ਵਿੱਚ ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਭਾਜਪਾ ਨਾਲੋਂ ਆਪਣਾ ਦਹਾਕਿਆਂ ਪੁਰਾਣਾ ਗਠਜੋੜ ਤੋੜ ਲਿਆ ਸੀ।

ਇਸ ਤੋਂ ਬਾਅਦ ਦੋਵੇਂ ਪਾਰਟੀਆਂ ਨੇ ਵੱਖ-ਵੱਖ ਚੋਣਾਂ ਲੜੀਆਂ, ਪਰ ਉਨ੍ਹਾਂ ਨੂੰ ਉਮੀਦਾਂ ਮੁਤਾਬਕ ਸਫਲਤਾ ਨਹੀਂ ਮਿਲੀ।

ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ ਜਦੋਂ ਪੰਜਾਬ ਭਾਜਪਾ ਅਤੇ ਅਕਾਲੀ ਦਲ ਦੋਵੇਂ ਅੰਦਰੂਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਭਾਜਪਾ ਦੀ ਸੂਬਾ ਇਕਾਈ ਵਿੱਚ ਕੁਝ ਸੀਨੀਅਰ ਆਗੂ ਮੌਜੂਦਾ ਪ੍ਰਬੰਧਾਂ 'ਤੇ ਸਵਾਲ ਉਠਾ ਰਹੇ ਹਨ, ਜਦਕਿ ਅਕਾਲੀ ਦਲ ਵੀ ਧੜੇਬੰਦੀ ਅਤੇ ਅੰਦਰੂਨੀ ਖਿੱਚਤਾਣ ਨਾਲ ਜੂਝ ਰਿਹਾ ਹੈ।

ਦੂਜੇ ਪਾਸੇ, ਅਕਾਲੀ ਦਲ ਦੇ ਕੁਝ ਸੀਨੀਅਰ ਨੇਤਾਵਾਂ ਨੇ ਵੱਖ ਹੋ ਕੇ ਨਵਾਂ ਧੜਾ ਬਣਾਇਆ ਹੈ, ਜਦਕਿ ਮਨਪ੍ਰੀਤ ਸਿੰਘ ਇਆਲੀ ਦੀ ਅਗਵਾਈ ਹੇਠ ਹੋਰ ਸਿਆਸੀ ਸਰਗਰਮੀਆਂ ਵੀ ਪੇਂਡੂ ਖੇਤਰਾਂ ਵਿੱਚ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਅੰਦਰੂਨੀ ਮਤਭੇਦਾਂ ਦੇ ਮੱਦੇਨਜ਼ਰ ਜੇਕਰ ਭਵਿੱਖ ਵਿੱਚ ਕੋਈ ਨਵਾਂ ਸਿਆਸੀ ਗਠਜੋੜ ਬਣਦਾ ਹੈ ਤਾਂ ਪੰਜਾਬ ਦੀ 2027 ਵਿਧਾਨ ਸਭਾ ਚੋਣਾਂ ਦਾ ਸਿਆਸੀ ਸਮੀਕਰਨ ਬਦਲ ਸਕਦਾ ਹੈ।

ਹਾਲਾਂਕਿ, ਭਾਜਪਾ ਅਤੇ ਅਕਾਲੀ ਦਲ ਦੋਵੇਂ ਹੀ ਜਨਤਕ ਤੌਰ 'ਤੇ ਇਹ ਦਾਅਵਾ ਕਰ ਰਹੇ ਹਨ ਕਿ ਉਹ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਇਕੱਲੇ ਲੜਨਗੇ। ਭਾਜਪਾ ਦੇ ਕੌਮੀ ਨੇਤ੍ਰਿਤਵ ਅਤੇ ਪੰਜਾਬ ਇਕਾਈ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਪਾਰਟੀ ਸੂਬੇ ਦੀਆਂ ਸਾਰੀਆਂ 117 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਉੱਧਰ, ਸੁਖਬੀਰ ਸਿੰਘ ਬਾਦਲ ਵੀ ਕਈ ਵਾਰ ਕਹਿ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ 2027 ਦੀਆਂ ਚੋਣਾਂ ਲਈ ਸਾਰੀਆਂ 117 ਸੀਟਾਂ 'ਤੇ ਤਿਆਰੀ ਕਰ ਰਿਹਾ ਹੈ।

ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਮਹੇਸ਼ਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਮੀਟਿੰਗ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੇ ਨਤੀਜੇ ਕੱਢਣਾ ਅਜੇ ਜਲਦਬਾਜ਼ੀ ਹੋਵੇਗੀ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਅਹਿਮ ਚਰਚਾ ਹੋਈ ਹੈ ਤਾਂ ਪਾਰਟੀ ਪ੍ਰਧਾਨ ਇਸ ਬਾਰੇ ਕੋਰ ਕਮੇਟੀ ਦੀ ਮੀਟਿੰਗ ਵਿੱਚ ਜਾਣਕਾਰੀ ਦੇ ਸਕਦੇ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਰਾਜਨੀਤੀ ਵਿੱਚ ਕੋਈ ਵੀ ਮੁਲਾਕਾਤ ਪੂਰੀ ਤਰ੍ਹਾਂ ਗੈਰ-ਰਸਮੀ ਨਹੀਂ ਹੁੰਦੀ ਅਤੇ ਸੰਭਵ ਹੈ ਕਿ ਮੀਟਿੰਗ ਦੌਰਾਨ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ, ਸੂਬੇ ਦੇ ਮੁੱਦਿਆਂ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਕਾਜ ਬਾਰੇ ਵੀ ਗੱਲਬਾਤ ਹੋਈ ਹੋਵੇ।

# ਗੁਰਬਾਣੀ ਦੇ ਸਿੱਧੇ ਪ੍ਰਸਾਰਣ ਨੂੰ ਲੈ ਕੇ ਵਿਵਾਦ ਗਹਿਰਾਇਆ, ਐੱਸਜੀਪੀਸੀ ਵੱਲੋਂ ਨਿੱਜੀ ਚੈਨਲ ਨੂੰ ਕਾਨੂੰਨੀ ਨੋਟਿਸ ਜਾਰੀ



ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਣ ਨੂੰ ਲੈ ਕੇ ਵਿਵਾਦ ਇੱਕ ਵਾਰ ਫਿਰ ਭਖ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਬਿਨਾਂ ਮਨਜ਼ੂਰੀ ਗੁਰਬਾਣੀ ਦਾ ਲਾਈਵ ਪ੍ਰਸਾਰਣ ਕਰਨ ਵਾਲੇ ਇੱਕ ਨਿੱਜੀ ਚੈਨਲ ਨੂੰ ਕਾਨੂੰਨੀ ਨੋਟਿਸ ਭੇਜ ਕੇ ਤੁਰੰਤ ਪ੍ਰਸਾਰਣ ਬੰਦ ਕਰਨ ਲਈ ਕਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੱਤਰਕਾਰ ਸੰਮੇਲਨ ਦੌਰਾਨ ਦੱਸਿਆ ਕਿ ਸੰਬੰਧਿਤ ਚੈਨਲ ਨੇ ਬਿਨਾਂ ਕਿਸੇ ਅਧਿਕਾਰਤ ਪ੍ਰਵਾਨਗੀ ਦੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਣ ਸ਼ੁਰੂ ਕੀਤਾ ਹੈ, ਜੋ ਕਿ ਨਿਯਮਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਚੈਨਲ ਨੂੰ ਕਾਨੂੰਨੀ ਨੋਟਿਸ ਭੇਜ ਦਿੱਤਾ ਗਿਆ ਹੈ ਅਤੇ ਜੇਕਰ ਪ੍ਰਸਾਰਣ ਤੁਰੰਤ ਬੰਦ ਨਾ ਕੀਤਾ ਗਿਆ ਤਾਂ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਐੱਸਜੀਪੀਸੀ ਨੇ ਜਤਾਇਆ ਇਤਰਾਜ਼**

ਐਡਵੋਕੇਟ ਧਾਮੀ ਨੇ ਦੱਸਿਆ ਕਿ ਬੀਤੀ ਰਾਤ ਸੰਬੰਧਿਤ ਨਿੱਜੀ ਚੈਨਲ ਵੱਲੋਂ ਇੱਕ ਪੱਤਰ ਭੇਜਿਆ ਗਿਆ ਸੀ, ਜਿਸ ਵਿੱਚ ਗੁਰਬਾਣੀ ਦਾ ਲਾਈਵ ਪ੍ਰਸਾਰਣ ਸ਼ੁਰੂ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਸੀ। ਇਸ ਤੋਂ ਬਾਅਦ ਅੱਜ ਸਵੇਰੇ ਚੈਨਲ ਨੇ ਸਿੱਧਾ ਪ੍ਰਸਾਰਣ ਵੀ ਸ਼ੁਰੂ ਕਰ ਦਿੱਤਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦਾ ਅਧਿਕਾਰ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਅਤੇ ਬਿਨਾਂ ਮਨਜ਼ੂਰੀ ਕੋਈ ਵੀ ਚੈਨਲ ਅਜਿਹਾ ਨਹੀਂ ਕਰ ਸਕਦਾ।

**ਪੀਟੀਸੀ ਨਾਲ ਸਮਝੌਤਾ 2023 ਵਿੱਚ ਹੋਇਆ ਸੀ ਖ਼ਤਮ**

ਧਾਮੀ ਨੇ ਖੁਲਾਸਾ ਕੀਤਾ ਕਿ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਲਈ ਪੀਟੀਸੀ ਚੈਨਲ ਨਾਲ ਕੀਤਾ ਗਿਆ ਇਕਰਾਰਨਾਮਾ ਸਾਲ 2023 ਵਿੱਚ ਖ਼ਤਮ ਹੋ ਚੁੱਕਾ ਹੈ। ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਐੱਸਜੀਪੀਸੀ ਨੇ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਪ੍ਰਕਿਰਿਆ ਆਰੰਭ ਕੀਤੀ ਸੀ, ਜੋ ਅਜੇ ਵੀ ਜਾਰੀ ਹੈ।

ਉਨ੍ਹਾਂ ਦੱਸਿਆ ਕਿ ਇਸ ਦੌਰਾਨ ਐੱਸਜੀਪੀਸੀ ਵੱਲੋਂ ਆਪਣਾ ਯੂਟਿਊਬ ਚੈਨਲ ਸ਼ੁਰੂ ਕੀਤਾ ਗਿਆ, ਜਿਸ ਰਾਹੀਂ ਲਗਾਤਾਰ ਗੁਰਬਾਣੀ ਦਾ ਪ੍ਰਸਾਰਣ ਕੀਤਾ ਜਾ ਰਿਹਾ ਹੈ। ਹਾਲਾਂਕਿ ਬਾਅਦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤਹਿਤ ਪੀਟੀਸੀ ਨਾਲ ਅਸਥਾਈ ਤੌਰ 'ਤੇ ਮੁੜ ਪ੍ਰਸਾਰਣ ਦੀ ਵਿਵਸਥਾ ਕੀਤੀ ਗਈ ਸੀ।

**ਹੋਰ ਚੈਨਲਾਂ ਦੀਆਂ ਬੇਨਤੀਆਂ 'ਤੇ ਹੋਵੇਗੀ ਚਰਚਾ**

ਇੱਕ ਸਵਾਲ ਦੇ ਜਵਾਬ ਵਿੱਚ ਐਡਵੋਕੇਟ ਧਾਮੀ ਨੇ ਕਿਹਾ ਕਿ ਜੇਕਰ ਕੋਈ ਨਿੱਜੀ ਚੈਨਲ ਗੁਰਬਾਣੀ ਦੇ ਪ੍ਰਸਾਰਣ ਲਈ ਅਧਿਕਾਰਤ ਮਨਜ਼ੂਰੀ ਮੰਗਦਾ ਹੈ ਤਾਂ ਉਸ ਦੀ ਬੇਨਤੀ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇੱਕ ਹੋਰ ਨਿੱਜੀ ਚੈਨਲ ਵੱਲੋਂ ਵੀ ਇਸ ਸਬੰਧੀ ਪੱਤਰ ਭੇਜਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਜਲਦੀ ਹੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਰੱਖਿਆ ਜਾਵੇਗਾ ਅਤੇ ਲੋੜ ਪੈਣ 'ਤੇ ਇੱਕ ਵਿਸ਼ੇਸ਼ ਉਪ-ਕਮੇਟੀ ਬਣਾਕੇ ਅੰਤਿਮ ਫ਼ੈਸਲਾ ਲਿਆ ਜਾਵੇਗਾ।

**ਨਿੱਜੀ ਚੈਨਲ ਨੇ ਵੀ ਦਿੱਤੀ ਸਫ਼ਾਈ**

ਦੂਜੇ ਪਾਸੇ, ਗੁਰਬਾਣੀ ਦਾ ਸਿੱਧਾ ਪ੍ਰਸਾਰਣ ਕਰਨ ਵਾਲੇ ਨਿੱਜੀ ਚੈਨਲ ਦੇ ਪ੍ਰਬੰਧਕਾਂ ਨੇ ਆਪਣਾ ਪੱਖ ਰੱਖਦਿਆਂ ਕਿਹਾ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਐੱਸਜੀਪੀਸੀ ਦੇ ਕਾਨੂੰਨੀ ਸਲਾਹਕਾਰਾਂ ਵੱਲੋਂ ਇੱਕ ਪੱਤਰਕਾਰ ਸੰਮੇਲਨ ਵਿੱਚ ਇਹ ਕਿਹਾ ਗਿਆ ਸੀ ਕਿ ਗੁਰਬਾਣੀ ਦੇ ਲਾਈਵ ਪ੍ਰਸਾਰਣ 'ਤੇ ਕਿਸੇ ਵੀ ਚੈਨਲ ਲਈ ਕੋਈ ਪਾਬੰਦੀ ਨਹੀਂ ਹੈ।

**ਵਿਧਾਨ ਸਭਾ ਤੱਕ ਪਹੁੰਚਿਆ ਮਾਮਲਾ**

ਗੌਰਤਲਬ ਹੈ ਕਿ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦਾ ਇਹ ਵਿਵਾਦ ਬੀਤੇ ਦਿਨ ਪੰਜਾਬ ਵਿਧਾਨ ਸਭਾ ਵਿੱਚ ਵੀ ਉੱਠਿਆ ਸੀ। ਇਸ ਤੋਂ ਬਾਅਦ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ।

# ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਿਆਂ ਨੂੰ ਵੱਡਾ ਝਟਕਾ, ਪੰਜ ਸਾਲਾਂ ਵਿੱਚ ਕਰੀਬ ਛੇ ਲੱਖ ਵਿਦਿਆਰਥੀ ਘਟੇ



**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਕਮੀ ਦਰਜ ਕੀਤੀ ਗਈ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2021-22 ਵਿੱਚ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ 29,62,378 ਵਿਦਿਆਰਥੀ ਪੜ੍ਹ ਰਹੇ ਸਨ, ਜਦਕਿ ਸਾਲ 2026-27 ਵਿੱਚ ਇਹ ਗਿਣਤੀ ਘਟ ਕੇ 23,64,076 ਰਹਿ ਗਈ ਹੈ। ਇਸ ਤਰ੍ਹਾਂ ਪੰਜ ਸਾਲਾਂ ਵਿੱਚ ਕਰੀਬ 5,98,302 ਵਿਦਿਆਰਥੀਆਂ ਦੇ ਦਾਖ਼ਲੇ ਘਟੇ ਹਨ, ਜਿਸ ਨਾਲ ਪੰਜਾਬ ਸਰਕਾਰ ਦੇ ਸਿੱਖਿਆ ਮਾਡਲ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਹੋ ਗਏ ਹਨ।

ਇਹ ਜਾਣਕਾਰੀ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਸਾਹਮਣੇ ਆਈ ਹੈ। ਵਿਰੋਧੀ ਧਿਰ ਨੇ ਸਰਕਾਰੀ ਸਕੂਲਾਂ ਵਿੱਚ ਘਟ ਰਹੇ ਦਾਖ਼ਲਿਆਂ ਨੂੰ ਲੈ ਕੇ ਸਰਕਾਰ ਦੀਆਂ ਨੀਤੀਆਂ ਉੱਤੇ ਸਵਾਲ ਚੁੱਕੇ ਹਨ।

ਦੂਜੇ ਪਾਸੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਕਮੀ ਦਾ ਕਾਰਨ ਪਹਿਲਾਂ ਦਰਜ ਕੀਤੇ ਗਏ ਫ਼ਰਜ਼ੀ ਦਾਖ਼ਲਿਆਂ ਨੂੰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਕਰੀਬ ਸਾਢੇ ਤਿੰਨ ਲੱਖ ਫ਼ਰਜ਼ੀ ਦਾਖ਼ਲੇ ਰਿਕਾਰਡ ਵਿੱਚ ਮੌਜੂਦ ਸਨ, ਜਿਨ੍ਹਾਂ ਨੂੰ ਹਟਾਉਣ ਤੋਂ ਬਾਅਦ ਅਸਲ ਤਸਵੀਰ ਸਾਹਮਣੇ ਆਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਵਰਦੀਆਂ ਅਤੇ ਹੋਰ ਸਹੂਲਤਾਂ ਲਈ ਦਿੱਤੀ ਜਾਣ ਵਾਲੀ ਰਕਮ ਦੀ ਵੀ ਬਚਤ ਹੋਈ ਹੈ।

ਵਿਧਾਨ ਸਭਾ ਵਿੱਚ ਦਿੱਤੇ ਗਏ ਲਿਖਤੀ ਜਵਾਬ ਅਨੁਸਾਰ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਕੇਵਲ ਦੋ ਨਵੇਂ ਸਕੂਲ ਖੋਲ੍ਹੇ ਗਏ ਹਨ। ਇਨ੍ਹਾਂ ਵਿੱਚ ਫ਼ਾਜ਼ਿਲਕਾ ਦੇ ਪਿੰਡ ਆਤੂਵਾਲਾ ਵਿੱਚ ਇੱਕ ਨਵਾਂ ਪ੍ਰਾਇਮਰੀ ਸਕੂਲ ਅਤੇ ਮੁਹਾਲੀ ਦੇ ਫ਼ੇਜ਼-11 ਵਿੱਚ ਇੱਕ ਮਿਡਲ ਸਕੂਲ ਸ਼ਾਮਲ ਹੈ। ਇਸੇ ਸਮੇਂ ਦੌਰਾਨ ਫ਼ਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਕਪੂਰਥਲਾ, ਪਟਿਆਲਾ ਅਤੇ ਰੋਪੜ ਜ਼ਿਲ੍ਹਿਆਂ ਵਿੱਚ ਸੱਤ ਸਕੂਲ ਬੰਦ ਵੀ ਕੀਤੇ ਗਏ ਹਨ।

ਹਾਲਾਂਕਿ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਸੁਧਾਰ ਲਈ 'ਸਕੂਲ ਆਫ਼ ਐਮੀਨੈਂਸ' ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਨੂੰ ਸਿੱਖਿਆ ਕ੍ਰਾਂਤੀ ਦਾ ਮੁੱਖ ਹਿੱਸਾ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਪੰਜ ਸਕੂਲਾਂ ਨੂੰ ਅੱਪਗਰੇਡ ਵੀ ਕੀਤਾ ਗਿਆ ਹੈ। ਇਨ੍ਹਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੌਜ ਦਾ ਸਕੂਲ ਵੀ ਸ਼ਾਮਲ ਹੈ, ਜਿਸ ਨੂੰ ਸੀਨੀਅਰ ਸੈਕੰਡਰੀ ਸਕੂਲ ਦਾ ਦਰਜਾ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਸਿੱਖਿਆ ਵਿਭਾਗ ਵਿੱਚ ਇਸ ਵੇਲੇ 31,370 ਅਸਾਮੀਆਂ ਖ਼ਾਲੀ ਪਈਆਂ ਹਨ। ਸਰਕਾਰ ਵੱਲੋਂ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਰਣਨੀਤੀ ਤਿਆਰ ਕਰਨ ਦਾ ਦਾਅਵਾ ਕੀਤਾ ਗਿਆ ਹੈ, ਪਰ ਵਿਰੋਧੀ ਧਿਰ ਇਸ ਮਾਮਲੇ ਨੂੰ ਲੈ ਕੇ ਸਰਕਾਰ ਨੂੰ ਘੇਰਨ ਵਿੱਚ ਲੱਗੀ ਹੋਈ ਹੈ।

# ਚੰਡੀਗੜ੍ਹ ਪ੍ਰਦਰਸ਼ਨ ਤੋਂ ਬਾਅਦ ਸਰਕਾਰ ਝੁਕੀ

## ਮੁਲਾਜ਼ਮਾਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਮੀਟਿੰਗ 27 ਅਗਸਤ ਨੂੰ ਹੋਵੇਗੀ



**ਚੰਡੀਗੜ੍ਹ:** ਮਹਿੰਗਾਈ ਭੱਤੇ (ਡੀਏ) ਦੇ ਬਕਾਏ ਅਤੇ ਹੋਰ ਲੰਬਿਤ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਚੰਡੀਗੜ੍ਹ ਵਿੱਚ ਹੋਏ ਵੱਡੇ ਪ੍ਰਦਰਸ਼ਨ ਤੋਂ ਬਾਅਦ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਮੁਲਾਜ਼ਮ ਜਥੇਬੰਦੀਆਂ ਵਿਚਾਲੇ ਮੀਟਿੰਗ 27 ਅਗਸਤ ਨੂੰ ਤੈਅ ਕਰ ਦਿੱਤੀ ਹੈ।

ਇਹ ਮੀਟਿੰਗ ਦੁਪਹਿਰ 12 ਵਜੇ ਸੈਕਟਰ-3 ਸਥਿਤ ਪੰਜਾਬ ਭਵਨ ਵਿੱਚ ਹੋਵੇਗੀ। ਸਰਕਾਰ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ, ਇਸ ਬੈਠਕ ਵਿੱਚ ਮੁਲਾਜ਼ਮ ਜਥੇਬੰਦੀਆਂ ਦੇ ਵੱਧ ਤੋਂ ਵੱਧ 10 ਨੁਮਾਇੰਦੇ ਹੀ ਸ਼ਾਮਲ ਹੋ ਸਕਣਗੇ।

ਇਹ ਫ਼ੈਸਲਾ ਉਸ ਵੇਲੇ ਲਿਆ ਗਿਆ, ਜਦੋਂ ਸ਼ੁੱਕਰਵਾਰ ਨੂੰ ਸੂਬੇ ਭਰ ਤੋਂ ਸੈਂਕੜੇ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਚੰਡੀਗੜ੍ਹ ਪਹੁੰਚੇ ਅਤੇ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ। ਮੌਨਸੂਨ ਸੈਸ਼ਨ ਦੌਰਾਨ ਵਿਧਾਨ ਸਭਾ ਦਾ ਘਿਰਾਓ ਕਰਨ ਦੀ ਯੋਜਨਾ ਤਹਿਤ ਮੁਲਾਜ਼ਮ ਮੁਹਾਲੀ ਰਾਹੀਂ ਚੰਡੀਗੜ੍ਹ ਵਿੱਚ ਦਾਖ਼ਲ ਹੋ ਰਹੇ ਸਨ।

ਸੈਕਟਰ-39 ਦੇ ਨੇੜੇ ਪੁਲੀਸ ਨੇ ਵੱਡੀ ਗਿਣਤੀ ਵਿੱਚ ਬੈਰੀਕੇਡ ਲਗਾ ਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਦਿੱਤਾ। ਇਸ ਦੌਰਾਨ ਮੁਲਾਜ਼ਮਾਂ ਅਤੇ ਪੁਲੀਸ ਵਿਚਾਲੇ ਧੱਕਾਮੁੱਕੀ ਵੀ ਹੋਈ। ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਪਾਰ ਕਰਕੇ ਵਿਧਾਨ ਸਭਾ ਵੱਲ ਵਧਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਸਥਿਤੀ ਤਣਾਅਪੂਰਨ ਬਣ ਗਈ।

ਹਾਲਾਤਾਂ ਨੂੰ ਕਾਬੂ ਵਿੱਚ ਕਰਨ ਲਈ ਪੁਲੀਸ ਨੇ ਵਾਟਰ ਕੈਨਨ ਦੀ ਵਰਤੋਂ ਕਰਦਿਆਂ ਪ੍ਰਦਰਸ਼ਨਕਾਰੀਆਂ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਇਸ ਦੇ ਬਾਵਜੂਦ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਮੌਕੇ 'ਤੇ ਡਟੇ ਰਹੇ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਰਹੇ।

ਮੁਲਾਜ਼ਮ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਹ ਲੰਬੇ ਸਮੇਂ ਤੋਂ ਮਹਿੰਗਾਈ ਭੱਤੇ ਦੇ ਬਕਾਏ ਅਤੇ ਹੋਰ ਵਾਅਦਿਆਂ ਨੂੰ ਪੂਰਾ ਕਰਨ ਦੀ ਮੰਗ ਕਰ ਰਹੇ ਹਨ, ਪਰ ਸਰਕਾਰ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਹੁਣ 27 ਅਗਸਤ ਨੂੰ ਹੋਣ ਵਾਲੀ ਮੀਟਿੰਗ ਤੋਂ ਮੁਲਾਜ਼ਮਾਂ ਨੂੰ ਵੱਡੀਆਂ ਉਮੀਦਾਂ ਹਨ।

ਸਿਆਸੀ ਅਤੇ ਪ੍ਰਸ਼ਾਸਨਿਕ ਹਲਕਿਆਂ ਦੀ ਨਜ਼ਰ ਹੁਣ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨਾਲ ਹੋਣ ਵਾਲੀ ਇਸ ਅਹਿਮ ਬੈਠਕ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਕੋਈ ਠੋਸ ਫ਼ੈਸਲਾ ਲਿਆ ਜਾਂਦਾ ਹੈ ਜਾਂ ਨਹੀਂ।

# ਪੰਜਾਬ ਵਿੱਚ ਰੁੱਖਾਂ ਦੀ ਕਟਾਈ 'ਤੇ ਨਵਾਂ ਕਾਨੂੰਨ: ਇੱਕ ਦਰੱਖਤ ਕੱਟਣ 'ਤੇ ਲਗਾਉਣੇ ਪੈਣਗੇ 10 ਬੂਟੇ, 50 ਹਜ਼ਾਰ ਤੱਕ ਜੁਰਮਾਨੇ ਦੀ ਵਿਵਸਥਾ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿੱਚ ਵਾਤਾਵਰਨ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਵੱਡਾ ਫ਼ੈਸਲਾ ਲੈਂਦਿਆਂ "ਪੰਜਾਬ ਪ੍ਰੋਟੈਕਸ਼ਨ ਆਫ਼ ਟ੍ਰੀਜ਼ ਬਿੱਲ" ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਪ੍ਰਵਾਨ ਕੀਤੇ ਗਏ ਇਸ ਬਿੱਲ ਤਹਿਤ ਗੈਰ-ਕਾਨੂੰਨੀ ਤਰੀਕੇ ਨਾਲ ਰੁੱਖ ਕੱਟਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਅਤੇ ਭਾਰੀ ਜੁਰਮਾਨਿਆਂ ਦੀ ਵਿਵਸਥਾ ਕੀਤੀ ਗਈ ਹੈ।

ਨਵੇਂ ਪ੍ਰਸਤਾਵਿਤ ਕਾਨੂੰਨ ਮੁਤਾਬਕ, ਜੇਕਰ ਕੋਈ ਵਿਅਕਤੀ ਇੱਕ ਰੁੱਖ ਕੱਟਦਾ ਹੈ ਤਾਂ ਉਸ ਨੂੰ ਉਸ ਦੀ ਥਾਂ 'ਤੇ 10 ਨਵੇਂ ਬੂਟੇ ਲਗਾਉਣੇ ਪੈਣਗੇ। ਇਸ ਤੋਂ ਇਲਾਵਾ ਗੈਰ-ਕਾਨੂੰਨੀ ਤੌਰ 'ਤੇ ਰੁੱਖਾਂ ਦੀ ਕਟਾਈ ਕਰਨ ਵਾਲਿਆਂ ਲਈ ਵਾਤਾਵਰਨ ਮੁਆਵਜ਼ਾ ਵੀ ਤੈਅ ਕੀਤਾ ਗਿਆ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲੀ ਵਾਰ ਰੁੱਖ ਕੱਟਣ ਦੇ ਦੋਸ਼ੀ ਨੂੰ 10 ਹਜ਼ਾਰ ਰੁਪਏ ਜੁਰਮਾਨਾ ਭਰਨਾ ਪਵੇਗਾ। ਜੇਕਰ ਕੋਈ ਦੂਜੀ ਵਾਰ ਅਜਿਹਾ ਕਰਦਾ ਹੈ ਤਾਂ ਉਸ 'ਤੇ 35 ਹਜ਼ਾਰ ਰੁਪਏ ਦਾ ਜੁਰਮਾਨਾ ਲੱਗੇਗਾ, ਜਦਕਿ ਤੀਜੀ ਵਾਰ ਉਲੰਘਣਾ ਕਰਨ ਵਾਲੇ ਨੂੰ 50 ਹਜ਼ਾਰ ਰੁਪਏ ਤੱਕ ਜੁਰਮਾਨਾ ਭੁਗਤਣਾ ਪਵੇਗਾ।

ਇਹ ਬਿੱਲ ਖ਼ਾਸ ਤੌਰ 'ਤੇ ਸ਼ਹਿਰੀ ਅਤੇ ਗੈਰ-ਜੰਗਲਾਤ ਖੇਤਰਾਂ ਵਿੱਚ ਰੁੱਖਾਂ ਦੀ ਕਟਾਈ, ਹਟਾਉਣ ਅਤੇ ਤਬਦੀਲੀ ਨੂੰ ਨਿਯਮਤ ਕਰਨ ਲਈ ਲਿਆਂਦਾ ਗਿਆ ਹੈ। ਸਰਕਾਰ ਇਸ ਨੂੰ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਮਾਨਸੂਨ ਇਜਲਾਸ ਦੌਰਾਨ ਪੇਸ਼ ਕਰੇਗੀ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਜੰਗਲਾਂ ਦਾ ਰਕਬਾ ਸਿਰਫ਼ 3.67 ਫ਼ੀਸਦੀ ਹੈ, ਜੋ ਦੇਸ਼ ਦੇ ਸਭ ਤੋਂ ਘੱਟ ਜੰਗਲਾਤ ਵਾਲੇ ਸੂਬਿਆਂ ਵਿੱਚ ਸ਼ਾਮਲ ਹੈ। ਜੇਕਰ ਜੰਗਲਾਂ ਤੋਂ ਬਾਹਰ ਮੌਜੂਦ ਰੁੱਖਾਂ ਨੂੰ ਵੀ ਜੋੜ ਲਿਆ ਜਾਵੇ ਤਾਂ ਇਹ ਅੰਕੜਾ 12.58 ਫ਼ੀਸਦੀ ਬਣਦਾ ਹੈ, ਜੋ ਰਾਸ਼ਟਰੀ ਜੰਗਲ ਨੀਤੀ ਦੇ 33 ਫ਼ੀਸਦੀ ਟੀਚੇ ਨਾਲੋਂ ਕਾਫ਼ੀ ਘੱਟ ਹੈ।

ਇਹ ਕਾਨੂੰਨ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਰਦੇਸ਼ਾਂ ਤਹਿਤ ਤਿਆਰ ਕੀਤਾ ਗਿਆ ਹੈ। ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ ਸ਼ਹਿਰੀ ਖੇਤਰਾਂ ਵਿੱਚ ਰੁੱਖਾਂ ਦੀ ਕਟਾਈ ਨੂੰ ਨਿਯਮਤ ਕਰਨ ਲਈ ਵੱਖਰਾ ਕਾਨੂੰਨ ਬਣਾਉਣ ਲਈ ਕਿਹਾ ਸੀ। ਹਾਲਾਂਕਿ, ਐਗਰੋ-ਫਾਰੈਸਟਰੀ ਅਤੇ ਖੇਤਾਂ ਵਿੱਚ ਵਪਾਰਕ ਮਕਸਦ ਲਈ ਲਗਾਏ ਜਾਣ ਵਾਲੇ ਰੁੱਖ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰਹਿਣਗੇ, ਤਾਂ ਜੋ ਕਿਸਾਨਾਂ ਨੂੰ ਰੁੱਖ ਲਗਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਇਸ ਦੇ ਨਾਲ ਹੀ ਪੰਜਾਬ ਕੈਬਨਿਟ ਨੇ "ਪੰਜਾਬ ਸਟੇਟ ਆਉਟਸੋਰਸਡ ਪਰਸੋਨਲ (ਟਰਾਂਜ਼ਿਸ਼ਨ ਟੂ ਕੰਟਰੈਕਚੁਅਲ ਐਂਗੇਜਮੈਂਟ) ਬਿੱਲ" ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਹ ਬਿੱਲ ਕਰੀਬ 65 ਹਜ਼ਾਰ ਆਉਟਸੋਰਸ ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਰਾਹ ਪੱਧਰਾ ਕਰੇਗਾ। ਸਰਕਾਰ ਪਹਿਲਾਂ ਇਸ ਮਾਮਲੇ ਵਿੱਚ ਆਰਡੀਨੈਂਸ ਲਿਆਉਣਾ ਚਾਹੁੰਦੀ ਸੀ, ਪਰ ਰਾਜਪਾਲ ਵੱਲੋਂ ਮਨਜ਼ੂਰੀ ਨਾ ਮਿਲਣ ਕਾਰਨ ਹੁਣ ਇਸ ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇਗਾ।

ਵਿੱਤ ਮੰਤਰੀ ਨੇ ਇਹ ਵੀ ਦੱਸਿਆ ਕਿ ਕੈਬਨਿਟ ਨੇ ਹੁਸ਼ਿਆਰਪੁਰ ਅਤੇ ਪਟਿਆਲਾ ਵਿੱਚ ਤਿੰਨ ਨਵੀਆਂ ਸਵੈ-ਵਿੱਤੀ ਡਿਜੀਟਲ ਯੂਨੀਵਰਸਿਟੀਆਂ ਖੋਲ੍ਹਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਦੀਆਂ ਫ਼ੀਸਾਂ ਨੂੰ ਨਿਯਮਤ ਕਰਨ ਲਈ ਨਵੇਂ ਬਿੱਲ ਨੂੰ ਵੀ ਹਰੀ ਝੰਡੀ ਦੇ ਦਿੱਤੀ ਗਈ ਹੈ।

# ਵਿਧਾਨ ਸਭਾ ਦੇ ਸਿਫ਼ਰ ਕਾਲ ਦੌਰਾਨ ਗੂੰਜੇ ਬੰਦੀ ਸਿੰਘਾਂ, ਗੁਰਬਾਣੀ ਪ੍ਰਸਾਰਨ ਅਤੇ ਮੁਲਾਜ਼ਮਾਂ ਦੇ ਡੀਏ ਦੇ ਮੁੱਦੇ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਸਿਫ਼ਰ ਕਾਲ ਦੌਰਾਨ ਅੱਜ ਸਦਨ ਵਿੱਚ ਬੰਦੀ ਸਿੰਘਾਂ ਦੀ ਰਿਹਾਈ, ਗੁਰਬਾਣੀ ਦੇ ਸਿੱਧੇ ਪ੍ਰਸਾਰਨ, ਸਰਕਾਰੀ ਮੁਲਾਜ਼ਮਾਂ ਦੇ ਡੀਏ, ਵਿਕਾਸ ਕਾਰਜਾਂ ਅਤੇ ਹੋਰ ਕਈ ਅਹਿਮ ਮਸਲੇ ਛਾਏ ਰਹੇ। ਵੱਖ-ਵੱਖ ਪਾਰਟੀਆਂ ਦੇ ਵਿਧਾਇਕਾਂ ਨੇ ਸਰਕਾਰ ਦੇ ਸਾਹਮਣੇ ਆਪਣੇ-ਆਪਣੇ ਹਲਕਿਆਂ ਅਤੇ ਜਨਤਾ ਨਾਲ ਜੁੜੇ ਮੁੱਦੇ ਉਠਾਉਂਦੇ ਹੋਏ ਕਈ ਘਪਲਿਆਂ ਦੀ ਜਾਂਚ ਦੀ ਮੰਗ ਵੀ ਕੀਤੀ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਸਦਨ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਉਠਾਉਂਦਿਆਂ ਸਰਕਾਰਾਂ ਦੇ ਦੋਹਰੇ ਰਵੱਈਏ 'ਤੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਇੱਕ ਪਾਸੇ ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਵਰਗੇ ਬੰਦੀ ਸਿੰਘਾਂ ਨੂੰ ਪੈਰੋਲ ਤੱਕ ਨਹੀਂ ਮਿਲ ਰਹੀ, ਜਦਕਿ ਦੂਜੇ ਪਾਸੇ ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ।

ਇਆਲੀ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਮਾਮਲਾ ਵੀ ਚੁੱਕਿਆ। ਉਨ੍ਹਾਂ ਦੋਸ਼ ਲਗਾਇਆ ਕਿ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਤਬਦੀਲ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਉਨ੍ਹਾਂ ਨੂੰ ਸੰਸਦ ਦੇ ਮੌਨਸੂਨ ਇਜਲਾਸ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਹਾਈ ਕੋਰਟ ਵਿੱਚ ਇਸ ਮਾਮਲੇ ਸਬੰਧੀ ਲੰਬੀਆਂ ਤਰੀਕਾਂ ਲੈ ਰਹੀ ਹੈ ਅਤੇ ਸੰਸਦੀ ਕੋਟੇ ਦੇ ਫੰਡ ਵੀ ਜਾਰੀ ਨਹੀਂ ਕੀਤੇ ਜਾ ਰਹੇ।

ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਨਾਲ ਜੁੜਿਆ ਮੁੱਦਾ ਚੁੱਕਿਆ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਨਿੱਜੀ ਚੈਨਲ ਨੂੰ ਪ੍ਰਸਾਰਨ ਦੇ ਅਧਿਕਾਰ ਦਿੱਤੇ ਗਏ ਹਨ, ਜਦਕਿ ਸਾਲ 2023 ਤੋਂ ਉਸ ਚੈਨਲ ਵੱਲ ਕਮੇਟੀ ਦੇ ਕਰੀਬ ਛੇ ਕਰੋੜ ਰੁਪਏ ਬਕਾਇਆ ਹਨ। ਗਿਆਸਪੁਰਾ ਨੇ ਲੇਖਾਕਾਰ ਸਤਿੰਦਰ ਕੋਹਲੀ ਤੋਂ ਸਾਢੇ ਸੱਤ ਕਰੋੜ ਰੁਪਏ ਦੀ ਵਸੂਲੀ ਨਾ ਹੋਣ ਦਾ ਮਾਮਲਾ ਵੀ ਸਦਨ ਵਿੱਚ ਉਠਾਇਆ।

ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਗੁਰੂ ਰਵਿਦਾਸ ਜੀ ਦੀ ਜਨਮ ਜਯੰਤੀ ਦੇ ਮੱਦੇਨਜ਼ਰ ਹੁਸ਼ਿਆਰਪੁਰ ਸ਼ਹਿਰ ਦਾ ਨਾਮ ਬਦਲ ਕੇ "ਸ੍ਰੀ ਗੁਰੂ ਰਵਿਦਾਸ ਨਗਰ" ਰੱਖਣ ਦੀ ਮੰਗ ਕੀਤੀ। ਉੱਥੇ ਹੀ ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਵਣਾਂਵਾਲੀ ਨੇ ਟਿਊਬਵੈੱਲ ਕੁਨੈਕਸ਼ਨਾਂ ਦੀ ਵੰਡ ਸਬੰਧੀ ਸੁਝਾਅ ਦਿੰਦਿਆਂ ਕਿਹਾ ਕਿ ਮੋਟਰ ਕੁਨੈਕਸ਼ਨਾਂ ਨੂੰ ਅੱਧੀ-ਅੱਧੀ ਹਾਰਸ ਪਾਵਰ ਵਿੱਚ ਵੰਡ ਕੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਜਾਣ।

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਇਮਾਰਤੀ ਸਮੱਗਰੀ ਦੇ ਨਿਰਧਾਰਿਤ ਭਾਅ ਮਾਰਕੀਟ ਨਾਲੋਂ ਕਾਫ਼ੀ ਘੱਟ ਹਨ, ਜਿਸ ਕਾਰਨ ਵਿਕਾਸ ਕੰਮ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਸਰਕਾਰ ਨੂੰ ਇਹ ਦਰਾਂ ਮੁੜ ਤੈਅ ਕਰਨ ਦੀ ਅਪੀਲ ਕੀਤੀ।

ਭਾਜਪਾ ਦੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਪਠਾਨਕੋਟ ਦੇ ਵਿਕਾਸ ਨਾਲ ਜੁੜੇ ਮੁੱਦੇ ਉਠਾਏ, ਜਦਕਿ ਜੰਗੀ ਲਾਲ ਮਹਾਜਨ ਨੇ ਨਵੇਂ ਬਣੇ 26 ਖੇਡ ਮੈਦਾਨਾਂ ਦੀ ਜਾਂਚ ਦੀ ਮੰਗ ਕੀਤੀ। ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਜੇਸੀਟੀ ਮਿੱਲ ਦੇ ਕਰਮਚਾਰੀਆਂ ਦੇ ਬਕਾਏ ਜਲਦੀ ਅਦਾ ਕਰਨ ਦੀ ਮੰਗ ਕੀਤੀ, ਜਦਕਿ ਬਸਪਾ ਵਿਧਾਇਕ ਡਾ. ਨਛੱਤਰ ਪਾਲ ਨੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਬਣ ਰਹੇ ਮੈਡੀਕਲ ਕਾਲਜ ਦਾ ਕੰਮ ਸ਼ੁਰੂ ਨਾ ਹੋਣ ਦਾ ਮੁੱਦਾ ਚੁੱਕਿਆ।

ਸਿਫ਼ਰ ਕਾਲ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਡੀਏ ਦਾ ਮਸਲਾ ਸਦਨ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ। ਉਨ੍ਹਾਂ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਰੀਬ ਸਾਢੇ ਸੱਤ ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਚਾਰ ਸਾਲਾਂ ਦਾ ਬਕਾਇਆ ਡੀਏ, ਜੋ ਲਗਭਗ 14 ਹਜ਼ਾਰ ਕਰੋੜ ਰੁਪਏ ਬਣਦਾ ਹੈ, 6 ਫ਼ੀਸਦੀ ਵਿਆਜ ਸਮੇਤ 15 ਦਿਨਾਂ ਅੰਦਰ ਜਾਰੀ ਕਰਨ ਦੇ ਹੁਕਮ ਦਿੱਤੇ ਹਨ।

ਬਾਜਵਾ ਨੇ ਸਰਕਾਰ ਤੋਂ ਸਪੱਸ਼ਟ ਕਰਨ ਦੀ ਮੰਗ ਕੀਤੀ ਕਿ ਕੀ ਉਹ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰੇਗੀ ਜਾਂ ਫਿਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਵੇਗੀ।

# ਮੋਰਿੰਡਾ 'ਚ ਅੰਮ੍ਰਿਤਪਾਲ ਸਿੰਘ ਮਾਮਲੇ ਦੇ ਗਵਾਹ 'ਤੇ ਫਾਇਰਿੰਗ ਪੁਲੀਸ ਨੇ ਸਾਜ਼ਿਸ਼ ਦੇ ਦਾਅਵਿਆਂ ਨੂੰ ਨਕਾਰਿਆ



**ਰੂਪਨਗਰ:** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਸਬੰਧਤ ਅਜਨਾਲਾ ਕਾਂਡ ਦੇ ਇੱਕ ਗਵਾਹ ਉੱਤੇ ਮੋਰਿੰਡਾ ਨੇੜੇ ਗੋਲੀਆਂ ਚੱਲਣ ਦੀ ਘਟਨਾ ਸਾਹਮਣੇ ਆਈ ਹੈ। ਹਾਲਾਂਕਿ, ਇਸ ਘਟਨਾ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਗਵਾਹ ਸੁਰੱਖਿਅਤ ਬਚ ਗਿਆ। ਪੁਲੀਸ ਨੇ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਸ਼ੁਰੂਆਤੀ ਜਾਂਚ ਦੇ ਆਧਾਰ 'ਤੇ ਇਸ ਨੂੰ ਰੋਡ ਰੇਜ ਦਾ ਮਾਮਲਾ ਦੱਸਿਆ ਹੈ।

ਜਾਣਕਾਰੀ ਅਨੁਸਾਰ ਅਜਨਾਲਾ ਮਾਮਲੇ ਵਿੱਚ ਸ਼ਿਕਾਇਤਕਰਤਾ ਅਤੇ ਗਵਾਹ ਪਿੰਡ ਸਲੇਮਪੁਰ ਦੇ ਰਹਿਣ ਵਾਲੇ ਵਰਿੰਦਰ ਸਿੰਘ ਮਾਵੀ ਨੇ ਤੜਕੇ ਕਰੀਬ ਦੋ ਵਜੇ ਪੁਲੀਸ ਨੂੰ ਸੂਚਨਾ ਦਿੱਤੀ ਕਿ ਇੱਕ ਵਿਅਕਤੀ ਉਸ ਦਾ ਪਿੱਛਾ ਕਰਦਿਆਂ ਗੋਲੀਆਂ ਚਲਾ ਰਿਹਾ ਹੈ। ਸੂਚਨਾ ਮਿਲਣ ਤੋਂ ਬਾਅਦ ਪੁਲੀਸ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਜਾਂਚ ਸ਼ੁਰੂ ਕਰ ਦਿੱਤੀ।

ਰੂਪਨਗਰ ਦੇ ਐੱਸਐੱਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਪਿੰਡ ਸਮਰੌਲੀ ਦੇ ਰਹਿਣ ਵਾਲੇ ਜਸਬੀਰ ਸਿੰਘ ਉਰਫ਼ ਕਾਲਾ ਅਤੇ ਵਰਿੰਦਰ ਸਿੰਘ ਮਾਵੀ ਵਿਚਕਾਰ ਗੱਡੀ ਨੂੰ ਲੰਘਾਉਣ ਨੂੰ ਲੈ ਕੇ ਵਿਵਾਦ ਹੋ ਗਿਆ ਸੀ। ਦੋਸ਼ ਹੈ ਕਿ ਜਸਬੀਰ ਸਿੰਘ ਨੇ ਨਸ਼ੇ ਦੀ ਹਾਲਤ ਵਿੱਚ ਪਹਿਲਾਂ ਹਵਾਈ ਫਾਇਰ ਕੀਤੇ ਅਤੇ ਫਿਰ ਮਾਵੀ ਦੀ ਗੱਡੀ ਦਾ ਪਿੱਛਾ ਕਰਦਿਆਂ ਉਸ ਦੇ ਪਿੰਡ ਤੱਕ ਪਹੁੰਚ ਗਿਆ।

ਪੁਲੀਸ ਮੁਤਾਬਕ ਮੁਲਜ਼ਮ ਨੇ ਮਾਵੀ ਅਤੇ ਉਸ ਦੇ ਸਾਥੀਆਂ ਨੂੰ ਧਮਕੀਆਂ ਵੀ ਦਿੱਤੀਆਂ, ਜਿਸ ਤੋਂ ਬਾਅਦ ਉਸ ਨੂੰ ਕਾਬੂ ਕਰ ਲਿਆ ਗਿਆ। ਥਾਣਾ ਸਦਰ ਮੋਰਿੰਡਾ ਵਿੱਚ ਮੁਲਜ਼ਮ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਣ ਲੱਗੀਆਂ। ਕੁਝ ਪੋਸਟਾਂ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਵਰਿੰਦਰ ਸਿੰਘ ਮਾਵੀ ਦੇ ਅੰਮ੍ਰਿਤਪਾਲ ਸਿੰਘ ਮਾਮਲੇ ਵਿੱਚ ਗਵਾਹ ਹੋਣ ਕਾਰਨ ਇਹ ਹਮਲਾ ਕੀਤਾ ਗਿਆ ਹੈ। ਹਾਲਾਂਕਿ, ਪੁਲੀਸ ਨੇ ਅਜਿਹੀਆਂ ਸਾਰੀਆਂ ਅਟਕਲਾਂ ਨੂੰ ਖ਼ਾਰਜ ਕਰਦਿਆਂ ਕਿਹਾ ਹੈ ਕਿ ਹੁਣ ਤੱਕ ਦੀ ਜਾਂਚ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਜ਼ਿਸ਼ ਜਾਂ ਗਵਾਹੀ ਨਾਲ ਜੁੜੇ ਹਮਲੇ ਦਾ ਕੋਈ ਸਬੂਤ ਨਹੀਂ ਮਿਲਿਆ।

ਦੂਜੇ ਪਾਸੇ, ਅੰਮ੍ਰਿਤਪਾਲ ਸਿੰਘ ਨਾਲ ਸਬੰਧਤ ਮਾਮਲਿਆਂ ਦੇ ਗਵਾਹਾਂ ਅਤੇ ਸ਼ਿਕਾਇਤਕਰਤਾਵਾਂ ਦੀ ਪੈਰਵੀ ਕਰ ਰਹੇ ਵਕੀਲ ਪਰਮਿੰਦਰ ਸਿੰਘ ਵਿੱਗ ਨੇ ਇਸ ਘਟਨਾ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਗਵਾਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ, ਜਿਸ ਕਾਰਨ ਉਨ੍ਹਾਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਪੁਲੀਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਅਪੁਸ਼ਟ ਖ਼ਬਰਾਂ ਅਤੇ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਜਾਂਚ ਮੁਕੰਮਲ ਹੋਣ ਤੱਕ ਕਿਸੇ ਵੀ ਨਤੀਜੇ 'ਤੇ ਨਾ ਪਹੁੰਚਣ।

# ਗੁਰਬਾਣੀ ਪ੍ਰਸਾਰਣ ਲਈ ਐੱਸਜੀਪੀਸੀ ਦੇ ਆਪਣੇ ਚੈਨਲ ਦਾ ਸੁਪਨਾ ਅਧੂਰਾ, ਸੈਟੇਲਾਈਟ ਮਨਜ਼ੂਰੀ ਦੀ ਉਡੀਕ ਜਾਰੀ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਵੱਲੋਂ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਯੋਜਨਾ ਅਜੇ ਤੱਕ ਸਿਰੇ ਨਹੀਂ ਚੜ੍ਹ ਸਕੀ। ਕਈ ਸਾਲਾਂ ਤੋਂ ਚੱਲ ਰਹੇ ਇਸ ਮਾਮਲੇ ਨੇ ਇੱਕ ਵਾਰ ਫਿਰ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਚਰਚਾ ਛੇੜ ਦਿੱਤੀ ਹੈ।

ਬੀਤੇ ਦਿਨ ਪੰਜਾਬ ਵਿਧਾਨ ਸਭਾ ਵਿੱਚ ਇਸ ਮੁੱਦੇ ਨੂੰ ਲੈ ਕੇ ਹੋਈ ਚਰਚਾ ਤੋਂ ਬਾਅਦ ਐੱਸਜੀਪੀਸੀ ਦੇ ਆਪਣੇ ਚੈਨਲ ਦੀ ਸਥਾਪਨਾ ਦਾ ਮਾਮਲਾ ਮੁੜ ਸੁਰਖੀਆਂ ਵਿੱਚ ਆ ਗਿਆ। ਵਿਧਾਨ ਸਭਾ ਵਿੱਚ ਕੁਝ ਵਿਧਾਇਕਾਂ ਵੱਲੋਂ ਦੋਸ਼ ਲਾਇਆ ਗਿਆ ਕਿ ਸ਼੍ਰੋਮਣੀ ਕਮੇਟੀ ਨੇ ਨਿੱਜੀ ਚੈਨਲ ਤੋਂ ਬਕਾਇਆ ਰਕਮ ਦੀ ਵਸੂਲੀ ਨਹੀਂ ਕੀਤੀ। ਹਾਲਾਂਕਿ, ਐੱਸਜੀਪੀਸੀ ਨੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਉਨ੍ਹਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਕੁਝ ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਲਈ ਆਪਣਾ ਵੱਖਰਾ ਚੈਨਲ ਸਥਾਪਤ ਕੀਤਾ ਜਾਵੇ। ਇਸ ਦੇ ਨਾਲ ਹੀ ਨਿੱਜੀ ਚੈਨਲ ਨੂੰ ਦਿੱਤੇ ਗਏ ਪ੍ਰਸਾਰਣ ਅਧਿਕਾਰ ਵਾਪਸ ਲੈਣ ਲਈ ਵੀ ਕਿਹਾ ਗਿਆ ਸੀ।

ਇਸ ਹੁਕਮ ਤੋਂ ਬਾਅਦ ਐੱਸਜੀਪੀਸੀ ਨੇ ਗੁਰਬਾਣੀ ਦੇ ਪ੍ਰਸਾਰਣ ਲਈ ਆਪਣਾ ਯੂ-ਟਿਊਬ ਚੈਨਲ ਤਾਂ ਸ਼ੁਰੂ ਕਰ ਦਿੱਤਾ, ਪਰ ਸੈਟੇਲਾਈਟ ਚੈਨਲ ਦੀ ਸਥਾਪਨਾ ਅਜੇ ਵੀ ਅਧੂਰੀ ਹੈ।

ਸ਼੍ਰੋਮਣੀ ਕਮੇਟੀ ਦੇ ਸੂਤਰਾਂ ਅਨੁਸਾਰ, ਇਸ ਸਬੰਧੀ ਕੇਂਦਰ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨਾਲ ਕਈ ਵਾਰ ਸੰਪਰਕ ਕੀਤਾ ਗਿਆ ਅਤੇ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਹੋਈਆਂ। ਇਸ ਦੇ ਬਾਵਜੂਦ ਨਿੱਜੀ ਸੈਟੇਲਾਈਟ ਚੈਨਲਾਂ ਲਈ ਬਣਾਏ ਗਏ ਕੁਝ ਨਿਯਮਾਂ ਅਤੇ ਤਕਨੀਕੀ ਸ਼ਰਤਾਂ ਕਾਰਨ ਐੱਸਜੀਪੀਸੀ ਨੂੰ ਹੁਣ ਤੱਕ ਮਨਜ਼ੂਰੀ ਨਹੀਂ ਮਿਲ ਸਕੀ।

ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਸਕਾਰਾਤਮਕ ਭਰੋਸਾ ਤਾਂ ਦਿੱਤਾ ਗਿਆ ਸੀ, ਪਰ ਅਜੇ ਤੱਕ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਇਸ ਕਾਰਨ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਲਈ ਐੱਸਜੀਪੀਸੀ ਦਾ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦਾ ਸੁਪਨਾ ਅਜੇ ਵੀ ਅਧੂਰਾ ਹੈ।

ਇਸ ਮਾਮਲੇ ਨੇ ਹੁਣ ਸਿਆਸੀ ਰੂਪ ਵੀ ਧਾਰ ਲਿਆ ਹੈ।

ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਇਸ ਸਬੰਧੀ ਸਾਰੀ ਜਾਣਕਾਰੀ ਅਤੇ ਕੇਂਦਰ ਸਰਕਾਰ ਨਾਲ ਹੋਈ ਪੱਤਰ-ਵਿਹਾਰ ਨੂੰ ਜਨਤਕ ਕੀਤਾ ਜਾਵੇ, ਤਾਂ ਜੋ ਸੰਗਤ ਨੂੰ ਅਸਲ ਸਥਿਤੀ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਪ੍ਰਸਾਰਣ ਸਿਰਫ਼ ਤਕਨੀਕੀ ਜਾਂ ਪ੍ਰਸ਼ਾਸਨਿਕ ਮਾਮਲਾ ਨਹੀਂ, ਸਗੋਂ ਇਹ ਕਰੋੜਾਂ ਸਿੱਖ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਮੁੱਦਾ ਹੈ, ਜਿਸ ਬਾਰੇ ਪਾਰਦਰਸ਼ਤਾ ਬਹੁਤ ਜ਼ਰੂਰੀ ਹੈ।

# ਮੋਗਾ ਵਿੱਚ ਕਾਂਗਰਸ ਦੀ ਬੈਠਕ ਦੌਰਾਨ ਹੰਗਾਮਾ, 'ਚੰਨੀ ਨੂੰ ਅੱਗੇ ਲਿਆਉਣ' ਦੀ ਉੱਠੀ ਮੰਗ



**ਮੋਗਾ:** ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਅਤੇ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਮੋਗਾ ਫੇਰੀ ਦੌਰਾਨ ਪਾਰਟੀ ਅੰਦਰਲੇ ਮਤਭੇਦ ਖੁੱਲ੍ਹ ਕੇ ਸਾਹਮਣੇ ਆਏ। ਥਾਪਰ ਨਰਸਿੰਗ ਹੋਮ ਵਿੱਚ ਜ਼ਿਲ੍ਹਾ ਪੱਧਰੀ ਆਗੂਆਂ ਨਾਲ ਹੋ ਰਹੀ ਮੀਟਿੰਗ ਦੌਰਾਨ ਕੁਝ ਕਾਂਗਰਸੀ ਵਰਕਰਾਂ ਨੇ ਨਾਅਰੇਬਾਜ਼ੀ ਕਰਦਿਆਂ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕੀਤੇ।

ਮੀਟਿੰਗ ਵਿੱਚ ਜ਼ਿਲ੍ਹਾ ਕਾਂਗਰਸ ਪ੍ਰਧਾਨ ਹਰੀ ਸਿੰਘ ਖਾਈ ਅਤੇ ਰਾਜਾ ਵੜਿੰਗ ਧੜੇ ਨਾਲ ਸਬੰਧਤ ਆਗੂਆਂ ਦੀ ਮੌਜੂਦਗੀ ਦੇ ਬਾਵਜੂਦ ਧਰਮਕੋਟ ਦੇ ਸਾਬਕਾ ਵਿਧਾਇਕ ਕਾਕਾ ਸੁਖਜੀਤ ਸਿੰਘ ਲੋਹਗੜ੍ਹ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਅਤੇ ਚਰਨਜੀਤ ਸਿੰਘ ਚੰਨੀ ਦੇ ਸਮਰਥਕ ਮੰਨੇ ਜਾਂਦੇ ਕਈ ਆਗੂਆਂ ਨੂੰ ਸੱਦਾ ਨਾ ਮਿਲਣ ਕਾਰਨ ਨਾਰਾਜ਼ਗੀ ਦੇ ਸੁਰ ਉੱਭਰ ਕੇ ਸਾਹਮਣੇ ਆਏ।

ਭੂਪੇਸ਼ ਬਘੇਲ ਦੀ ਅਗਵਾਈ ਹੇਠ ਚੱਲ ਰਹੀ ਬੈਠਕ ਦੌਰਾਨ ਵੱਡੀ ਗਿਣਤੀ ਵਿੱਚ ਸਥਾਨਕ ਕਾਂਗਰਸੀ ਵਰਕਰ ਮੀਟਿੰਗ ਸਥਾਨ ਦੇ ਬਾਹਰ ਇਕੱਠੇ ਹੋ ਗਏ ਅਤੇ "ਚੰਨੀ ਲਿਆਓ, ਪੰਜਾਬ ਬਚਾਓ" ਦੇ ਨਾਅਰੇ ਲਗਾਉਂਦੇ ਹੋਏ ਰਾਜਾ ਵੜਿੰਗ ਅਤੇ ਭੂਪੇਸ਼ ਬਘੇਲ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਕੁਝ ਵਰਕਰ ਗੇਟ ਖੋਲ੍ਹ ਕੇ ਅੰਦਰ ਵੀ ਦਾਖ਼ਲ ਹੋ ਗਏ, ਪਰ ਉਨ੍ਹਾਂ ਨੂੰ ਮੀਟਿੰਗ ਹਾਲ ਤੱਕ ਪਹੁੰਚਣ ਤੋਂ ਰੋਕ ਦਿੱਤਾ ਗਿਆ।


ਇਸ ਮੌਕੇ ਜ਼ਿਲ੍ਹਾ ਪਰਿਸ਼ਦ ਚੋਣਾਂ ਲੜ ਚੁੱਕੇ ਕਾਂਗਰਸੀ ਆਗੂ ਗੁਰਵਿੰਦਰ ਸਿੰਘ ਜਵੰਦਾ, ਜੋਧਾ ਸਿੰਘ ਦੀਨਾ ਅਤੇ ਸਰਪੰਚ ਦਿਲਬਾਗ ਸਿੰਘ ਨੇ ਕਿਹਾ ਕਿ ਮੌਜੂਦਾ ਲੀਡਰਸ਼ਿਪ ਦੇ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦਰਜ ਕਰਨੀ ਮੁਸ਼ਕਲ ਹੈ। ਉਨ੍ਹਾਂ ਦਾ ਦਾਅਵਾ ਸੀ ਕਿ ਧਰਮਕੋਟ, ਮੋਗਾ ਅਤੇ ਬਾਘਾਪੁਰਾਣਾ ਖੇਤਰਾਂ ਵਿੱਚ ਪੁਰਾਣੇ ਅਤੇ ਵਫ਼ਾਦਾਰ ਕਾਂਗਰਸੀ ਵਰਕਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਵਰਕਰਾਂ ਨੇ ਦੋਸ਼ ਲਗਾਇਆ ਕਿ ਜ਼ਿਲ੍ਹਾ ਪੱਧਰ 'ਤੇ ਫ਼ੈਸਲੇ ਇੱਕ ਧੜੇ ਦੀ ਮਰਜ਼ੀ ਨਾਲ ਲਏ ਜਾ ਰਹੇ ਹਨ, ਜਿਸ ਕਾਰਨ ਪਾਰਟੀ ਅੰਦਰ ਨਾਰਾਜ਼ਗੀ ਵਧ ਰਹੀ ਹੈ। ਉਨ੍ਹਾਂ ਰਾਜਾ ਵੜਿੰਗ ਨੂੰ ਖੁੱਲ੍ਹੇ ਮੰਚ 'ਤੇ ਆ ਕੇ ਵਰਕਰਾਂ ਨਾਲ ਗੱਲਬਾਤ ਕਰਨ ਦੀ ਚੁਣੌਤੀ ਵੀ ਦਿੱਤੀ।

ਪ੍ਰਦਰਸ਼ਨ ਕਰ ਰਹੇ ਆਗੂਆਂ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਨੂੰ ਹਾਈਕਮਾਨ ਸਾਹਮਣੇ ਸੂਬੇ ਦੀ ਅਸਲ ਸਥਿਤੀ ਪੇਸ਼ ਕਰਨੀ ਚਾਹੀਦੀ ਹੈ ਅਤੇ ਜ਼ਮੀਨੀ ਪੱਧਰ 'ਤੇ ਵਰਕਰਾਂ ਨਾਲ ਸਿੱਧਾ ਸੰਵਾਦ ਕਰਨਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੀ ਵਾਪਸੀ ਲਈ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਅੱਗੇ ਲਿਆਉਣਾ ਜ਼ਰੂਰੀ ਹੈ। ਵਰਕਰਾਂ ਨੇ ਇਹ ਤੱਕ ਕਿਹਾ ਕਿ ਪਾਰਟੀ ਦੀ ਏਕਤਾ ਅਤੇ ਮਜ਼ਬੂਤੀ ਲਈ ਰਾਜਾ ਵੜਿੰਗ ਨੂੰ ਆਪਣਾ ਅਹੁਦਾ ਛੱਡਣ ਬਾਰੇ ਵੀ ਸੋਚਣਾ ਚਾਹੀਦਾ ਹੈ।

ਮੋਗਾ ਵਿੱਚ ਹੋਈ ਇਸ ਘਟਨਾ ਨੇ ਇੱਕ ਵਾਰ ਫਿਰ ਪੰਜਾਬ ਕਾਂਗਰਸ ਅੰਦਰ ਚੱਲ ਰਹੀ ਖਿੱਚੋਤਾਣ ਅਤੇ ਧੜੇਬੰਦੀ ਨੂੰ ਜਨਤਕ ਕਰ ਦਿੱਤਾ ਹੈ, ਜਿਸ ਦੇ ਆਉਣ ਵਾਲੀਆਂ ਚੋਣਾਂ 'ਤੇ ਵੀ ਅਸਰ ਪੈ ਸਕਦੇ ਹਨ।




# ਪੰਜਾਬ ਸਰਕਾਰ ਨੂੰ ਹਾਈਕੋਰਟ ਦਾ ਸਖ਼ਤ ਹੁਕਮ, 15 ਦਿਨਾਂ ਅੰਦਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਪੂਰਾ ਡੀ.ਏ. ਜਾਰੀ ਕਰਨ ਦੇ ਆਦੇਸ਼

**ਚੰਡੀਗੜ੍ਹ:** ਪੰਜਾਬ ਦੇ ਲੱਖਾਂ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮਹਿੰਗਾਈ ਭੱਤੇ (ਡੀ.ਏ.) ਨਾਲ ਸਬੰਧਤ ਮਾਮਲੇ ਵਿੱਚ ਅਹਿਮ ਫ਼ੈਸਲਾ ਸੁਣਾਉਂਦਿਆਂ ਪੰਜਾਬ ਸਰਕਾਰ ਨੂੰ 15 ਦਿਨਾਂ ਦੇ ਅੰਦਰ-ਅੰਦਰ ਬਕਾਇਆ ਅਤੇ ਮੁਕੰਮਲ ਡੀ.ਏ. ਦਾ ਭੁਗਤਾਨ ਕਰਨ ਦੇ ਹੁਕਮ ਦਿੱਤੇ ਹਨ।




ਹਾਈਕੋਰਟ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋਂ ਦਾਇਰ ਕੀਤੀਆਂ ਸਾਰੀਆਂ ਲੈਟਰਜ਼ ਪੇਟੈਂਟ ਅਪੀਲਾਂ (ਐੱਲ.ਪੀ.ਏ.) ਨੂੰ ਖ਼ਾਰਜ ਕਰ ਦਿੱਤਾ ਹੈ ਅਤੇ ਸਰਕਾਰ ਨੂੰ ਨਿਰਧਾਰਿਤ ਸਮੇਂ ਅੰਦਰ ਅਦਾਲਤ ਵਿੱਚ ਹਲਫ਼ਨਾਮਾ ਦਾਖ਼ਲ ਕਰਨ ਲਈ ਵੀ ਕਿਹਾ ਹੈ।

ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਜਸਟਿਸ ਹਰਪ੍ਰੀਤ ਸਿੰਘ ਬਰਾੜ ਵੱਲੋਂ ਪਹਿਲਾਂ ਦਿੱਤੇ ਗਏ ਫ਼ੈਸਲੇ ਨੂੰ ਬਰਕਰਾਰ ਰੱਖਦਿਆਂ ਪੰਜਾਬ ਸਰਕਾਰ ਦੀਆਂ ਦੋਵੇਂ ਅਪੀਲਾਂ—ਐੱਲ.ਪੀ.ਏ. ਨੰਬਰ 1249 ਅਤੇ 1437 (ਸਾਲ 2026)—ਨੂੰ ਰੱਦ ਕਰ ਦਿੱਤਾ।

ਅਦਾਲਤ ਦੇ ਇਸ ਫ਼ੈਸਲੇ ਨਾਲ ਸੂਬੇ ਦੇ ਲੱਖਾਂ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਵੱਡੀ ਰਾਹਤ ਮਿਲੀ ਹੈ, ਜਦਕਿ ਪੰਜਾਬ ਸਰਕਾਰ ਲਈ ਇਹ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਸਾਲ 2023 ਤੋਂ ਡੀ.ਏ. ਦੇ ਭੁਗਤਾਨ ਵਿੱਚ ਹੋ ਰਹੀ ਦੇਰੀ ਕਾਰਨ ਮੁਲਾਜ਼ਮ ਲਗਾਤਾਰ ਸਰਕਾਰ ਖ਼ਿਲਾਫ਼ ਆਵਾਜ਼ ਉਠਾ ਰਹੇ ਸਨ।

ਮੁਲਾਜ਼ਮ ਜਥੇਬੰਦੀਆਂ ਦਾ ਕਹਿਣਾ ਸੀ ਕਿ ਪੰਜਾਬ ਦੇ ਸਰਕਾਰੀ ਕਰਮਚਾਰੀ ਇਸ ਵੇਲੇ ਕੇਂਦਰੀ ਕਰਮਚਾਰੀਆਂ ਦੇ ਮੁਕਾਬਲੇ 18 ਫ਼ੀਸਦੀ ਘੱਟ ਮਹਿੰਗਾਈ ਭੱਤਾ ਪ੍ਰਾਪਤ ਕਰ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਕਈ ਵਾਰ ਸਰਕਾਰ ਨਾਲ ਮੀਟਿੰਗਾਂ ਅਤੇ ਪ੍ਰਦਰਸ਼ਨਾਂ ਦੇ ਬਾਵਜੂਦ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ ਸੀ।

ਇਸ ਮਾਮਲੇ ਵਿੱਚ ਮੁਲਾਜ਼ਮਾਂ ਦੀ ਪੱਖ ਰੱਖਣ ਵਾਲੇ ਐਡਵੋਕੇਟ ਸੰਨੀ ਸਿੰਗਲਾ ਨੇ ਦੱਸਿਆ ਕਿ ਹਾਈਕੋਰਟ ਨੇ ਆਪਣੇ ਫ਼ੈਸਲੇ ਵਿੱਚ ਸਪੱਸ਼ਟ ਕੀਤਾ ਹੈ ਕਿ ਜੇਕਰ ਸਰਕਾਰ ਇਸ ਮਹੀਨੇ ਦੇ ਅੰਤ ਤੱਕ ਡੀ.ਏ. ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੀ ਹੈ ਤਾਂ ਉਸ ਨੂੰ ਬਕਾਇਆ ਰਕਮ ਉੱਤੇ 6 ਫ਼ੀਸਦੀ ਵਿਆਜ ਵੀ ਅਦਾ ਕਰਨਾ ਪਵੇਗਾ।

ਅਦਾਲਤ ਦੇ ਇਸ ਫ਼ੈਸਲੇ ਤੋਂ ਬਾਅਦ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ। ਮੁਲਾਜ਼ਮ ਜਥੇਬੰਦੀਆਂ ਨੇ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਉਨ੍ਹਾਂ ਦੇ ਲੰਬੇ ਸਮੇਂ ਤੋਂ ਚੱਲ ਰਹੇ ਸੰਘਰਸ਼ ਦੀ ਵੱਡੀ ਜਿੱਤ ਹੈ।

ਹੁਣ ਸਭ ਦੀਆਂ ਨਜ਼ਰਾਂ ਪੰਜਾਬ ਸਰਕਾਰ ‘ਤੇ ਟਿਕੀਆਂ ਹੋਈਆਂ ਹਨ ਕਿ ਉਹ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਨਿਰਧਾਰਿਤ ਸਮੇਂ ਦੇ ਅੰਦਰ ਡੀ.ਏ. ਜਾਰੀ ਕਰਦੀ ਹੈ ਜਾਂ ਨਹੀਂ।

# ਕਾਂਗਰਸ ਰੈਲੀ ’ਚ ਰਾਜਾ ਵੜਿੰਗ ਦਾ ਸਖ਼ਤ ਸੰਦੇਸ਼, ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਵਾਲਿਆਂ ਨੂੰ ਟਿਕਟ ਤੋਂ ਕੀਤਾ ਇਨਕਾਰ



ਫਾਜ਼ਿਲਕਾ ਦੇ ਸ਼ਾਹ ਪੈਲੇਸ ਵਿੱਚ ਹੋਈ ਕਾਂਗਰਸ ਪਾਰਟੀ ਦੀ ਵਿਸ਼ਾਲ ਰੈਲੀ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਅੰਦਰ ਚੱਲ ਰਹੀਆਂ ਵਿਰੋਧੀ ਗਤੀਵਿਧੀਆਂ ’ਤੇ ਤਿੱਖਾ ਰੁੱਖ ਅਪਣਾਉਂਦਿਆਂ ਸਪੱਸ਼ਟ ਕਰ ਦਿੱਤਾ ਕਿ ਪਾਰਟੀ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ ਅਤੇ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਰੈਲੀ ਨੂੰ ਸੰਬੋਧਨ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਵਿੱਚ ਰਹਿ ਕੇ ਪਾਰਟੀ ਵਿਰੋਧੀ ਕੰਮ ਕਰਨ ਵਾਲੇ ਆਗੂਆਂ ’ਤੇ ਪਾਰਟੀ ਹਾਈਕਮਾਨ ਦੀ ਪੂਰੀ ਨਜ਼ਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਰਾਹੁਲ ਗਾਂਧੀ ਖੁਦ ਅਜਿਹੇ ਆਗੂਆਂ ਬਾਰੇ ਰਿਪੋਰਟਾਂ ਲੈ ਰਹੇ ਹਨ ਅਤੇ ਭਵਿੱਖ ਵਿੱਚ ਟਿਕਟਾਂ ਦੀ ਵੰਡ ਦੌਰਾਨ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

ਉਨ੍ਹਾਂ ਬਿਨਾਂ ਕਿਸੇ ਆਗੂ ਦਾ ਨਾਮ ਲਏ ਕਿਹਾ ਕਿ ਜਿਹੜੇ ਲੋਕ ਆਪਣੇ ਲਈ ਦੋ-ਦੋ ਟਿਕਟਾਂ ਦੀ ਉਮੀਦ ਰੱਖਦੇ ਹਨ, ਉਹ ਭੁਲੇਖੇ ਵਿੱਚ ਹਨ। ਵੜਿੰਗ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਪਾਰਟੀ ਕਿਸੇ ਦੇ ਪਿਓ ਦੀ ਜਾਇਦਾਦ ਨਹੀਂ ਹੈ ਅਤੇ ਜਿਸ ਵਿਅਕਤੀ ਦੇ ਭਾਜਪਾ ਨਾਲ ਸਬੰਧ ਰਹੇ ਹੋਣ, ਉਸ ਨੂੰ ਇੱਕ ਵੀ ਟਿਕਟ ਨਹੀਂ ਦਿੱਤੀ ਜਾਵੇਗੀ।

ਵੜਿੰਗ ਨੇ ਇਹ ਵੀ ਕਿਹਾ ਕਿ ਜੇਕਰ ਉਹ ਪ੍ਰਧਾਨ ਦੇ ਅਹੁਦੇ ’ਤੇ ਰਹੇ ਤਾਂ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਚੋਣ ਮੈਦਾਨ ਵਿੱਚ ਉਤਰਨ ਦਾ ਮੌਕਾ ਨਹੀਂ ਮਿਲੇਗਾ। ਉਨ੍ਹਾਂ ਦੇ ਇਸ ਬਿਆਨ ਨੂੰ ਜਲਾਲਾਬਾਦ ਦੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

ਗੌਰਤਲਬ ਹੈ ਕਿ ਕਰੀਬ ਛੇ ਮਹੀਨੇ ਪਹਿਲਾਂ ਗੁਰੂਹਰਸਹਾਇ ਵਿੱਚ ਹੋਈ ਇੱਕ ਰੈਲੀ ਦੌਰਾਨ ਰਾਜਾ ਵੜਿੰਗ ਨੇ ਰਮਿੰਦਰ ਆਵਲਾ ਦੀ ਖੁੱਲ੍ਹ ਕੇ ਤਾਰੀਫ਼ ਕੀਤੀ ਸੀ ਅਤੇ ਕਿਹਾ ਸੀ ਕਿ ਉਹ ਅਜਿਹਾ ਆਗੂ ਹੈ ਜੋ ਆਪਣੀਆਂ ਟਿਕਟਾਂ ਖੁਦ ਤੈਅ ਕਰਨ ਦੀ ਸਮਰੱਥਾ ਰੱਖਦਾ ਹੈ। ਪਰ ਹੁਣ ਸਿਆਸੀ ਹਾਲਾਤ ਬਦਲਣ ਨਾਲ ਵੜਿੰਗ ਦੇ ਸੁਰ ਵੀ ਬਦਲੇ ਹੋਏ ਨਜ਼ਰ ਆ ਰਹੇ ਹਨ।

ਦਰਅਸਲ, ਰਮਿੰਦਰ ਆਵਲਾ ਨੂੰ ਹਾਲੀਆ ਦਿਨਾਂ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਕਰੀਬ ਮੰਨਿਆ ਜਾ ਰਿਹਾ ਹੈ, ਜਿਸ ਤੋਂ ਬਾਅਦ ਪੰਜਾਬ ਕਾਂਗਰਸ ਦੀ ਅੰਦਰੂਨੀ ਸਿਆਸਤ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਈ ਹੈ।

ਰੈਲੀ ਦੌਰਾਨ ਉਸ ਵੇਲੇ ਮਾਹੌਲ ਗਰਮਾ ਗਿਆ ਜਦੋਂ ਸਾਬਕਾ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਦੇ ਸਮਰਥਕਾਂ ਨੇ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਜ਼ਿਲ੍ਹਾ ਕਾਂਗਰਸ ਪ੍ਰਧਾਨ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਇਸ ਤੋਂ ਇਲਾਵਾ ਜਲਾਲਾਬਾਦ ਹਲਕੇ ਤੋਂ ਸੰਭਾਵੀ ਉਮੀਦਵਾਰ ਰਾਜ ਬਖ਼ਸ਼ ਕੰਬੋਜ ਅਤੇ ਸਾਬਕਾ ਵਿਧਾਇਕ ਰਮਿੰਦਰ ਆਵਲਾ ਦੇ ਸਮਰਥਕਾਂ ਵਿਚਾਲੇ ਤਿੱਖੀ ਬਹਿਸਬਾਜ਼ੀ ਵੀ ਹੋਈ। ਦੋਵਾਂ ਧਿਰਾਂ ਨੇ ਇੱਕ-ਦੂਜੇ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਜਿਸ ਕਾਰਨ ਕੁਝ ਸਮੇਂ ਲਈ ਤਣਾਅ ਵਾਲਾ ਮਾਹੌਲ ਬਣ ਗਿਆ। ਹਾਲਾਂਕਿ ਮੌਕੇ ’ਤੇ ਮੌਜੂਦ ਪੁਲੀਸ ਅਧਿਕਾਰੀਆਂ ਨੇ ਦਖ਼ਲ ਦੇ ਕੇ ਮਾਮਲੇ ਨੂੰ ਸ਼ਾਂਤ ਕਰਵਾ ਦਿੱਤਾ।

ਕਾਂਗਰਸ ਦੀ ਇਸ ਰੈਲੀ ਨੇ ਇੱਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਕਾਂਗਰਸ ਵਿੱਚ ਅੰਦਰੂਨੀ ਖਿੱਚੋਤਾਣ ਹਾਲੇ ਵੀ ਜਾਰੀ ਹੈ ਅਤੇ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਟਿਕਟਾਂ ਨੂੰ ਲੈ ਕੇ ਸਿਆਸੀ ਤਣਾਅ ਹੋਰ ਵੱਧ ਸਕਦਾ ਹੈ।

# ਡੀਏ ਬਕਾਏ ਮਾਮਲੇ ‘ਚ ਸੁਪਰੀਮ ਕੋਰਟ ਦਾ ਰੁਖ ਕਰ ਸਕਦੀ ਹੈ ਪੰਜਾਬ ਸਰਕਾਰ, 20 ਹਜ਼ਾਰ ਕਰੋੜ ਦੇ ਬੋਝ ਦਾ ਹਵਾਲਾ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੂਬਾ ਸਰਕਾਰ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਬਕਾਇਆ ਮਹਿੰਗਾਈ ਭੱਤੇ (ਡੀਏ) ਦਾ ਭੁਗਤਾਨ ਕਰਨ ਦੇ ਨਿਰਦੇਸ਼ ਜਾਰੀ ਕੀਤੇ ਜਾਣ ਤੋਂ ਬਾਅਦ ਆਮ ਆਦਮੀ ਪਾਰਟੀ ਸਰਕਾਰ ਹੁਣ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਬਾਰੇ ਵਿਚਾਰ ਕਰ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਉਸ ਦੀ ਕਾਨੂੰਨੀ ਟੀਮ ਹਾਈ ਕੋਰਟ ਦੇ ਹੁਕਮ ਅਤੇ ਰਾਜ ਦੇ ਸੰਵਿਧਾਨਕ ਅਧਿਕਾਰਾਂ ਦੀ ਪੜਤਾਲ ਕਰ ਰਹੀ ਹੈ।

ਸਰਕਾਰ ਅਨੁਸਾਰ ਜੇਕਰ ਹਾਈ ਕੋਰਟ ਦੇ ਹੁਕਮ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਤਾਂ ਪੰਜਾਬ ਦੇ ਖ਼ਜ਼ਾਨੇ ’ਤੇ ਲਗਭਗ 20 ਹਜ਼ਾਰ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਇਸ ਫ਼ੈਸਲੇ ਤੋਂ ਹੈਰਾਨ ਹੈ, ਕਿਉਂਕਿ ਪਹਿਲਾਂ ਹੀ ਹਾਈ ਕੋਰਟ ਵੱਲੋਂ ਮਨਜ਼ੂਰ ਕੀਤੇ ਗਏ 14,191 ਕਰੋੜ ਰੁਪਏ ਦੇ ਬਕਾਏ ਦੀ ਅਦਾਇਗੀ ਲਈ ਇੱਕ ਤਰਲਤਾ ਯੋਜਨਾ ਲਾਗੂ ਕੀਤੀ ਜਾ ਰਹੀ ਹੈ।



ਚੀਮਾ ਨੇ ਕਿਹਾ ਕਿ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਸਾਲ 2016 ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਲਾਗੂ ਹੋਣੀਆਂ ਸਨ, ਪਰ ਇਸ ਵਿੱਚ ਦੇਰੀ ਹੋਈ। ਬਾਅਦ ਵਿੱਚ ਸਾਲ 2022 ਵਿੱਚ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਤਤਕਾਲੀ ਕਾਂਗਰਸ ਸਰਕਾਰ ਨੇ ਨਵੀਆਂ ਤਨਖਾਹਾਂ ਦਾ ਐਲਾਨ ਤਾਂ ਕੀਤਾ, ਪਰ 2016 ਤੋਂ ਜੂਨ 2022 ਤੱਕ ਦੇ ਬਕਾਏ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਕੁਝ ਮੁਲਾਜ਼ਮਾਂ ਵੱਲੋਂ ਅਦਾਲਤ ਦਾ ਰੁਖ ਕਰਨ ਤੋਂ ਬਾਅਦ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਸਰਕਾਰ ਨੇ 14,191 ਕਰੋੜ ਰੁਪਏ ਦੇ ਬਕਾਏ ਦਾ ਭੁਗਤਾਨ ਕਰਨ ਲਈ ਇੱਕ ਵਿਸ਼ੇਸ਼ ਯੋਜਨਾ ਤਿਆਰ ਕੀਤੀ ਸੀ। ਇਸ ਤਹਿਤ ਸਾਲ 2024-25 ਦੌਰਾਨ 85 ਸਾਲ ਤੋਂ ਵੱਧ ਉਮਰ ਦੇ ਪੈਨਸ਼ਨਰਾਂ ਦੇ ਬਕਾਏ ਅਦਾ ਕੀਤੇ ਗਏ, ਜਦਕਿ 2025-26 ਵਿੱਚ 75 ਸਾਲ ਤੋਂ ਉੱਪਰ ਦੇ ਪੈਨਸ਼ਨਰਾਂ ਨੂੰ ਭੁਗਤਾਨ ਕੀਤਾ ਗਿਆ।

ਵਿੱਤ ਮੰਤਰੀ ਨੇ ਕਿਹਾ ਕਿ ਮੌਜੂਦਾ ਵਿੱਤੀ ਸਾਲ ਵਿੱਚ ਬਾਕੀ ਰਹਿੰਦੇ ਪੈਨਸ਼ਨਰਾਂ ਅਤੇ ਸਰਕਾਰੀ ਮੁਲਾਜ਼ਮਾਂ ਦੇ ਬਕਾਏ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਹੁਣ ਤੱਕ ਕਰੀਬ 6 ਹਜ਼ਾਰ ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

ਚੀਮਾ ਨੇ ਦੱਸਿਆ ਕਿ ਸਰਕਾਰ ਨੇ ਹਾਈ ਕੋਰਟ ਵਿੱਚ ਇਹ ਦਲੀਲ ਵੀ ਦਿੱਤੀ ਸੀ ਕਿ ਪੰਜਾਬ ਦੇਸ਼ ਦੇ ਸਭ ਤੋਂ ਉੱਚੇ ਤਨਖਾਹ ਸਕੇਲਾਂ ਵਿੱਚੋਂ ਇੱਕ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਜਾਂ ਤਾਂ ਰਾਜ ਤਨਖਾਹ ਕਮਿਸ਼ਨ ਵੱਲੋਂ ਸਿਫ਼ਾਰਸ਼ ਕੀਤੇ ਉੱਚ ਤਨਖਾਹ ਸਕੇਲ ਦਿੱਤੇ ਜਾ ਸਕਦੇ ਹਨ ਜਾਂ ਫਿਰ ਕੇਂਦਰ ਸਰਕਾਰ ਦੇ ਬਰਾਬਰ ਮਹਿੰਗਾਈ ਭੱਤਾ ਦਿੱਤਾ ਜਾ ਸਕਦਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕਾਂ ਦੀ ਰੱਖਿਆ ਲਈ ਵਚਨਬੱਧ ਹੈ, ਪਰ ਇਸ ਦੇ ਨਾਲ-ਨਾਲ ਰਾਜ ਦੀ ਆਰਥਿਕ ਸਥਿਤੀ ਅਤੇ ਹੋਰ ਪੱਖਾਂ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਹਾਲੇ ਵੀ ਸਾਰੇ ਕਾਨੂੰਨੀ ਵਿਕਲਪ ਖੁੱਲ੍ਹੇ ਹਨ ਅਤੇ ਅਗਲੇ ਕਦਮ ਬਾਰੇ ਜਲਦੀ ਫ਼ੈਸਲਾ ਲਿਆ ਜਾਵੇਗਾ।

# ਘੱਟ ਡੀਏ ਦੇ ਬਾਵਜੂਦ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰ ਨਾਲੋਂ ਵੱਧ ਤਨਖ਼ਾਹ, ਸਰਕਾਰ ਨੇ ਜਾਰੀ ਕੀਤੇ ਅੰਕੜੇ



ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਭਾਵੇਂ ਸੂਬੇ ਦੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਮੁਕਾਬਲੇ ਘੱਟ ਮਹਿੰਗਾਈ ਭੱਤਾ (ਡੀਏ) ਮਿਲ ਰਿਹਾ ਹੈ, ਫਿਰ ਵੀ ਪੰਜਾਬ ਦੇ ਕਈ ਵਿਭਾਗਾਂ ਦੇ ਕਰਮਚਾਰੀਆਂ ਦੀ ਕੁੱਲ ਮਹੀਨਾਵਾਰ ਤਨਖ਼ਾਹ ਕੇਂਦਰੀ ਮੁਲਾਜ਼ਮਾਂ ਨਾਲੋਂ 30 ਤੋਂ 70 ਫ਼ੀਸਦੀ ਤੱਕ ਵੱਧ ਹੈ।

ਸਰਕਾਰੀ ਬਿਆਨ ਅਨੁਸਾਰ ਪੰਜਾਬ ਦੇ ਤਨਖ਼ਾਹ ਢਾਂਚੇ ਵਿੱਚ ਕਈ ਅਹੁਦਿਆਂ ਲਈ ਤਨਖ਼ਾਹ ਸਕੇਲ ਪਹਿਲਾਂ ਹੀ ਕਾਫ਼ੀ ਉੱਚੇ ਹਨ, ਜਿਸ ਕਾਰਨ ਡੀਏ ਦੀ ਘੱਟ ਦਰ ਹੋਣ ਦੇ ਬਾਵਜੂਦ ਮੁਲਾਜ਼ਮਾਂ ਨੂੰ ਕੁੱਲ ਤਨਖ਼ਾਹ ਵੱਧ ਮਿਲ ਰਹੀ ਹੈ। ਇਸ ਵੇਲੇ ਪੰਜਾਬ ਸਰਕਾਰ ਆਪਣੇ ਕਰਮਚਾਰੀਆਂ ਨੂੰ 42 ਫ਼ੀਸਦੀ ਮਹਿੰਗਾਈ ਭੱਤਾ ਦੇ ਰਹੀ ਹੈ, ਜਦੋਂ ਕਿ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨੂੰ 60 ਫ਼ੀਸਦੀ ਡੀਏ ਮਿਲ ਰਿਹਾ ਹੈ।

ਇਹ ਬਿਆਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੂਬਾ ਸਰਕਾਰ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਬਕਾਇਆ ਡੀਏ ਦਾ ਭੁਗਤਾਨ ਦੋ ਹਫ਼ਤਿਆਂ ਅੰਦਰ ਕਰਨ ਦੇ ਹੁਕਮ ਜਾਰੀ ਕਰਨ ਤੋਂ ਬਾਅਦ ਸਾਹਮਣੇ ਆਇਆ ਹੈ। ਸਰਕਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਹੈ ਕਿ ਉਹ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕਿਸੇ ਵੀ ਮੁਲਾਜ਼ਮ ਨੂੰ ਕੇਂਦਰੀ ਤਨਖ਼ਾਹ ਸਕੇਲ ਅਤੇ ਡੀਏ ਦੇ ਅਧਾਰ ’ਤੇ ਬਣਦੀ ਕੁੱਲ ਤਨਖ਼ਾਹ ਤੋਂ ਘੱਟ ਰਕਮ ਨਾ ਮਿਲੇ।

ਸਰਕਾਰ ਦਾ ਕਹਿਣਾ ਹੈ ਕਿ ਪੰਜਾਬ ਅਤੇ ਕੇਂਦਰ ਸਰਕਾਰ ਦੇ ਤਨਖ਼ਾਹ ਢਾਂਚੇ ਵੱਖ-ਵੱਖ ਹਨ ਅਤੇ ਦੋਵਾਂ ਨੂੰ ਆਪਸ ਵਿੱਚ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ਉੱਚੇ ਤਨਖ਼ਾਹ ਸਕੇਲਾਂ ’ਤੇ ਕੇਂਦਰ ਦੀਆਂ ਡੀਏ ਦਰਾਂ ਲਾਗੂ ਕਰਨਾ ਵਿੱਤੀ ਪੱਖੋਂ ਸੰਭਵ ਨਹੀਂ ਹੈ। ਸਰਕਾਰ ਅਨੁਸਾਰ ਡੀਏ ਤੈਅ ਕਰਨਾ ਇੱਕ ਨੀਤੀਗਤ ਅਤੇ ਸੰਵਿਧਾਨਕ ਅਧਿਕਾਰ ਹੈ, ਜਿਸ ’ਤੇ ਅੰਤਿਮ ਫ਼ੈਸਲਾ ਸੂਬਾ ਸਰਕਾਰ ਦਾ ਹੁੰਦਾ ਹੈ।

ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਪਹਿਲਾਂ ਹੀ ਦੇਸ਼ ਦੇ ਉਹਨਾਂ ਪ੍ਰਮੁੱਖ ਸੂਬਿਆਂ ਵਿੱਚ ਸ਼ਾਮਲ ਹੈ, ਜਿੱਥੇ ਤਨਖ਼ਾਹਾਂ ਅਤੇ ਪੈਨਸ਼ਨਾਂ ਦਾ ਬੋਝ ਸਭ ਤੋਂ ਵੱਧ ਹੈ। ਜੇਕਰ ਹਾਈ ਕੋਰਟ ਦੇ ਹੁਕਮ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਨਾਲ ਸੂਬੇ ਦੇ ਖ਼ਜ਼ਾਨੇ ’ਤੇ ਹੋਰ ਦਬਾਅ ਪਵੇਗਾ ਅਤੇ ਵਿਕਾਸ ਕਾਰਜਾਂ ਲਈ ਉਪਲਬਧ ਫੰਡਾਂ ਵਿੱਚ ਕਮੀ ਆ ਸਕਦੀ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਇੱਕ ਕਲਰਕ ਨੂੰ ਹਰ ਮਹੀਨੇ ਕਰੀਬ 54,812 ਰੁਪਏ ਤਨਖ਼ਾਹ ਮਿਲਦੀ ਹੈ, ਜਦੋਂ ਕਿ ਕੇਂਦਰ ਸਰਕਾਰ ਵਿੱਚ ਇਸੇ ਅਹੁਦੇ ਲਈ 36,960 ਰੁਪਏ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਇੱਕ ਡਰਾਈਵਰ ਦੀ ਮਹੀਨਾਵਾਰ ਤਨਖ਼ਾਹ 40,612 ਰੁਪਏ ਹੈ, ਜਦੋਂ ਕਿ ਕੇਂਦਰ ਸਰਕਾਰ ਵਿੱਚ ਇਹ ਰਕਮ 36,960 ਰੁਪਏ ਹੈ।

ਡੀਏ ਅਤੇ ਤਨਖ਼ਾਹਾਂ ਨੂੰ ਲੈ ਕੇ ਚੱਲ ਰਹੀ ਇਹ ਚਰਚਾ ਹੁਣ ਕਾਨੂੰਨੀ ਅਤੇ ਸਿਆਸੀ ਦੋਵੇਂ ਪੱਧਰਾਂ ’ਤੇ ਗਰਮਾਈ ਹੋਈ ਹੈ। ਆਉਣ ਵਾਲੇ ਦਿਨਾਂ ਵਿੱਚ ਸਰਕਾਰ ਅਤੇ ਮੁਲਾਜ਼ਮ ਜਥੇਬੰਦੀਆਂ ਦੇ ਰੁਖ ’ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਪੰਜਾਬ ਦੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਮੁਕੰਮਲ, 20 ਲੱਖ ਵੋਟਰਾਂ ਦੀ ਮੈਂਬਰਸ਼ਿਪ ’ਤੇ ਸਸਪੈਂਸ

ਭਾਰਤੀ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸਆਈਆਰ) ਦਾ ਪਹਿਲਾ ਪੜਾਅ ਪੂਰਾ ਹੋ ਗਿਆ ਹੈ। ਇਸ ਪ੍ਰਕਿਰਿਆ ਦੌਰਾਨ ਕਰੀਬ 20 ਲੱਖ ਅਜਿਹੇ ਵੋਟਰ ਸਾਹਮਣੇ ਆਏ ਹਨ, ਜਿਨ੍ਹਾਂ ਨੇ ਅਜੇ ਤੱਕ ਆਪਣੇ ਗਣਨਾ ਫਾਰਮ ਜਮ੍ਹਾਂ ਨਹੀਂ ਕਰਵਾਏ, ਜਿਸ ਕਾਰਨ ਉਨ੍ਹਾਂ ਦੀ ਵੋਟਰ ਸੂਚੀ ਵਿੱਚ ਸ਼ਮੂਲੀਅਤ ’ਤੇ ਸਵਾਲ ਖੜ੍ਹੇ ਹੋ ਗਏ ਹਨ।



ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿਤਰਾ ਨੇ ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੂਬੇ ਵਿੱਚ ਵਿਸ਼ੇਸ਼ ਸੁਧਾਈ ਸ਼ੁਰੂ ਹੋਣ ਵੇਲੇ ਕੁੱਲ 2.14 ਕਰੋੜ ਵੋਟਰ ਦਰਜ ਸਨ। ਇਨ੍ਹਾਂ ਵਿੱਚੋਂ 1.93 ਕਰੋੜ, ਅਰਥਾਤ 90.37 ਫ਼ੀਸਦੀ ਵੋਟਰਾਂ ਨੇ ਆਪਣੇ ਗਣਨਾ ਫਾਰਮ ਜਮ੍ਹਾਂ ਕਰਵਾ ਦਿੱਤੇ ਹਨ, ਜਦਕਿ ਲਗਭਗ 20 ਲੱਖ ਵੋਟਰਾਂ ਨੇ ਅਜੇ ਤੱਕ ਇਹ ਪ੍ਰਕਿਰਿਆ ਪੂਰੀ ਨਹੀਂ ਕੀਤੀ।

ਚੋਣ ਅਧਿਕਾਰੀਆਂ ਮੁਤਾਬਕ, ਫਾਰਮ ਜਮ੍ਹਾਂ ਨਾ ਕਰਵਾਉਣ ਵਾਲਿਆਂ ਵਿੱਚੋਂ 9.44 ਲੱਖ ਵੋਟਰ ਆਪਣੇ ਪਤੇ ਬਦਲ ਚੁੱਕੇ ਹਨ, ਜਦਕਿ 4.12 ਲੱਖ ਵੋਟਰ ਘਰਾਂ ਵਿੱਚ ਨਹੀਂ ਮਿਲੇ। ਇਸ ਤੋਂ ਇਲਾਵਾ 5.74 ਲੱਖ ਵੋਟਰਾਂ ਦੀ ਮੌਤ ਹੋ ਚੁੱਕੀ ਹੈ ਅਤੇ 1.19 ਲੱਖ ਡੁਪਲੀਕੇਟ ਵੋਟਾਂ ਦੀ ਪਛਾਣ ਕੀਤੀ ਗਈ ਹੈ।

ਅਨਿੰਦਿਤਾ ਮਿਤਰਾ ਨੇ ਦੱਸਿਆ ਕਿ ਫਾਰਮ ਜਮ੍ਹਾਂ ਕਰਵਾਉਣ ਵਾਲੇ ਵੋਟਰਾਂ ਵਿੱਚੋਂ ਵੀ ਕਰੀਬ 12 ਲੱਖ ਵੋਟਰਾਂ ਦੀ ਮੈਪਿੰਗ ਹਾਲੇ ਬਾਕੀ ਹੈ। ਇਸ ਕਾਰਨ ਚੋਣ ਕਮਿਸ਼ਨ ਵੱਲੋਂ 13 ਅਗਸਤ ਤੋਂ 12 ਸਤੰਬਰ ਤੱਕ ਇਨ੍ਹਾਂ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ ਤਾਂ ਜੋ ਮੈਪਿੰਗ ਦੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਤਹਿਤ ਜਿਨ੍ਹਾਂ ਪੋਲਿੰਗ ਬੂਥਾਂ ’ਤੇ 1200 ਤੋਂ ਵੱਧ ਵੋਟਰ ਦਰਜ ਹਨ, ਉੱਥੇ ਵਾਧੂ ਪੋਲਿੰਗ ਬੂਥ ਬਣਾਏ ਗਏ ਹਨ। ਇਸ ਤਹਿਤ ਪੰਜਾਬ ਵਿੱਚ ਪੋਲਿੰਗ ਬੂਥਾਂ ਦੀ ਗਿਣਤੀ 24,453 ਤੋਂ ਵਧ ਕੇ 25,332 ਹੋ ਗਈ ਹੈ।

ਵਿਸ਼ੇਸ਼ ਸੁਧਾਈ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸੂਬੇ ਭਰ ਵਿੱਚ 24 ਹਜ਼ਾਰ ਤੋਂ ਵੱਧ ਬੂਥ ਲੈਵਲ ਅਧਿਕਾਰੀ (ਬੀਐੱਲਓ), 2,500 ਸੁਪਰਵਾਈਜ਼ਰ, 800 ਸਹਾਇਕ ਚੋਣ ਰਜਿਸਟ੍ਰੇਸ਼ਨ ਅਧਿਕਾਰੀ, 117 ਚੋਣ ਰਜਿਸਟ੍ਰੇਸ਼ਨ ਅਧਿਕਾਰੀ ਅਤੇ 23 ਡਿਪਟੀ ਕਮਿਸ਼ਨਰ ਤਾਇਨਾਤ ਕੀਤੇ ਗਏ ਸਨ।

ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਨੋਟਿਸਾਂ ਅਤੇ ਮੈਪਿੰਗ ਪ੍ਰਕਿਰਿਆ ਤੋਂ ਬਾਅਦ ਹੀ ਇਹ ਸਪੱਸ਼ਟ ਹੋ ਸਕੇਗਾ ਕਿ ਕਿੰਨੇ ਵੋਟਰਾਂ ਦੇ ਨਾਮ ਅੰਤਿਮ ਵੋਟਰ ਸੂਚੀ ਵਿੱਚ ਸ਼ਾਮਲ ਰਹਿਣਗੇ।

FIXMAN GLASS REPAIR LTD

Fixman Glass
Auto Glass Supplie Ltd.

Windshield Repair & Replacement
We do ICBC and Private Claims on Cars, Vans, SUV, Trucks & Taxis and Offer Mobile Service

ਹਰ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ



Mandeep Dhaliwal

Email:Fixmanglass@gmail.com www.fixmanglass.com

Surrey Location
Unit 301-14640-64 Ave.
604-657-0003

Langley Location
#102 5968 205A Street
778-258-3000

# ਮਗਨਰੇਗਾ ’ਤੇ ਵੱਡਾ ਅਸਰ: ਪੰਜਾਬ ਵਿੱਚ ਪੰਜ ਸਾਲਾਂ ਦੌਰਾਨ 8 ਲੱਖ ਜੌਬ ਕਾਰਡ ਰੱਦ, 14 ਲੱਖ ਮਜ਼ਦੂਰ ਸਕੀਮ ਤੋਂ ਹੋਏ ਬਾਹਰ



**ਚੰਡੀਗੜ੍ਹ:** ਪੰਜਾਬ ਵਿੱਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ (ਮਗਨਰੇਗਾ) ਤਹਿਤ ਪਿਛਲੇ ਪੰਜ ਸਾਲਾਂ ਦੌਰਾਨ ਵੱਡੇ ਪੱਧਰ ’ਤੇ ਕਾਰਵਾਈ ਕੀਤੀ ਗਈ ਹੈ। ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰਾਲੇ ਵੱਲੋਂ ਸੰਸਦ ਦੇ ਮੌਨਸੂਨ ਇਜਲਾਸ ਦੌਰਾਨ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2021 ਤੋਂ 2026 ਤੱਕ ਪੰਜਾਬ ਵਿੱਚ 8.04 ਲੱਖ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ, ਜਦਕਿ 14.05 ਲੱਖ ਮਜ਼ਦੂਰਾਂ ਦੇ ਨਾਂ ਮਗਨਰੇਗਾ ਡੇਟਾਬੇਸ ਵਿੱਚੋਂ ਹਟਾ ਦਿੱਤੇ ਗਏ ਹਨ।

ਕੇਂਦਰ ਸਰਕਾਰ ਨੇ ਦੱਸਿਆ ਕਿ ਇਹ ਕਾਰਵਾਈ ਅਯੋਗ ਲਾਭਪਾਤਰੀਆਂ ਦੀ ਪਛਾਣ ਕਰਨ ਅਤੇ ਯੋਜਨਾ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਲਈ ਚਲਾਈ ਗਈ ਜਾਂਚ ਮੁਹਿੰਮ ਦਾ ਹਿੱਸਾ ਸੀ। ਸਰਕਾਰ ਦੇ ਅਨੁਸਾਰ, ਕਈ ਜੌਬ ਕਾਰਡ ਨਕਲੀ ਪਾਏ ਗਏ, ਜਦਕਿ ਕੁਝ ਮਾਮਲਿਆਂ ਵਿੱਚ ਮ੍ਰਿਤਕ ਵਿਅਕਤੀਆਂ ਦੇ ਨਾਂ ਵੀ ਸੂਚੀਆਂ ਵਿੱਚ ਦਰਜ ਸਨ। ਇਸ ਤੋਂ ਇਲਾਵਾ, ਲੰਬੇ ਸਮੇਂ ਤੋਂ ਗੈਰ-ਸਰਗਰਮ ਰਹੇ ਕਾਰਡਾਂ ਨੂੰ ਵੀ ਰੱਦ ਕੀਤਾ ਗਿਆ।

ਪਹਿਲੀ ਜੁਲਾਈ ਤੋਂ ਮਗਨਰੇਗਾ ਸਕੀਮ ਨੂੰ ‘ਵਿਕਸਿਤ ਭਾਰਤ ਜੀ ਰਾਮ ਜੀ’ ਦੇ ਨਵੇਂ ਰੂਪ ਵਿੱਚ ਲਿਆਂਦਾ ਗਿਆ ਹੈ। ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਨਵੀਂ ਯੋਜਨਾ ਰਾਹੀਂ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਯੋਗ ਪਰਿਵਾਰਾਂ ਤੱਕ ਲਾਭ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾਵੇਗਾ।

ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਮਗਨਰੇਗਾ ਤਹਿਤ ਰੁਜ਼ਗਾਰ ਦੀ ਮੰਗ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਵਿੱਚ ਵੀ ਵੱਡੀ ਕਮੀ ਦਰਜ ਕੀਤੀ ਗਈ ਹੈ। ਜਿੱਥੇ ਸਾਲ 2025-26 ਦੌਰਾਨ 6.46 ਲੱਖ ਪਰਿਵਾਰਾਂ ਨੇ ਰੁਜ਼ਗਾਰ ਦੀ ਮੰਗ ਕੀਤੀ ਸੀ, ਉੱਥੇ 2026-27 ਵਿੱਚ ਇਹ ਗਿਣਤੀ ਘਟ ਕੇ 3.02 ਲੱਖ ਰਹਿ ਗਈ ਹੈ।

ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਪਿੱਛੇ ਕਈ ਕਾਰਨ ਹਨ। ਨਕਲੀ ਜੌਬ ਕਾਰਡਾਂ ਦੀ ਪਛਾਣ, ਮ੍ਰਿਤਕ ਲਾਭਪਾਤਰੀਆਂ ਦੇ ਨਾਂ ਹਟਾਉਣਾ, ਨਿਯਮਤ ਰੁਜ਼ਗਾਰ ਮਿਲਣ ਤੋਂ ਬਾਅਦ ਲਾਭਪਾਤਰੀਆਂ ਵੱਲੋਂ ਸਕੀਮ ਛੱਡਣਾ ਅਤੇ ਆਧਾਰ-ਆਧਾਰਿਤ ਤਸਦੀਕ ਪ੍ਰਕਿਰਿਆ ਦੌਰਾਨ ਸਾਹਮਣੇ ਆਈਆਂ ਬੇਨਿਯਮੀਆਂ ਇਸ ਦੇ ਮੁੱਖ ਕਾਰਨ ਹਨ।

ਅਧਿਕਾਰੀਆਂ ਮੁਤਾਬਕ, ਜਿਨ੍ਹਾਂ ਪਰਿਵਾਰਾਂ ਦੇ ਸਾਰੇ ਮੈਂਬਰ ਅਯੋਗ ਪਾਏ ਗਏ ਜਾਂ ਜੋ ਪਿੰਡ ਛੱਡ ਚੁੱਕੇ ਸਨ, ਉਨ੍ਹਾਂ ਦੇ ਪੂਰੇ ਜੌਬ ਕਾਰਡ ਹੀ ਰੱਦ ਕਰ ਦਿੱਤੇ ਗਏ। ਸਰਕਾਰ ਦਾ ਕਹਿਣਾ ਹੈ ਕਿ ਹੁਣ ਧਿਆਨ ਇਸ ਗੱਲ ’ਤੇ ਕੇਂਦਰਿਤ ਕੀਤਾ ਜਾ ਰਿਹਾ ਹੈ ਕਿ ਯੋਜਨਾ ਦਾ ਲਾਭ ਸਿਰਫ਼ ਅਸਲ ਹੱਕਦਾਰਾਂ ਤੱਕ ਪਹੁੰਚੇ ਅਤੇ ਮਗਨਰੇਗਾ ਤਹਿਤ ਬਣ ਰਹੀਆਂ ਸੰਪਤੀਆਂ ਦੀ ਗੁਣਵੱਤਾ ਵਿੱਚ ਸੁਧਾਰ ਹੋਵੇ।

ਦੂਜੇ ਪਾਸੇ, ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਇਸ ਕਾਰਵਾਈ ’ਤੇ ਸਵਾਲ ਖੜ੍ਹੇ ਕੀਤੇ ਹਨ। ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਲੋਕ-ਹਿਤ ਸਕੀਮਾਂ ਦਾ ਦਾਇਰਾ ਘਟਾ ਰਹੀ ਹੈ ਅਤੇ ਗਰੀਬ ਲੋਕਾਂ ਨੂੰ ਯੋਜਨਾਵਾਂ ਤੋਂ ਬਾਹਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਗਨਰੇਗਾ ਲਈ ਬਜਟ ਵਿੱਚ ਕਟੌਤੀ ਕੀਤੀ ਜਾ ਰਹੀ ਹੈ, ਜਿਸ ਕਾਰਨ ਪੇਂਡੂ ਮਜ਼ਦੂਰਾਂ ਲਈ ਮੁਸ਼ਕਲਾਂ ਵਧ ਸਕਦੀਆਂ ਹਨ।

ਸਰਕਾਰ ਅਤੇ ਮਜ਼ਦੂਰ ਜਥੇਬੰਦੀਆਂ ਦੇ ਵੱਖ-ਵੱਖ ਦਾਵਿਆਂ ਦਰਮਿਆਨ ਹੁਣ ਇਹ ਚਰਚਾ ਤੇਜ਼ ਹੋ ਗਈ ਹੈ ਕਿ ਮਗਨਰੇਗਾ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਪੇਂਡੂ ਰੁਜ਼ਗਾਰ ਅਤੇ ਗਰੀਬ ਵਰਗ ’ਤੇ ਕਿਹੋ ਜਿਹਾ ਅਸਰ ਪਾਉਣਗੀਆਂ।

# ਸਿੱਖਿਆ ਖੇਤਰ ਵਿੱਚ ਪੰਜਾਬ ਨੇ ਲਿਖੀ ਨਵੀਂ ਇਤਿਹਾਸਕ ਕਾਮਯਾਬੀ, ਲੁਧਿਆਣਾ ਨੂੰ ਮਿਲੇ ਦੋ ਹੋਰ ਐਮੀਨੈਂਸ ਸਕੂਲ



**ਲੁਧਿਆਣਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੁਧਿਆਣਾ ਦੇ ਕਿਦਵਈ ਨਗਰ ਅਤੇ ਮਿਲਰਗੰਜ ਇਲਾਕਿਆਂ ਵਿੱਚ ਦੋ ਨਵੇਂ ਸਕੂਲ ਆਫ਼ ਐਮੀਨੈਂਸ ਦਾ ਉਦਘਾਟਨ ਕਰਦਿਆਂ ਦਾਅਵਾ ਕੀਤਾ ਕਿ ਸਿੱਖਿਆ ਖੇਤਰ ਵਿੱਚ ਪੰਜਾਬ ਨੇ ਦੇਸ਼ ਭਰ ਵਿੱਚ ਪਹਿਲਾ ਸਥਾਨ ਹਾਸਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਲਗਾਤਾਰ ਨਿਵੇਸ਼ ਅਤੇ ਸੁਧਾਰਾਂ ਨੇ ਸਰਕਾਰੀ ਸਕੂਲਾਂ ਦੀ ਤਸਵੀਰ ਹੀ ਬਦਲ ਦਿੱਤੀ ਹੈ।

ਉਦਘਾਟਨ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਲੁਧਿਆਣਾ ਵਿੱਚ ਹੁਣ ਕੁੱਲ 16 ਸਕੂਲ ਆਫ਼ ਐਮੀਨੈਂਸ ਹੋ ਗਏ ਹਨ, ਜਿਸ ਨਾਲ ਇਹ ਪੰਜਾਬ ਦਾ ਸਭ ਤੋਂ ਵੱਧ ਐਮੀਨੈਂਸ ਸਕੂਲਾਂ ਵਾਲਾ ਜ਼ਿਲ੍ਹਾ ਬਣ ਗਿਆ ਹੈ। ਇਸ ਤੋਂ ਇਲਾਵਾ, ਸ਼ਹਿਰ ਵਿੱਚ 11 ਸਕੂਲ ਆਫ਼ ਬ੍ਰਿਲੀਅੰਸ ਅਤੇ 35 ਸਕੂਲ ਆਫ਼ ਹੈਪੀਨੈੱਸ ਵੀ ਚੱਲ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਵੱਡੇ ਪੱਧਰ ‘ਤੇ ਕੰਮ ਕੀਤਾ ਹੈ। ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਇਆ ਗਿਆ ਹੈ, ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ ਅਤੇ ਪੜ੍ਹਾਈ ਦੇ ਨਵੇਂ ਤਰੀਕੇ ਅਪਣਾਏ ਗਏ ਹਨ। ਇਸ ਦੇ ਨਤੀਜੇ ਵਜੋਂ ਮਾਪਿਆਂ ਦਾ ਸਰਕਾਰੀ ਸਕੂਲਾਂ ਪ੍ਰਤੀ ਭਰੋਸਾ ਵਧਿਆ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ, ਜੋ ਕਦੇ ਸਕੂਲੀ ਸਿੱਖਿਆ ਦੇ ਮਾਮਲੇ ਵਿੱਚ ਦੇਸ਼ ਦੇ ਰਾਜਾਂ ਵਿੱਚ 27ਵੇਂ ਸਥਾਨ ‘ਤੇ ਸੀ, ਹੁਣ ਪਹਿਲੇ ਨੰਬਰ ‘ਤੇ ਪਹੁੰਚ ਗਿਆ ਹੈ। ਮੁੱਖ ਮੰਤਰੀ ਨੇ ਇਸ ਉਪਲਬਧੀ ਨੂੰ ਸਰਕਾਰ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਦਾ ਨਤੀਜਾ ਕਰਾਰ ਦਿੱਤਾ।

ਕਿਦਵਈ ਨਗਰ ਵਿੱਚ ਬਣੇ ਸਕੂਲ ਆਫ਼ ਐਮੀਨੈਂਸ ਨੂੰ 10.62 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਇਸ ਸਕੂਲ ਵਿੱਚ 60 ਕਮਰੇ, 27 ਆਧੁਨਿਕ ਕਲਾਸਰੂਮ, ਸੱਤ ਅਤਿ-ਆਧੁਨਿਕ ਲੈਬਾਂ, ਇੱਕ ਵਿਸ਼ਾਲ ਲਾਇਬ੍ਰੇਰੀ, ਪ੍ਰਿੰਸੀਪਲ ਦਾ ਦਫ਼ਤਰ ਅਤੇ 500 ਵਿਦਿਆਰਥੀਆਂ ਦੀ ਸਮਰੱਥਾ ਵਾਲਾ ਆਡੀਟੋਰੀਅਮ ਬਣਾਇਆ ਗਿਆ ਹੈ।

ਦੂਜੇ ਪਾਸੇ, ਮਿਲਰਗੰਜ ਦੇ ਸਕੂਲ ਆਫ਼ ਐਮੀਨੈਂਸ ‘ਤੇ 3.48 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਸਕੂਲ ਵਿੱਚ 11 ਕਲਾਸਰੂਮ, ਸੱਤ ਲੈਬਾਰਟਰੀਆਂ ਅਤੇ ਹੋਰ ਪ੍ਰਸ਼ਾਸਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸਕੂਲਾਂ ਦਾ ਦੌਰਾ ਕਰਕੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਕਲਾਸਰੂਮਾਂ, ਲੈਬਾਰਟਰੀਆਂ ਅਤੇ ਹੋਰ ਅਕਾਦਮਿਕ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਅਧਿਆਪਕਾਂ ਅਤੇ ਸਕੂਲ ਸਟਾਫ਼ ਨਾਲ ਵੀ ਮੁਲਾਕਾਤ ਕੀਤੀ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਨ੍ਹਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਕਈ ਉੱਚ ਅਧਿਕਾਰੀ ਵੀ ਇਸ ਮੌਕੇ ਮੌਜੂਦ ਰਹੇ।

# ਮਾਨਸਾ ਵਿੱਚ ਕਾਂਗਰਸ ਮੰਚ ਤੋਂ ਬਲਕੌਰ ਸਿੰਘ ਦਾ ਦਰਦ ਛਲਕਿਆ

## ਰਾਜਾ ਵੜਿੰਗ ਨੂੰ ਕਿਹਾ “ਸਾਡੀ ਲੜਾਈ ਭਾਜਪਾ ਨਾਲ, ਆਪਸ ਵਿੱਚ ਨਹੀਂ”

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਐਤਵਾਰ ਨੂੰ ਮਾਨਸਾ ਵਿੱਚ ਕਾਂਗਰਸ ਦੇ ‘ਹਰ ਬੂਥ, ਕਾਂਗਰਸ ਮਜ਼ਬੂਤ’ ਪ੍ਰੋਗਰਾਮ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਾਹਮਣੇ ਪਾਰਟੀ ਵਰਕਰਾਂ ਦੀ ਅਣਦੇਖੀ ਅਤੇ ਅੰਦਰੂਨੀ ਸਿਆਸਤ ਨੂੰ ਲੈ ਕੇ ਖੁੱਲ੍ਹ ਕੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ।



ਪ੍ਰੋਗਰਾਮ ਦੌਰਾਨ ਰਾਜਾ ਵੜਿੰਗ ਨੂੰ ਸਿੱਧੇ ਤੌਰ ’ਤੇ ਸੰਬੋਧਨ ਕਰਦਿਆਂ ਬਲਕੌਰ ਸਿੰਘ ਨੇ ਕਿਹਾ ਕਿ ਜੇਕਰ ਹਲਕੇ ਵਿੱਚ ਕਿਸੇ ਇੱਕ ਆਗੂ ਨੂੰ ਅੱਗੇ ਲਿਆਉਣਾ ਹੈ ਤਾਂ ਉਸ ਦਾ ਨਾਂ ਸਪੱਸ਼ਟ ਕੀਤਾ ਜਾਵੇ, ਤਾਂ ਜੋ ਸਾਰੇ ਵਰਕਰ ਉਸ ਦਾ ਸਮਰਥਨ ਕਰ ਸਕਣ। ਉਨ੍ਹਾਂ ਕਿਹਾ, “ਪ੍ਰਧਾਨ ਸਾਹਿਬ, ਹਰ ਵਾਰ ਤੁਸੀਂ ਆ ਕੇ ਹਰ ਵਿਅਕਤੀ ਦੀ ਪਿੱਠ ਥਾਪੜ ਦਿੰਦੇ ਹੋ ਅਤੇ ਹਰ ਕਿਸੇ ਨੂੰ ਵਿਧਾਇਕ ਬਣਨ ਦੇ ਸੁਪਨੇ ਦਿਖਾਏ ਜਾਂਦੇ ਹਨ। ਸਾਡੀ ਲੜਾਈ ਭਾਜਪਾ ਨਾਲ ਹੈ, ਆਪਸ ਵਿੱਚ ਨਹੀਂ।”

ਬਲਕੌਰ ਸਿੰਘ ਨੇ ਆਪਣੇ ਪੁੱਤਰ ਸਿੱਧੂ ਮੂਸੇਵਾਲਾ ਦੀ ਲੋਕਪ੍ਰਿਯਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਬਾਅਦ ਜੇਕਰ ਕਿਸੇ ਕੋਲ ਇੱਕੋ ਸੋਸ਼ਲ ਮੀਡੀਆ ਪਲੇਟਫਾਰਮ ’ਤੇ 30 ਕਰੋੜ ਲੋਕਾਂ ਦੀ ਫੈਨ ਫਾਲੋਇੰਗ ਹੈ ਤਾਂ ਉਹ ਸਿੱਧੂ ਮੂਸੇਵਾਲਾ ਸੀ। ਉਨ੍ਹਾਂ ਕਿਹਾ ਕਿ ਨੀਟ ਪੇਪਰ ਲੀਕ ਦੇ ਮੁੱਦੇ ’ਤੇ ਦਿੱਲੀ ਦੇ ਜੰਤਰ-ਮੰਤਰ ’ਤੇ ਹੋਏ ਪ੍ਰਦਰਸ਼ਨਾਂ ਦੌਰਾਨ ਵੀ ਸਿੱਧੂ ਮੂਸੇਵਾਲਾ ਦਾ ਨਾਂ ਗੂੰਜਿਆ ਸੀ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਕਾਂਗਰਸ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕਰਨ ਲਈ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ ਹੈ। ਬਲਕੌਰ ਸਿੰਘ ਨੇ ਕਿਹਾ, “ਭਾਵੇਂ ਮੇਰੇ ਪੁੱਤਰ ਨੂੰ ਰਾਜਾ ਵੜਿੰਗ ਕਾਂਗਰਸ ਵਿੱਚ ਲੈ ਕੇ ਆਏ ਸਨ, ਪਰ ਸਾਡਾ ਪਰਿਵਾਰ ਉਸ ਸਮੇਂ ਤੋਂ ਕਾਂਗਰਸ ਨਾਲ ਜੁੜਿਆ ਹੋਇਆ ਹੈ, ਜਦੋਂ ਪਾਰਟੀ ‘ਗਾਂ ਅਤੇ ਬਛੜਾ’ ਚੋਣ ਨਿਸ਼ਾਨ ’ਤੇ ਚੋਣ ਲੜਦੀ ਸੀ। ਅਸੀਂ ਪੀੜ੍ਹੀਆਂ ਤੋਂ ਕਾਂਗਰਸੀ ਹਾਂ।”

ਭਾਵੁਕ ਹੁੰਦਿਆਂ ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਸਿਰਫ਼ ਚੋਣ ਨਹੀਂ ਹਾਰਿਆ ਸੀ, ਸਗੋਂ ਉਸ ਨੇ ਆਪਣੀ ਜਾਨ ਵੀ ਗੁਆ ਦਿੱਤੀ। ਉਨ੍ਹਾਂ ਕਿਹਾ, “ਤੁਸੀਂ ਅਜਿਹੇ ਰਵਾਇਤੀ ਕਾਂਗਰਸੀ ਪਰਿਵਾਰ ਨੂੰ ਖ਼ਤਮ ਨਹੀਂ ਕਰ ਸਕਦੇ।”

ਬਲਕੌਰ ਸਿੰਘ ਨੇ ਆਪਣੇ ਸੀਮਤ ਸਿਆਸੀ ਪ੍ਰਭਾਵ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਇੱਕ ਬੂਥ ਪੱਧਰ ਦਾ ਵਰਕਰ ਵੀ ਨਿਯੁਕਤ ਨਹੀਂ ਕਰ ਸਕਦੇ ਅਤੇ ਨਾ ਹੀ ਬਲਾਕ ਸੰਮਤੀ ਦੀ ਇੱਕ ਟਿਕਟ ਦਿਵਾ ਸਕਦੇ ਹਨ। ਉਨ੍ਹਾਂ ਕਿਹਾ, “ਜੇਕਰ ਤੁਸੀਂ ਚਾਹੁੰਦੇ ਹੋ ਕਿ ਅਸੀਂ ਪਿੱਛੇ ਹਟ ਜਾਈਏ ਤਾਂ ਸਾਨੂੰ ਕਮਜ਼ੋਰ ਕਰਨ ਦੀ ਬਜਾਏ ਸਿੱਧਾ ਦੱਸ ਦਿਓ।”

ਉਨ੍ਹਾਂ ਦੀ ਇਸ ਟਿੱਪਣੀ ਤੋਂ ਬਾਅਦ ਸਮਾਗਮ ਵਿੱਚ ਮੌਜੂਦ ਕਾਂਗਰਸੀ ਵਰਕਰਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਅਤੇ ਤਾੜੀਆਂ ਨਾਲ ਸਮਰਥਨ ਕੀਤਾ।

ਬਲਕੌਰ ਸਿੰਘ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਕਾਂਗਰਸ ਲਈ ਨਿਸ਼ਕਾਮ ਭਾਵਨਾ ਨਾਲ ਕੰਮ ਕਰਦੇ ਰਹਿਣਗੇ। ਉਨ੍ਹਾਂ ਪਾਰਟੀ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਵਫ਼ਾਦਾਰ ਵਰਕਰਾਂ ਨੂੰ ਕਮਜ਼ੋਰ ਕਰਨ ਦੀ ਬਜਾਏ ਉਨ੍ਹਾਂ ਦਾ ਸਨਮਾਨ ਕੀਤਾ ਜਾਵੇ।

ਉਨ੍ਹਾਂ ਕਿਹਾ, “ਜੇਕਰ ਤੁਸੀਂ ਮੈਨੂੰ ਕੋਈ ਜ਼ਿੰਮੇਵਾਰੀ ਨਹੀਂ ਦੇਣਾ ਚਾਹੁੰਦੇ ਤਾਂ ਮੈਨੂੰ ਇੱਜ਼ਤ ਨਾਲ ਬੈਠਣ ਦਿਓ। ਮੈਂ ਕਾਂਗਰਸ ਲਈ ਇੱਕ ਚੌਕੀਦਾਰ ਵਾਂਗ ਕੰਮ ਕਰਦਾ ਰਹਾਂਗਾ।”

ਆਪਣੇ ਸੰਬੋਧਨ ਦੇ ਅੰਤ ਵਿੱਚ ਬਲਕੌਰ ਸਿੰਘ ਨੇ ਭਾਵੁਕ ਹੋ ਕੇ ਕਾਂਗਰਸ ਦੇ ਸੀਨੀਅਰ ਆਗੂ ਭੂਪੇਸ਼ ਬਘੇਲ ਤੋਂ ਮੁਆਫ਼ੀ ਮੰਗਦਿਆਂ ਕਿਹਾ, “ਬਘੇਲ ਸਾਹਿਬ, ਮੈਂ ਮੁਆਫ਼ੀ ਚਾਹੁੰਦਾ ਹਾਂ। ਕਈ ਵਾਰ ਭਾਵਨਾਵਾਂ ਵਿੱਚ ਇਨਸਾਨ ਕੁਝ ਅਜਿਹੀਆਂ ਗੱਲਾਂ ਕਹਿ ਜਾਂਦਾ ਹੈ, ਜੋ ਦਿਲ ਦੇ ਦਰਦ ਨੂੰ ਬਿਆਨ ਕਰਦੀਆਂ ਹਨ।”

# ਪੇਪਰ ਲੀਕ ਵਿਵਾਦ ‘ਤੇ ਵਿਧਾਨ ਸਭਾ ਬਾਹਰ ਕਾਂਗਰਸ ਦਾ ਹੰਗਾਮਾ

## ਮੰਤਰੀਆਂ ਦੇ ਅਸਤੀਫ਼ਿਆਂ ਦੀ ਉਠੀ ਮੰਗ




**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਮਾਨਸੂਨ ਇਜਲਾਸ ਦੌਰਾਨ ਪੇਪਰ ਲੀਕ ਮਾਮਲੇ ਨੂੰ ਲੈ ਕੇ ਸਿਆਸੀ ਮਾਹੌਲ ਗਰਮਾ ਗਿਆ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਸੂਬਾ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਅਤੇ ਨਾਅਰੇਬਾਜ਼ੀ ਕਰਦਿਆਂ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ।

ਕਾਂਗਰਸੀ ਵਿਧਾਇਕਾਂ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਲਗਾਤਾਰ ਸਾਹਮਣੇ ਆ ਰਹੇ ਪੇਪਰ ਲੀਕ ਮਾਮਲਿਆਂ ਨੇ ਨੌਜਵਾਨਾਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ, ਪਰ ਸਰਕਾਰ ਇਸ ਮਾਮਲੇ ਵਿੱਚ ਗੰਭੀਰਤਾ ਨਹੀਂ ਦਿਖਾ ਰਹੀ। ਪ੍ਰਦਰਸ਼ਨ ਦੌਰਾਨ ਵਿਧਾਇਕਾਂ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਅਸਤੀਫ਼ਿਆਂ ਦੀ ਮੰਗ ਵੀ ਕੀਤੀ।

ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜਦੋਂ ਕੇਂਦਰ ਸਰਕਾਰ ਖ਼ਿਲਾਫ਼ ਪੇਪਰ ਲੀਕ ਦੇ ਮਾਮਲਿਆਂ ਨੂੰ ਲੈ ਕੇ ਦਿੱਲੀ ਦੇ ਜੰਤਰ-ਮੰਤਰ ‘ਤੇ ਧਰਨੇ ਦਿੱਤੇ ਜਾ ਰਹੇ ਸਨ, ਉਸ ਸਮੇਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਉਥੇ ਮੌਜੂਦ ਸਨ ਅਤੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਸਨ। ਉਨ੍ਹਾਂ ਸਵਾਲ ਉਠਾਇਆ ਕਿ ਹੁਣ ਪੰਜਾਬ ਵਿੱਚ ਪੇਪਰ ਲੀਕ ਦੇ ਮਾਮਲੇ ਸਾਹਮਣੇ ਆਉਣ ਦੇ ਬਾਵਜੂਦ ਸਿੱਖਿਆ ਮੰਤਰੀ ਚੁੱਪ ਕਿਉਂ ਹਨ।

ਕਾਂਗਰਸੀ ਆਗੂਆਂ ਦਾ ਕਹਿਣਾ ਸੀ ਕਿ ਸੂਬੇ ਵਿੱਚ ਹੋਏ ਪੇਪਰ ਲੀਕ ਮਾਮਲਿਆਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਅਧਿਕਾਰੀਆਂ ਅਤੇ ਮੰਤਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੌਜਵਾਨਾਂ ਦੇ ਭਵਿੱਖ ਨਾਲ ਖੇਡ ਰਹੀ ਹੈ ਅਤੇ ਇਸ ਮੁੱਦੇ ‘ਤੇ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਹੋਰ ਵਿਵਾਦਿਤ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਵਿਧਾਇਕਾਂ ਨੂੰ ਕਥਿਤ ਤੌਰ ‘ਤੇ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਗੁਰੂ ਦੋਖੀ ਕਰਾਰ ਦਿੱਤੇ ਗਏ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੱਥਾ ਨਹੀਂ ਲਗਾਉਣਗੇ। ਉਨ੍ਹਾਂ ਕਿਹਾ ਕਿ ਜਦੋਂ ਇਸ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੋਂ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਵੱਲੋਂ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ ਗਿਆ।

ਵਿਧਾਨ ਸਭਾ ਦੇ ਬਾਹਰ ਹੋਏ ਇਸ ਪ੍ਰਦਰਸ਼ਨ ਕਾਰਨ ਕੁਝ ਸਮੇਂ ਲਈ ਸਿਆਸੀ ਮਾਹੌਲ ਤਣਾਅਪੂਰਨ ਬਣਿਆ ਰਿਹਾ। ਕਾਂਗਰਸੀ ਵਿਧਾਇਕਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੇਪਰ ਲੀਕ ਮਾਮਲੇ ਵਿੱਚ ਸਰਕਾਰ ਵੱਲੋਂ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਉਹ ਆਉਣ ਵਾਲੇ ਦਿਨਾਂ ਵਿੱਚ ਆਪਣਾ ਸੰਘਰਸ਼ ਹੋਰ ਤੇਜ਼ ਕਰਨਗੇ।

# ‘ਹਰ ਬੂਥ, ਕਾਂਗਰਸ ਮਜ਼ਬੂਤ’ ਮੁਹਿੰਮ ਤੋਂ ਪਹਿਲਾਂ ਮੁਕਤਸਰ ਵਿੱਚ ਸਿਆਸੀ ਤੂਫ਼ਾਨ, ਰਾਜਾ ਵੜਿੰਗ ਤੇ ਬਘੇਲ ਖ਼ਿਲਾਫ਼ ਲੱਗੇ ਪੋਸਟਰ

**ਮੁਕਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਗੜ੍ਹ ਮੁਕਤਸਰ ਵਿੱਚ ਸੋਮਵਾਰ ਨੂੰ ਉਸ ਵੇਲੇ ਸਿਆਸੀ ਹਲਚਲ ਤੇਜ਼ ਹੋ ਗਈ, ਜਦੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਰਾਜਾ ਵੜਿੰਗ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਖ਼ਿਲਾਫ਼ ਪੋਸਟਰ ਅਤੇ ਹੋਰਡਿੰਗਜ਼ ਨਜ਼ਰ ਆਏ। ਇਹ ਸਾਰਾ ਮਾਮਲਾ ਕਾਂਗਰਸ ਦੇ ‘ਹਰ ਬੂਥ, ਕਾਂਗਰਸ ਮਜ਼ਬੂਤ’ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਕੁਝ ਘੰਟੇ ਪਹਿਲਾਂ ਸਾਹਮਣੇ ਆਇਆ, ਜਿਸ ਕਾਰਨ ਪਾਰਟੀ ਦੇ ਅੰਦਰੂਨੀ ਮਾਹੌਲ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਗਏ ਹਨ।




ਸ਼ਹਿਰ ਵਿੱਚ ਲੱਗੇ ਪੋਸਟਰਾਂ ਉੱਤੇ “ਬਘੇਲ ਗੋ ਬੈਕ”, “ਚੰਨੀ ਨੂੰ ਵਾਪਸ ਲਿਆਓ” ਅਤੇ “ਰਾਜਾ ਤੇ ਬਘੇਲ ਨੂੰ ਹਟਾਓ, ਕਾਂਗਰਸ ਬਚਾਓ” ਵਰਗੇ ਨਾਅਰੇ ਲਿਖੇ ਹੋਏ ਸਨ। ਕੁਝ ਪੋਸਟਰਾਂ ਵਿੱਚ ਭੂਪੇਸ਼ ਬਘੇਲ ਨੂੰ ‘ਸਾਈਮਨ’ ਵਜੋਂ ਦਰਸਾਇਆ ਗਿਆ ਸੀ ਅਤੇ ਉਨ੍ਹਾਂ ਖ਼ਿਲਾਫ਼ ਤਿੱਖੇ ਸੰਦੇਸ਼ ਲਿਖੇ ਗਏ ਸਨ।

ਇਸ ਤੋਂ ਇਲਾਵਾ ਕੁਝ ਹੋਰ ਪੋਸਟਰਾਂ ‘ਤੇ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਨਾਅਰੇ ਲਗਾਏ ਗਏ ਸਨ। “ਸੁਣੋ ਰਾਹੁਲ ਜੀ, ਸਰਕਾਰ ਬਣਾਉਣ ਲਈ ਚੰਨੀ ਨੂੰ ਵਾਪਸ ਲਿਆਓ” ਵਰਗੇ ਸੰਦੇਸ਼ਾਂ ਨੇ ਸੂਬੇ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।


ਖ਼ਾਸ ਗੱਲ ਇਹ ਹੈ ਕਿ ਜਿਸ ਪ੍ਰੋਗਰਾਮ ਤੋਂ ਪਹਿਲਾਂ ਇਹ ਪੋਸਟਰ ਸਾਹਮਣੇ ਆਏ ਹਨ, ਉਸ ਵਿੱਚ ਭੂਪੇਸ਼ ਬਘੇਲ, ਰਾਜਾ ਵੜਿੰਗ ਅਤੇ ਕਾਂਗਰਸ ਦੇ ਕਈ ਸੀਨੀਅਰ ਆਗੂਆਂ ਨੇ ਸ਼ਾਮਲ ਹੋਣਾ ਹੈ। ਹਾਲਾਂਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਨ੍ਹਾਂ ਪੋਸਟਰਾਂ ਦੇ ਪਿੱਛੇ ਕੌਣ ਹੈ ਅਤੇ ਨਾ ਹੀ ਕਾਂਗਰਸ ਹਾਈਕਮਾਨ ਜਾਂ ਸੂਬਾ ਲੀਡਰਸ਼ਿਪ ਵੱਲੋਂ ਇਸ ਮਾਮਲੇ ‘ਤੇ ਕੋਈ ਅਧਿਕਾਰਤ ਪ੍ਰਤੀਕਿਰਿਆ ਸਾਹਮਣੇ ਆਈ ਹੈ।

ਇਸੇ ਦੌਰਾਨ ਕਾਂਗਰਸ ਵੱਲੋਂ ਬਠਿੰਡਾ ਵਿੱਚ ਵੀ ‘ਹਰ ਬੂਥ, ਕਾਂਗਰਸ ਮਜ਼ਬੂਤ’ ਮੁਹਿੰਮ ਤਹਿਤ ਵੱਡਾ ਸਮਾਗਮ ਕਰਵਾਇਆ ਜਾ ਰਿਹਾ ਹੈ। ਪਾਰਟੀ ਆਗੂਆਂ ਦਾ ਦਾਅਵਾ ਹੈ ਕਿ ਇਸ ਮੁਹਿੰਮ ਦਾ ਮਕਸਦ ਜ਼ਮੀਨੀ ਪੱਧਰ ‘ਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨਾ ਹੈ, ਪਰ ਮੁਕਤਸਰ ਵਿੱਚ ਲੱਗੇ ਇਨ੍ਹਾਂ ਪੋਸਟਰਾਂ ਨੇ ਪਾਰਟੀ ਅੰਦਰ ਚੱਲ ਰਹੀ ਖਿੱਚੋਤਾਣ ਨੂੰ ਮੁੜ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੰਗਰੂਰ, ਪਟਿਆਲਾ, ਬਰਨਾਲਾ ਅਤੇ ਮਾਨਸਾ ਵਿੱਚ ਹੋਏ ਕਾਂਗਰਸੀ ਸਮਾਗਮਾਂ ਦੌਰਾਨ ਵੀ ਧੜੇਬੰਦੀ ਖੁੱਲ੍ਹ ਕੇ ਸਾਹਮਣੇ ਆਈ ਸੀ। ਕਈ ਮੌਕਿਆਂ ‘ਤੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿਚਕਾਰ ਅਸਹਿਮਤੀ ਦੀਆਂ ਖ਼ਬਰਾਂ ਵੀ ਸਾਹਮਣੇ ਆ ਚੁੱਕੀਆਂ ਹਨ।

ਹੁਣ ਦੇਖਣਾ ਇਹ ਹੋਵੇਗਾ ਕਿ ਮੁਕਤਸਰ ਵਿੱਚ ਉੱਠੇ ਇਸ ਨਵੇਂ ਵਿਵਾਦ ਦਾ ਕਾਂਗਰਸ ਦੀ ਅੰਦਰੂਨੀ ਰਾਜਨੀਤੀ ਅਤੇ ਆਉਣ ਵਾਲੀਆਂ ਚੋਣੀ ਤਿਆਰੀਆਂ ‘ਤੇ ਕੀ ਅਸਰ ਪੈਂਦਾ ਹੈ।

**Armaan Enterprises Inc**
Patio Covers Railing and Gates Installation & Maintenance



ARMAAN MANGAT
778 930 7500
armaanenterprisesinc7@gmail.com
M.S. MANGAT
604 710 1197

# ਸਪੋਰਟਸ/ਖੇਡਾਂ

## ਕਾਮਨਵੈਲਥ ਖੇਡਾਂ ਦਾ ਚਾਂਦੀ ਤਗਮਾ ਜਿੱਤਣ ਵਾਲੇ ਲਵਪ੍ਰੀਤ ਸਿੰਘ ਦਾ ਪੰਜਾਬ 'ਚ ਸ਼ਾਨਦਾਰ ਸਵਾਗਤ



ਸਕਾਟਲੈਂਡ ਦੇ ਗਲਾਸਗੋ ਵਿੱਚ ਹੋਈਆਂ ਕਾਮਨਵੈਲਥ ਖੇਡਾਂ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਨ ਕਰਨ ਵਾਲਾ ਵੇਟਲਿਫਟਰ ਲਵਪ੍ਰੀਤ ਸਿੰਘ ਆਪਣੇ ਵਤਨ ਪਰਤ ਆਇਆ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਸ ਦਾ ਨਿੱਘਾ ਸਵਾਗਤ ਕੀਤਾ ਗਿਆ, ਜਿੱਥੇ ਪਰਿਵਾਰਕ ਮੈਂਬਰਾਂ, ਖਿਡਾਰੀਆਂ ਅਤੇ ਪ੍ਰਸ਼ੰਸਕਾਂ ਨੇ ਉਸ ਦੀ ਇਸ ਇਤਿਹਾਸਕ ਪ੍ਰਾਪਤੀ ਦਾ ਜਸ਼ਨ ਮਨਾਇਆ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬੱਲ ਸਚੰਦਰ ਨਾਲ ਸਬੰਧਤ ਲਵਪ੍ਰੀਤ ਸਿੰਘ ਨੇ 110 ਪਲੱਸ ਕਿਲੋਗ੍ਰਾਮ ਭਾਰ ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਨੈਚ ਵਿੱਚ 176 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 212 ਕਿਲੋਗ੍ਰਾਮ ਭਾਰ ਚੁੱਕਿਆ। ਕੁੱਲ 388 ਕਿਲੋਗ੍ਰਾਮ ਭਾਰ ਚੁੱਕ ਕੇ ਉਸ ਨੇ ਕਾਮਨਵੈਲਥ ਖੇਡਾਂ ਵਿੱਚ ਚਾਂਦੀ ਦਾ ਤਗਮਾ ਆਪਣੇ ਨਾਮ ਕੀਤਾ।

ਲਵਪ੍ਰੀਤ ਸਿੰਘ ਦੀ ਸਫਲਤਾ ਦੇ ਪਿੱਛੇ ਉਸ ਦਾ ਲੰਮਾ ਸੰਘਰਸ਼ ਅਤੇ ਕਠਿਨ ਮਿਹਨਤ ਹੈ। ਇੱਕ ਸਧਾਰਨ ਪਰਿਵਾਰ ਵਿੱਚ ਜਨਮੇ ਲਵਪ੍ਰੀਤ ਨੇ ਬਚਪਨ ਦੌਰਾਨ ਆਪਣੇ ਪਰਿਵਾਰ ਦੀ ਮਦਦ ਲਈ ਮੰਡੀ ਵਿੱਚ ਸਬਜ਼ੀਆਂ ਵੇਚਣ ਤੱਕ ਦਾ ਕੰਮ ਕੀਤਾ। ਉਸ ਦੇ ਪਿਤਾ ਕ੍ਰਿਪਾਲ ਸਿੰਘ ਅਤੇ ਮਾਤਾ ਸੁਖਵਿੰਦਰ ਕੌਰ ਨੇ ਦੱਸਿਆ ਕਿ ਲਵਪ੍ਰੀਤ ਨੇ ਹਮੇਸ਼ਾ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਦਿਨ-ਰਾਤ ਮਿਹਨਤ ਕੀਤੀ, ਜਿਸ ਦਾ ਨਤੀਜਾ ਅੱਜ ਪੂਰੀ ਦੁਨੀਆ ਦੇ ਸਾਹਮਣੇ ਹੈ।

ਅੰਮ੍ਰਿਤਸਰ ਹਵਾਈ ਅੱਡੇ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਲਵਪ੍ਰੀਤ ਸਿੰਘ ਦਾ ਸਨਮਾਨ ਕੀਤਾ ਅਤੇ ਉਸ ਨੂੰ ਇਸ ਵਿਸ਼ੇਸ਼ ਪ੍ਰਾਪਤੀ ਲਈ ਵਧਾਈ ਦਿੱਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਮੌਜੂਦ ਲੋਕਾਂ ਨੇ ਨਾਅਰੇਬਾਜ਼ੀ ਕਰਕੇ ਆਪਣੇ ਹੀਰੋ ਦਾ ਹੌਸਲਾ ਵਧਾਇਆ।

ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਲਵਪ੍ਰੀਤ ਸਿੰਘ ਦੀ ਸਫਲਤਾ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਸ ਨੇ ਨਾ ਸਿਰਫ਼ ਅੰਮ੍ਰਿਤਸਰ, ਸਗੋਂ ਪੂਰੇ ਪੰਜਾਬ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਲਵਪ੍ਰੀਤ ਦੀ ਇਹ ਪ੍ਰਾਪਤੀ ਸੂਬੇ ਦੇ ਹਜ਼ਾਰਾਂ ਨੌਜਵਾਨਾਂ ਲਈ ਪ੍ਰੇਰਣਾ ਬਣੇਗੀ, ਜੋ ਖੇਡਾਂ ਵਿੱਚ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ।

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਵਪ੍ਰੀਤ ਸਿੰਘ ਨੂੰ ਉਸ ਦੀ ਇਸ ਉਪਲਬਧੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

ਲਵਪ੍ਰੀਤ ਸਿੰਘ ਦੀ ਮਿਹਨਤ, ਲਗਨ ਅਤੇ ਸੰਘਰਸ਼ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ ਤਾਂ ਆਮ ਪਰਿਵਾਰਾਂ ਦੇ ਬੱਚੇ ਵੀ ਅੰਤਰਰਾਸ਼ਟਰੀ ਮੰਚਾਂ 'ਤੇ ਕਾਮਯਾਬੀ ਦੇ ਝੰਡੇ ਗਾੜ ਸਕਦੇ ਹਨ।

## ਚਾਂਦੀ ਦਾ ਤਗਮਾ ਜਿੱਤ ਕੇ ਨਾਭਾ ਪੁੱਜੀ ਹਰਜਿੰਦਰ ਕੌਰ ਦਾ ਸ਼ਾਨਦਾਰ ਸਵਾਗਤ

### ਕਿਹਾ- ਸਖ਼ਤ ਮਿਹਨਤ ਅਤੇ ਪਰਿਵਾਰ ਦੇ ਸਹਿਯੋਗ ਨੇ ਦਿਵਾਈ ਕਾਮਯਾਬੀ

**ਨਾਭਾ:** ਰਾਸ਼ਟਰਮੰਡਲ ਖੇਡਾਂ ਗਲਾਸਗੋ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਵਾਪਸ ਆਪਣੇ ਸ਼ਹਿਰ ਨਾਭਾ ਪੁੱਜੀ ਵੇਟਲਿਫਟਰ ਹਰਜਿੰਦਰ ਕੌਰ ਦਾ ਲੋਕਾਂ ਵੱਲੋਂ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ ਗਿਆ। ਹਰਜਿੰਦਰ ਦੇ ਪਿੰਡ ਮੈਹਸ ਤੋਂ ਕਰੀਬ 10 ਕਿਲੋਮੀਟਰ ਪਹਿਲਾਂ ਰੋਹਟੀ ਪੁਲ 'ਤੇ ਹੀ ਪਿੰਡ ਵਾਸੀ, ਖੇਡ ਪ੍ਰੇਮੀ ਅਤੇ ਸਰਕਾਰੀ ਨੁਮਾਇੰਦੇ ਉਨ੍ਹਾਂ ਦੇ ਸਵਾਗਤ ਲਈ ਇਕੱਠੇ ਹੋ ਗਏ ਸਨ। ਢੋਲ-ਨਗਾੜਿਆਂ ਅਤੇ ਜਸ਼ਨੀ ਮਾਹੌਲ ਵਿੱਚ ਵੱਡੇ ਕਾਫਲੇ ਦੇ ਰੂਪ ਵਿੱਚ ਹਰਜਿੰਦਰ ਕੌਰ ਨੂੰ ਪਿੰਡ ਲਿਆਂਦਾ ਗਿਆ।

ਪਿੰਡ ਪਹੁੰਚਣ ਤੋਂ ਬਾਅਦ ਹਰਜਿੰਦਰ ਕੌਰ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਾ ਰਿਹਾ। ਹਰ ਕੋਈ ਇਸ ਮਾਣਮੱਤੀ ਧੀ ਨਾਲ ਤਸਵੀਰ ਖਿਚਵਾਉਣ ਅਤੇ ਉਸ ਦੀ ਇਸ ਵੱਡੀ ਉਪਲਬਧੀ ਲਈ ਸ਼ੁਭਕਾਮਨਾਵਾਂ ਦੇਣ ਲਈ ਉਤਸੁਕ ਨਜ਼ਰ ਆਇਆ।

29 ਸਾਲਾ ਹਰਜਿੰਦਰ ਕੌਰ ਨੇ ਗੱਲਬਾਤ ਦੌਰਾਨ ਦੱਸਿਆ ਕਿ 2022 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਉਹ ਚੌਥੇ ਸਥਾਨ 'ਤੇ ਰਹੀ ਸੀ, ਪਰ ਤੀਜੇ ਨੰਬਰ 'ਤੇ ਰਹੇ ਨਾਈਜੀਰੀਆ ਦੇ ਖਿਡਾਰੀ ਨੂੰ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਉਸ ਨੂੰ ਕਾਂਸੀ ਦਾ ਤਗਮਾ ਮਿਲਿਆ ਸੀ। ਇਸ ਕਾਰਨ ਉਸ ਦੇ ਨਾਮ ਨਾਲ "ਕਿਸਮਤ ਦਾ ਤਗਮਾ" ਜੁੜ ਗਿਆ ਸੀ, ਜਿਸ ਨੂੰ ਉਹ ਇਸ ਵਾਰ ਬਦਲਣਾ ਚਾਹੁੰਦੀ ਸੀ।

ਉਸ ਨੇ ਕਿਹਾ ਕਿ ਇਸ ਵਾਰ ਉਸ ਦਾ ਇੱਕੋ-ਇੱਕ ਟੀਚਾ ਤਗਮੇ ਦਾ ਰੰਗ ਬਦਲਣਾ ਸੀ ਅਤੇ ਇਸ ਲਈ ਉਸ ਨੇ ਦਿਨ-ਰਾਤ ਸਖ਼ਤ ਮਿਹਨਤ ਕੀਤੀ। ਹਰਜਿੰਦਰ ਮੁਤਾਬਕ, ਬਿਹਤਰ ਕੋਚਿੰਗ, ਅਨੁਸ਼ਾਸਨ ਅਤੇ ਪਰਿਵਾਰ ਦੇ ਲਗਾਤਾਰ ਸਹਿਯੋਗ ਸਦਕਾ ਉਹ ਆਪਣੇ ਟੀਚੇ ਨੂੰ ਹਾਸਲ ਕਰਨ ਵਿੱਚ ਕਾਮਯਾਬ ਰਹੀ।

ਹਰਜਿੰਦਰ ਕੌਰ ਨੇ ਆਪਣੇ ਪਰਿਵਾਰ ਦੇ ਸੰਘਰਸ਼ ਨੂੰ ਯਾਦ ਕਰਦਿਆਂ ਦੱਸਿਆ ਕਿ ਵੰਡ ਦੇ ਸਮੇਂ ਉਨ੍ਹਾਂ ਦੇ ਪਰਿਵਾਰ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਪਰਿਵਾਰ ਨੇ ਉਜਾੜੇ ਅਤੇ ਆਰਥਿਕ ਤੰਗੀ ਦੇ ਬਾਵਜੂਦ ਕਦੇ ਵੀ ਉਸ ਦੀ ਖੇਡ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ। ਘੱਟ ਸਾਧਨਾਂ ਦੇ ਬਾਵਜੂਦ ਪਰਿਵਾਰ ਨੇ ਹਮੇਸ਼ਾ ਉਸ ਦਾ ਹੌਸਲਾ ਵਧਾਇਆ ਅਤੇ ਹਰ ਪੜਾਅ 'ਤੇ ਸਾਥ ਦਿੱਤਾ।



ਉਸ ਨੇ ਕਿਹਾ ਕਿ ਉਹ ਨਾਭਾ ਵਿੱਚ ਵੇਟਲਿਫਟਿੰਗ ਦਾ ਇੱਕ ਆਧੁਨਿਕ ਸੈਂਟਰ ਸਥਾਪਤ ਕਰਨਾ ਚਾਹੁੰਦੀ ਹੈ ਤਾਂ ਜੋ ਪਿੰਡਾਂ ਦੇ ਨੌਜਵਾਨਾਂ ਨੂੰ ਵਧੀਆ ਸਹੂਲਤਾਂ ਮਿਲ ਸਕਣ। ਇਸ ਦੇ ਨਾਲ ਹੀ ਉਸ ਨੇ ਆਪਣੇ ਪਿੰਡ ਵਿੱਚ ਇੱਕ ਉੱਚ ਪੱਧਰੀ ਖੇਡ ਮੈਦਾਨ ਬਣਾਉਣ ਦੀ ਵੀ ਮੰਗ ਕੀਤੀ।

ਹਰਜਿੰਦਰ ਕੌਰ ਨੇ ਉਮੀਦ ਜਤਾਈ ਕਿ ਪੰਜਾਬ ਸਰਕਾਰ ਵੀ ਉਸ ਦੀ ਇਸ ਉਪਲਬਧੀ ਨੂੰ ਮਾਣ ਦੇਵੇਗੀ ਅਤੇ ਮੁੱਖ ਮੰਤਰੀ ਪੰਜਾਬ ਅਤੇ ਖੇਡ ਮੰਤਰੀ ਉਸ ਦੀ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਨਗੇ। ਉਸ ਨੇ ਕਿਹਾ ਕਿ ਜੇਕਰ ਖਿਡਾਰੀਆਂ ਨੂੰ ਵਧੀਆ ਸਹੂਲਤਾਂ ਅਤੇ ਸਰਕਾਰੀ ਸਹਿਯੋਗ ਮਿਲੇ ਤਾਂ ਪੰਜਾਬ ਦੇ ਹੋਰ ਨੌਜਵਾਨ ਵੀ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਦੇ ਹਨ।

## ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਰਤ ਦੀ ਸ਼ਾਨਦਾਰ ਮੁਹਿੰਮ ਸਮਾਪਤ

### 39 ਤਗ਼ਮਿਆਂ ਨਾਲ ਚੌਥੇ ਸਥਾਨ 'ਤੇ ਕੀਤਾ ਕਬਜ਼ਾ



**ਗਲਾਸਗੋ:** ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਰਤੀ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕੁੱਲ 39 ਤਗ਼ਮੇ ਆਪਣੇ ਨਾਮ ਕੀਤੇ ਅਤੇ ਤਗ਼ਮਾ ਸੂਚੀ ਵਿੱਚ ਚੌਥਾ ਸਥਾਨ ਹਾਸਲ ਕੀਤਾ। ਭਾਵੇਂ ਇਸ ਵਾਰ ਖੇਡਾਂ ਦਾ ਪ੍ਰੋਗਰਾਮ ਕਾਫ਼ੀ ਸੀਮਤ ਸੀ ਅਤੇ ਭਾਰਤ ਦੀਆਂ ਕਈ ਰਵਾਇਤੀ ਖੇਡਾਂ ਇਸ ਵਿੱਚ ਸ਼ਾਮਲ ਨਹੀਂ ਸਨ, ਫਿਰ ਵੀ ਭਾਰਤੀ ਦਲ ਨੇ ਆਪਣੇ ਦਮਦਾਰ ਪ੍ਰਦਰਸ਼ਨ ਨਾਲ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ।

ਭਾਰਤ ਨੇ ਇਸ ਸੰਸਕਰਣ ਵਿੱਚ 13 ਸੋਨ ਤਗ਼ਮੇ, 17 ਚਾਂਦੀ ਦੇ ਤਗ਼ਮੇ ਅਤੇ 9 ਕਾਂਸੀ ਦੇ ਤਗ਼ਮੇ ਜਿੱਤ ਕੇ ਕੁੱਲ 39 ਤਗ਼ਮਿਆਂ ਦਾ ਅੰਕੜਾ ਛੂਹਿਆ। ਮੇਜ਼ਬਾਨ ਸਕਾਟਲੈਂਡ ਨੇ ਵੀ 39 ਤਗ਼ਮੇ ਜਿੱਤੇ, ਪਰ ਚਾਂਦੀ ਦੇ ਤਗ਼ਮੇ ਘੱਟ ਹੋਣ ਕਾਰਨ ਉਹ ਪੰਜਵੇਂ ਸਥਾਨ 'ਤੇ ਰਿਹਾ।

ਤਗ਼ਮਾ ਸੂਚੀ ਵਿੱਚ ਆਸਟਰੇਲੀਆ ਨੇ ਇੱਕ ਵਾਰ ਫਿਰ ਆਪਣਾ ਦਬਦਬਾ ਕਾਇਮ ਰੱਖਿਆ। ਆਸਟਰੇਲੀਆ ਨੇ 70 ਸੋਨ ਤਗ਼ਮਿਆਂ ਸਮੇਤ ਕੁੱਲ 171 ਤਗ਼ਮੇ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਇੰਗਲੈਂਡ 110 ਤਗ਼ਮਿਆਂ ਨਾਲ ਦੂਜੇ ਅਤੇ ਕੈਨੇਡਾ 62 ਤਗ਼ਮਿਆਂ ਨਾਲ ਤੀਜੇ ਸਥਾਨ 'ਤੇ ਰਿਹਾ।

ਗਲਾਸਗੋ ਵਿੱਚ 11 ਦਿਨਾਂ ਤੱਕ ਚੱਲੇ ਇਸ ਮਹਾਕੁੰਭ ਦੌਰਾਨ ਭਾਰਤੀ ਖਿਡਾਰੀਆਂ ਨੇ ਮੁੱਕੇਬਾਜ਼ੀ, ਅਥਲੈਟਿਕਸ, ਜੂਡੋ, ਵੇਟਲਿਫਟਿੰਗ ਅਤੇ ਪੈਰਾ ਖੇਡਾਂ ਵਿੱਚ ਯਾਦਗਾਰ ਪ੍ਰਦਰਸ਼ਨ ਕੀਤਾ। ਖ਼ਾਸ ਤੌਰ 'ਤੇ ਮੁੱਕੇਬਾਜ਼ੀ ਭਾਰਤ ਲਈ ਸਭ ਤੋਂ ਸਫ਼ਲ ਖੇਡ ਸਾਬਤ ਹੋਈ, ਜਿੱਥੇ ਭਾਰਤੀ ਮੁੱਕੇਬਾਜ਼ਾਂ ਨੇ 7 ਸੋਨ ਅਤੇ 3 ਚਾਂਦੀ ਦੇ ਤਗ਼ਮਿਆਂ ਸਮੇਤ ਕੁੱਲ 10 ਤਗ਼ਮੇ ਜਿੱਤੇ।

ਇਸ ਤੋਂ ਇਲਾਵਾ ਟਰੈਕ ਅਤੇ ਫੀਲਡ ਮੁਕਾਬਲਿਆਂ ਵਿੱਚ ਵੀ ਭਾਰਤੀ ਅਥਲੀਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਤਗ਼ਮੇ ਆਪਣੇ ਨਾਮ ਕੀਤੇ। ਪੈਰਾ ਖਿਡਾਰੀਆਂ ਨੇ ਵੀ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਅਤੇ ਦੇਸ਼ ਦਾ ਮਾਣ ਵਧਾਇਆ।

ਇਸ ਵਾਰ ਨਿਸ਼ਾਨੇਬਾਜ਼ੀ, ਬੈਡਮਿੰਟਨ, ਕੁਸ਼ਤੀ, ਹਾਕੀ ਅਤੇ ਟੇਬਲ ਟੈਨਿਸ ਵਰਗੀਆਂ ਭਾਰਤ ਦੀਆਂ ਮਜ਼ਬੂਤ ਖੇਡਾਂ ਪ੍ਰੋਗਰਾਮ ਦਾ ਹਿੱਸਾ ਨਹੀਂ ਸਨ। ਇਸ ਕਾਰਨ ਭਾਰਤ ਦੀ ਤਗ਼ਮਾ ਗਿਣਤੀ 'ਤੇ ਅਸਰ ਪਿਆ, ਪਰ ਇਸ ਦੇ ਬਾਵਜੂਦ ਭਾਰਤੀ ਟੀਮ ਨੇ ਸੀਮਤ ਮੌਕਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਖੇਡ ਤਾਕਤ ਦਾ ਸਬੂਤ ਦਿੱਤਾ।

ਹਾਲਾਂਕਿ, ਖੇਡਾਂ ਦੌਰਾਨ ਕੁਝ ਨਿਰਾਸ਼ਾਜਨਕ ਪਲ ਵੀ ਸਾਹਮਣੇ ਆਏ। ਜੂਡੋ ਖਿਡਾਰੀ ਤੂਲਿਕਾ ਮਾਨ ਨੂੰ ਡੋਪਿੰਗ ਰੋਕੂ ਨਿਯਮਾਂ ਦੀ ਉਲੰਘਣਾ ਦੇ ਤਿੰਨ ਮਾਮਲਿਆਂ ਕਾਰਨ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਸੀ, ਜਿਸ ਕਾਰਨ ਉਹ ਮੁਕਾਬਲੇ ਵਿੱਚ ਹਿੱਸਾ ਨਹੀਂ ਲੈ ਸਕੀ।

ਹੁਣ ਗਲਾਸਗੋ ਖੇਡਾਂ ਦੇ ਸਮਾਪਤ ਹੋਣ ਤੋਂ ਬਾਅਦ ਭਾਰਤ ਦੀਆਂ ਨਜ਼ਰਾਂ ਸਾਲ 2030 ਵਿੱਚ ਅਹਿਮਦਾਬਾਦ ਵਿੱਚ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ 'ਤੇ ਟਿਕ ਗਈਆਂ ਹਨ। ਸਮਾਪਤੀ ਸਮਾਰੋਹ ਦੌਰਾਨ ਅਧਿਕਾਰਤ ਤੌਰ 'ਤੇ ਅਗਲੇ ਸੰਸਕਰਣ ਦੀ ਮੇਜ਼ਬਾਨੀ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਨਾਲ ਤਿਆਰੀਆਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਸਾਲ 2010 ਵਿੱਚ ਨਵੀਂ ਦਿੱਲੀ ਵਿੱਚ ਰਾਸ਼ਟਰਮੰਡਲ ਖੇਡਾਂ ਦੀ ਸਫ਼ਲ ਮੇਜ਼ਬਾਨੀ ਕਰਨ ਤੋਂ ਬਾਅਦ ਭਾਰਤ ਦੂਜੀ ਵਾਰ ਇਸ ਵੱਡੇ ਖੇਡ ਸਮਾਗਮ ਦੀ ਮੇਜ਼ਬਾਨੀ ਕਰੇਗਾ।

## ਤਨਵੀ ਸ਼ਰਮਾ ਦਾ ਤੈਪਈ 'ਚ ਧਮਾਕਾ, 17 ਸਾਲ ਦੀ ਉਮਰ 'ਚ ਜਿੱਤਿਆ ਪਹਿਲਾ ਸੁਪਰ-300 ਖ਼ਿਤਾਬ

**ਤੈਪਈ:** ਭਾਰਤ ਦੀ ਨੌਜਵਾਨ ਬੈਡਮਿੰਟਨ ਖਿਡਾਰਨ ਤਨਵੀ ਸ਼ਰਮਾ ਨੇ ਤੈਪਈ ਓਪਨ ਸੁਪਰ-300 ਟੂਰਨਾਮੈਂਟ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਪੰਜਾਬ ਨਾਲ ਸਬੰਧਤ 17 ਸਾਲਾ ਤਨਵੀ ਨੇ ਮਹਿਲਾ ਸਿੰਗਲਜ਼ ਫਾਈਨਲ ਵਿੱਚ ਵੀਅਤਨਾਮ ਦੀ ਛੇਵੀਂ ਸੀਡ ਖਿਡਾਰਨ ਥੁਈ ਲਿਨ ਨਗੁਏਨ ਨੂੰ 21-16, 21-16 ਨਾਲ ਹਰਾ ਕੇ ਆਪਣਾ ਪਹਿਲਾ ਬੀਡਬਲਿਊਐੱਫ ਵਰਲਡ ਟੂਰ ਖ਼ਿਤਾਬ ਆਪਣੇ ਨਾਮ ਕਰ ਲਿਆ।

ਸਿਰਫ਼ 36 ਮਿੰਟ ਤੱਕ ਚੱਲੇ ਇਸ ਮੁਕਾਬਲੇ ਵਿੱਚ ਤਨਵੀ ਨੇ ਸ਼ੁਰੂ ਤੋਂ ਹੀ ਦਬਦਬਾ ਬਣਾਈ ਰੱਖਿਆ ਅਤੇ ਸਿੱਧੇ ਸੈੱਟਾਂ ਵਿੱਚ ਜਿੱਤ ਦਰਜ ਕਰਕੇ ਭਾਰਤੀ ਬੈਡਮਿੰਟਨ ਨੂੰ ਇੱਕ ਹੋਰ ਵੱਡੀ ਕਾਮਯਾਬੀ ਦਿਵਾਈ।

ਪੀ. ਵੀ. ਸਿੰਧੂ ਦੇ ਸਾਬਕਾ ਕੋਚ ਪਾਰਕ ਤਾਏ-ਸੰਗ ਦੀ ਦੇਖ-ਰੇਖ ਹੇਠ ਖੇਡ ਰਹੀ ਤਨਵੀ, 2008 ਵਿੱਚ ਸਾਇਨਾ ਨੇਹਵਾਲ ਤੋਂ ਬਾਅਦ ਤੈਪਈ ਓਪਨ ਦਾ ਮਹਿਲਾ ਸਿੰਗਲਜ਼ ਖ਼ਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣ ਗਈ ਹੈ।

ਇਸ ਦੇ ਨਾਲ ਹੀ ਤਨਵੀ ਨੇ ਇੱਕ ਹੋਰ ਵੱਡਾ ਰਿਕਾਰਡ ਆਪਣੇ ਨਾਮ ਕੀਤਾ ਹੈ। 17 ਸਾਲ ਅਤੇ 222 ਦਿਨਾਂ ਦੀ ਉਮਰ ਵਿੱਚ ਉਹ ਤੈਪਈ ਓਪਨ ਦੇ ਇਤਿਹਾਸ ਦੀ ਸਭ ਤੋਂ ਘੱਟ ਉਮਰ ਦੀ ਫਾਈਨਲਿਸਟ ਬਣ ਗਈ ਹੈ।

ਉਸ ਨੇ ਕੋਰੀਆ ਦੇ ਮਹਾਨ ਖਿਡਾਰੀ ਲੀ ਯੋਂਗ ਡੇ ਦਾ 19 ਸਾਲ ਪੁਰਾਣਾ ਰਿਕਾਰਡ ਤੋੜ ਦਿੱਤਾ, ਜੋ 2006 ਵਿੱਚ 17 ਸਾਲ ਅਤੇ 287 ਦਿਨਾਂ ਦੀ ਉਮਰ ਵਿੱਚ ਫਾਈਨਲ ਤੱਕ ਪਹੁੰਚੇ ਸਨ।



ਤਨਵੀ ਸ਼ਰਮਾ ਪਹਿਲਾਂ ਵੀ ਕਈ ਉਪਲਬਧੀਆਂ ਆਪਣੇ ਨਾਮ ਕਰ ਚੁੱਕੀ ਹੈ।

ਉਹ ਵਿਸ਼ਵ ਜੂਨੀਅਰ ਚੈਂਪੀਅਨਸ਼ਿਪ ਦੇ ਇੱਕੋ ਐਡੀਸ਼ਨ ਵਿੱਚ ਦੋ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਹੈ। ਇਸ ਤੋਂ ਇਲਾਵਾ, ਉਹ 2025 ਵਿੱਚ ਸਿਰਫ਼ 16 ਸਾਲ ਦੀ ਉਮਰ ਵਿੱਚ ਯੂਐੱਸ ਓਪਨ ਦੇ ਫਾਈਨਲ ਵਿੱਚ ਵੀ ਪਹੁੰਚੀ ਸੀ।

ਤੈਪਈ ਵਿੱਚ ਮਿਲੀ ਇਸ ਇਤਿਹਾਸਕ ਜਿੱਤ ਨੇ ਤਨਵੀ ਨੂੰ ਭਾਰਤੀ ਬੈਡਮਿੰਟਨ ਦੇ ਭਵਿੱਖ ਦੇ ਸਭ ਤੋਂ ਚਮਕਦਾਰ ਸਿਤਾਰਿਆਂ ਵਿੱਚ ਸ਼ਾਮਲ ਕਰ ਦਿੱਤਾ ਹੈ।

## ਗੁਲਵੀਰ ਸਿੰਘ ਨੇ ਰਚਿਆ ਇਤਿਹਾਸ, ਰਾਸ਼ਟਰਮੰਡਲ ਖੇਡਾਂ ਦੀ 10,000 ਮੀਟਰ ਦੌੜ ਵਿੱਚ ਜਿੱਤਿਆ ਚਾਂਦੀ ਦਾ ਤਗ਼ਮਾ



ਭਾਰਤ ਦੇ ਉਭਰਦੇ ਸਟਾਰ ਦੌੜਾਕ ਗੁਲਵੀਰ ਸਿੰਘ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਰਸ਼ਾਂ ਦੀ 10,000 ਮੀਟਰ ਦੌੜ ਵਿੱਚ ਚਾਂਦੀ ਦਾ ਤਗ਼ਮਾ ਆਪਣੇ ਨਾਂ ਕਰ ਲਿਆ ਹੈ। ਇਸ ਇਤਿਹਾਸਕ ਪ੍ਰਾਪਤੀ ਨਾਲ ਗੁਲਵੀਰ ਸਿੰਘ ਇਸ ਮੁਕਾਬਲੇ ਵਿੱਚ ਪੋਡੀਅਮ ਤੱਕ ਪਹੁੰਚਣ ਵਾਲੇ ਪਹਿਲੇ ਭਾਰਤੀ ਅਥਲੀਟ ਬਣ ਗਏ ਹਨ।

ਏਸ਼ਿਆਈ ਖੇਡਾਂ ਦੇ ਕਾਂਸੀ ਤਗ਼ਮਾ ਜੇਤੂ ਗੁਲਵੀਰ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਬੇਮਿਸਾਲ ਹਿੰਮਤ ਅਤੇ ਧੀਰਜ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦੌਰਾਨ ਲਗਾਤਾਰ ਮੀਂਹ ਪੈ ਰਿਹਾ ਸੀ ਅਤੇ ਟਰੈਕ ਵੀ ਪਾਣੀ ਨਾਲ ਭਰਿਆ ਹੋਇਆ ਸੀ, ਪਰ ਭਾਰਤੀ ਦੌੜਾਕ ਨੇ ਆਪਣੀ ਰਫ਼ਤਾਰ ਅਤੇ ਰਣਨੀਤੀ ਨਾਲ ਸਭ ਦਾ ਧਿਆਨ ਆਪਣੇ ਵੱਲ ਖਿੱਚ ਲਿਆ।

ਗੁਲਵੀਰ ਸਿੰਘ ਨੇ ਪੂਰੀ ਦੌੜ ਦੌਰਾਨ ਮੋਹਰੀ ਖਿਡਾਰੀਆਂ ਦੇ ਨਾਲ ਆਪਣੀ ਪਕੜ ਬਣਾਈ ਰੱਖੀ। ਆਖ਼ਰੀ ਗੇੜਾਂ ਵਿੱਚ ਉਸ ਨੇ ਰਫ਼ਤਾਰ ਹੋਰ ਤੇਜ਼ ਕਰਦਿਆਂ ਤਗ਼ਮੇ ਦੀ ਦੌੜ ਵਿੱਚ ਮਜ਼ਬੂਤ ਦਾਅਵੇਦਾਰੀ ਪੇਸ਼ ਕੀਤੀ। ਉਸ ਨੇ 27 ਮਿੰਟ 49.78 ਸਕਿੰਟ ਦਾ ਸਮਾਂ ਕੱਢ ਕੇ ਚਾਂਦੀ ਦਾ ਤਗ਼ਮਾ ਆਪਣੇ ਨਾਂ ਕੀਤਾ।

ਸੋਨ ਤਗ਼ਮਾ ਆਸਟਰੇਲੀਆ ਦੇ ਕੀ ਰੌਬਿਨਸਨ ਨੇ 27 ਮਿੰਟ 48.93 ਸਕਿੰਟ ਦੇ ਸਮੇਂ ਨਾਲ ਜਿੱਤਿਆ। ਗੁਲਵੀਰ ਸਿੰਘ ਸਿਰਫ਼ 0.85 ਸਕਿੰਟ ਦੇ ਫ਼ਰਕ ਨਾਲ ਸੋਨ ਤਗ਼ਮੇ ਤੋਂ ਖੁੰਝ ਗਏ, ਪਰ ਉਨ੍ਹਾਂ ਦੀ ਇਹ ਪ੍ਰਾਪਤੀ ਭਾਰਤੀ ਐਥਲੈਟਿਕਸ ਲਈ ਇੱਕ ਨਵਾਂ ਇਤਿਹਾਸ ਬਣ ਗਈ ਹੈ।

ਗੁਲਵੀਰ ਨੇ ਆਪਣੀ ਸ਼ਾਨਦਾਰ ਦੌੜ ਦੌਰਾਨ ਕਈ ਮਸ਼ਹੂਰ ਅਤੇ ਤਜਰਬੇਕਾਰ ਅਥਲੀਟਾਂ ਨੂੰ ਪਿੱਛੇ ਛੱਡਿਆ। ਉਨ੍ਹਾਂ ਦੇ ਇਸ ਪ੍ਰਦਰਸ਼ਨ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਹੁਣ ਲੰਮੀ ਦੂਰੀ ਦੀਆਂ ਦੌੜਾਂ ਵਿੱਚ ਵੀ ਵਿਸ਼ਵ ਪੱਧਰ 'ਤੇ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾ ਰਿਹਾ ਹੈ।

ਇਸ ਦੇ ਨਾਲ ਹੀ ਭਾਰਤ ਲਈ ਇੱਕ ਹੋਰ ਚੰਗੀ ਖ਼ਬਰ ਇਹ ਰਹੀ ਕਿ ਕੌਮੀ ਰਿਕਾਰਡ ਧਾਰਕ ਵਿਸ਼ਾਲ ਟੀ. ਕੇ. ਨੇ ਪੁਰਸ਼ਾਂ ਦੀ 400 ਮੀਟਰ ਦੌੜ ਦੇ ਕੁਆਲੀਫਾਇੰਗ ਰਾਊਂਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਉਨ੍ਹਾਂ ਦੇ ਅਗਲੇ ਦੌਰ ਵਿੱਚ ਪਹੁੰਚਣ ਨਾਲ ਭਾਰਤ ਦੀਆਂ ਤਗ਼ਮੇ ਦੀਆਂ ਉਮੀਦਾਂ ਹੋਰ ਵੱਧ ਗਈਆਂ ਹਨ।

ਰਾਸ਼ਟਰਮੰਡਲ ਖੇਡਾਂ ਵਿੱਚ ਗੁਲਵੀਰ ਸਿੰਘ ਦੀ ਇਹ ਇਤਿਹਾਸਕ ਸਫ਼ਲਤਾ ਭਾਰਤੀ ਖੇਡ ਜਗਤ ਲਈ ਮਾਣ ਵਾਲਾ ਪਲ ਹੈ ਅਤੇ ਦੇਸ਼ ਭਰ ਦੇ ਖੇਡ ਪ੍ਰੇਮੀਆਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।








# ਸਿਹਤ-ਸੰਭਾਲ



# ਹੈਪੇਟਾਈਟਸ-ਬੀ ਨੂੰ ਲੈ ਕੇ ਏਮਜ਼ ਦੇ ਡਾਕਟਰਾਂ ਦੀ ਚੇਤਾਵਨੀ, ਸਮੇਂ ਸਿਰ ਜਾਂਚ ਅਤੇ ਇਲਾਜ ਹੈ ਬੇਹੱਦ ਜ਼ਰੂਰੀ




ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਵਰਗੀਆਂ ਲੀਵਰ ਨਾਲ ਜੁੜੀਆਂ ਬਿਮਾਰੀਆਂ ਦੁਨੀਆ ਭਰ ਵਿੱਚ ਲੱਖਾਂ ਲੋਕਾਂ ਲਈ ਗੰਭੀਰ ਚੁਣੌਤੀ ਬਣੀਆਂ ਹੋਈਆਂ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਇਹ ਬਿਮਾਰੀਆਂ ਕਈ ਸਾਲਾਂ ਤੱਕ ਬਿਨਾਂ ਕਿਸੇ ਵੱਡੇ ਲੱਛਣ ਦੇ ਸਰੀਰ ਅੰਦਰ ਵਧਦੀਆਂ ਰਹਿੰਦੀਆਂ ਹਨ ਅਤੇ ਬਾਅਦ ਵਿੱਚ ਸਿਰੋਸਿਸ, ਲੀਵਰ ਫੇਲ੍ਹ ਹੋਣ ਅਤੇ ਲੀਵਰ ਕੈਂਸਰ ਵਰਗੀਆਂ ਜਾਨਲੇਵਾ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ।

ਏਮਜ਼ ਦੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜ਼ਿਆਦਾਤਰ ਲੋਕਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਹੈਪੇਟਾਈਟਸ ਨਾਲ ਸੰਕਰਮਿਤ ਹਨ। ਇਸ ਲਈ ਸਮੇਂ-ਸਮੇਂ 'ਤੇ ਜਾਂਚ ਕਰਵਾਉਣਾ ਅਤੇ ਸਾਵਧਾਨ ਰਹਿਣਾ ਬਹੁਤ ਜ਼ਰੂਰੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਦੁਨੀਆ ਭਰ ਵਿੱਚ ਕਰੀਬ 25.4 ਕਰੋੜ ਲੋਕ ਕ੍ਰੋਨਿਕ ਹੈਪੇਟਾਈਟਸ-ਬੀ ਅਤੇ 5 ਕਰੋੜ ਲੋਕ ਹੈਪੇਟਾਈਟਸ-ਸੀ ਨਾਲ ਪੀੜਤ ਹਨ। ਭਾਰਤ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੇ ਹੈਪੇਟਾਈਟਸ ਦਾ ਸਭ ਤੋਂ ਵੱਧ ਬੋਝ ਹੈ। ਅਨੁਮਾਨ ਹੈ ਕਿ ਦੇਸ਼ ਵਿੱਚ ਲਗਭਗ 4 ਕਰੋੜ ਲੋਕ ਹੈਪੇਟਾਈਟਸ-ਬੀ ਅਤੇ 60 ਲੱਖ ਤੋਂ 1.2 ਕਰੋੜ ਲੋਕ ਹੈਪੇਟਾਈਟਸ-ਸੀ ਨਾਲ ਜੂਝ ਰਹੇ ਹਨ।

ਏਮਜ਼ ਦੇ ਗੈਸਟ੍ਰੋਐਂਟਰੋਲੋਜੀ ਵਿਭਾਗ ਦੇ ਮਾਹਿਰਾਂ ਮੁਤਾਬਕ ਲੀਵਰ ਸਰੀਰ ਦਾ ਬਹੁਤ ਮਹੱਤਵਪੂਰਨ ਅੰਗ ਹੈ, ਜੋ ਪਾਚਨ, ਮੈਟਾਬੋਲਿਜ਼ਮ, ਰੋਗ-ਰੋਕੂ ਸਮਰੱਥਾ ਅਤੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ ਸਮੇਤ 500 ਤੋਂ ਵੱਧ ਕੰਮ ਕਰਦਾ ਹੈ। ਜਦੋਂ ਲੀਵਰ ਵਿੱਚ ਸੋਜ ਆ ਜਾਂਦੀ ਹੈ ਤਾਂ ਇਸ ਨੂੰ ਹੈਪੇਟਾਈਟਸ ਕਿਹਾ ਜਾਂਦਾ ਹੈ।

ਮਾਹਿਰਾਂ ਅਨੁਸਾਰ ਐਕਿਊਟ ਹੈਪੇਟਾਈਟਸ ਦੇ ਲੱਛਣਾਂ ਵਿੱਚ ਪੀਲੀਆ, ਮਤਲੀ, ਉਲਟੀਆਂ ਅਤੇ ਭੁੱਖ ਨਾ ਲੱਗਣਾ ਸ਼ਾਮਲ ਹਨ। ਜ਼ਿਆਦਾਤਰ ਮਰੀਜ਼ ਕੁਝ ਹਫ਼ਤਿਆਂ ਵਿੱਚ ਠੀਕ ਹੋ ਜਾਂਦੇ ਹਨ, ਪਰ ਕ੍ਰੋਨਿਕ ਹੈਪੇਟਾਈਟਸ ਬਿਨਾਂ ਲੱਛਣਾਂ ਦੇ ਹੌਲੀ-ਹੌਲੀ ਲੀਵਰ ਨੂੰ ਨੁਕਸਾਨ ਪਹੁੰਚਾਉਂਦਾ ਰਹਿੰਦਾ ਹੈ।


ਡਾਕਟਰਾਂ ਨੇ ਦੱਸਿਆ ਕਿ ਹੈਪੇਟਾਈਟਸ-ਏ ਅਤੇ ਈ ਦੂਸ਼ਿਤ ਖਾਣ-ਪੀਣ ਰਾਹੀਂ ਫੈਲਦੇ ਹਨ, ਜਦਕਿ ਹੈਪੇਟਾਈਟਸ-ਬੀ ਅਤੇ ਸੀ ਸੰਕਰਮਿਤ ਖ਼ੂਨ, ਅਸੁਰੱਖਿਅਤ ਸੂਈਆਂ, ਅਸੁਰੱਖਿਅਤ ਜਿਨਸੀ ਸੰਬੰਧਾਂ ਅਤੇ ਮਾਂ ਤੋਂ ਬੱਚੇ ਤੱਕ ਫੈਲ ਸਕਦੇ ਹਨ।

ਹੈਪੇਟਾਈਟਸ-ਬੀ ਦੇ ਇਲਾਜ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹਮੇਸ਼ਾ ਸੰਭਵ ਨਹੀਂ ਹੁੰਦਾ, ਪਰ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਐਂਟੀਵਾਇਰਲ ਦਵਾਈਆਂ ਨਾਲ ਇਸ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ। ਦੂਜੇ ਪਾਸੇ, ਹੈਪੇਟਾਈਟਸ-ਸੀ ਦੇ 95 ਫ਼ੀਸਦੀ ਤੋਂ ਵੱਧ ਮਰੀਜ਼ ਤਿੰਨ ਮਹੀਨਿਆਂ ਦੇ ਇਲਾਜ ਨਾਲ ਪੂਰੀ ਤਰ੍ਹਾਂ ਠੀਕ ਹੋ ਸਕਦੇ ਹਨ।

ਡਾਕਟਰਾਂ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਮੋਟਾਪਾ, ਸ਼ੂਗਰ, ਗਲਤ ਖਾਣ-ਪੀਣ ਦੀਆਂ ਆਦਤਾਂ ਅਤੇ ਕਸਰਤ ਦੀ ਘਾਟ ਕਾਰਨ ਫੈਟੀ ਲੀਵਰ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਅਧਿਐਨਾਂ ਮੁਤਾਬਕ ਲਗਭਗ 38 ਫ਼ੀਸਦੀ ਭਾਰਤੀ ਬਾਲਗ ਅਤੇ 35 ਫ਼ੀਸਦੀ ਬੱਚੇ ਫੈਟੀ ਲੀਵਰ ਦੀ ਸਮੱਸਿਆ ਨਾਲ ਪ੍ਰਭਾਵਿਤ ਹਨ। ਇਸ ਤੋਂ ਇਲਾਵਾ, ਜ਼ਿਆਦਾ ਸ਼ਰਾਬ ਦਾ ਸੇਵਨ ਵੀ ਲੀਵਰ ਫੇਲ੍ਹ ਹੋਣ ਅਤੇ ਸਿਰੋਸਿਸ ਦਾ ਵੱਡਾ ਕਾਰਨ ਬਣ ਰਿਹਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਸਮੇਂ ਸਿਰ ਜਾਂਚ, ਟੀਕਾਕਰਨ, ਸਿਹਤਮੰਦ ਜੀਵਨ-ਸ਼ੈਲੀ ਅਤੇ ਸਹੀ ਇਲਾਜ ਰਾਹੀਂ ਹੈਪੇਟਾਈਟਸ ਅਤੇ ਲੀਵਰ ਦੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

# ਪਿੱਤੇ ਦੀ ਪੱਥਰੀ ਨੂੰ ਨਾ ਕਰੋ ਨਜ਼ਰਅੰਦਾਜ਼, ਜਾਣੋ ਕਿਉਂ ਔਰਤਾਂ ਵਿੱਚ ਵੱਧ ਹੁੰਦੀ ਹੈ ਇਹ ਸਮੱਸਿਆ ਅਤੇ ਕੀ ਹਨ ਇਸ ਦੇ ਲੱਛਣ




Gallbladder Stone Alert: ਪੇਟ ਦੇ ਸੱਜੇ ਪਾਸੇ ਅਚਾਨਕ ਹੋਣ ਵਾਲਾ ਤੇਜ਼ ਦਰਦ, ਉਲਟੀਆਂ ਜਾਂ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਨੂੰ ਲੋਕ ਅਕਸਰ ਗੈਸ ਜਾਂ ਆਮ ਪਾਚਨ ਸਮੱਸਿਆ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ, ਪਰ ਕਈ ਵਾਰ ਇਹ ਲੱਛਣ ਪਿੱਤੇ ਦੀ ਪੱਥਰੀ ਦੇ ਵੀ ਹੋ ਸਕਦੇ ਹਨ। ਦੁਨੀਆ ਭਰ ਵਿੱਚ ਲੱਖਾਂ ਲੋਕ ਇਸ ਬਿਮਾਰੀ ਨਾਲ ਜੂਝ ਰਹੇ ਹਨ ਅਤੇ ਭਾਰਤ ਵਿੱਚ ਵੀ ਇਹ ਸਮੱਸਿਆ ਤੇਜ਼ੀ ਨਾਲ ਵਧ ਰਹੀ ਹੈ।

ਪਿੱਤਾ ਜਿਗਰ ਦੇ ਹੇਠਾਂ ਸਥਿਤ ਇੱਕ ਛੋਟਾ ਥੈਲੀਨੁਮਾ ਅੰਗ ਹੁੰਦਾ ਹੈ, ਜੋ ਲਿਵਰ ਵੱਲੋਂ ਬਣਾਏ ਜਾਣ ਵਾਲੇ ਪਿੱਤ ਨੂੰ ਇਕੱਠਾ ਕਰਦਾ ਹੈ। ਜਦੋਂ ਅਸੀਂ ਚਰਬੀ ਵਾਲਾ ਭੋਜਨ ਖਾਂਦੇ ਹਾਂ ਤਾਂ ਇਹ ਪਿੱਤ ਛੋਟੀ ਅੰਤੜੀ ਵਿੱਚ ਪਹੁੰਚ ਕੇ ਭੋਜਨ ਨੂੰ ਪਚਾਉਣ ਵਿੱਚ ਮਦਦ ਕਰਦਾ ਹੈ।

ਮਾਹਿਰਾਂ ਅਨੁਸਾਰ ਜਦੋਂ ਪਿੱਤ ਵਿੱਚ ਮੌਜੂਦ ਕੋਲੇਸਟਰੋਲ, ਪਿੱਤ ਲਵਣ ਅਤੇ ਬਿਲੀਰੂਬਿਨ ਦਾ ਸੰਤੁਲਨ ਵਿਗੜ ਜਾਂਦਾ ਹੈ ਤਾਂ ਛੋਟੇ-ਛੋਟੇ ਕਣ ਬਣਦੇ ਹਨ, ਜੋ ਸਮੇਂ ਦੇ ਨਾਲ ਪੱਥਰੀ ਦਾ ਰੂਪ ਧਾਰ ਲੈਂਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਕੋਲੇਸਟਰੋਲ ਵਾਲੀ ਪੱਥਰੀ ਸਭ ਤੋਂ ਵੱਧ ਪਾਈ ਜਾਂਦੀ ਹੈ।

ਡਾਕਟਰਾਂ ਦੇ ਮੁਤਾਬਕ ਔਰਤਾਂ ਵਿੱਚ ਪਿੱਤੇ ਦੀ ਪੱਥਰੀ ਦਾ ਖ਼ਤਰਾ ਮਰਦਾਂ ਨਾਲੋਂ ਦੋ ਤੋਂ ਤਿੰਨ ਗੁਣਾ ਵੱਧ ਹੁੰਦਾ ਹੈ। ਖਾਸ ਕਰਕੇ 40 ਸਾਲ ਤੋਂ ਵੱਧ ਉਮਰ, ਮੋਟਾਪਾ, ਗਰਭਧਾਰਣ, ਸ਼ੂਗਰ, ਹਾਈ ਕੋਲੇਸਟਰੋਲ ਅਤੇ ਹਾਰਮੋਨਲ ਤਬਦੀਲੀਆਂ ਇਸ ਦੇ ਵੱਡੇ ਕਾਰਨ ਮੰਨੇ ਜਾਂਦੇ ਹਨ।

ਪਿੱਤੇ ਦੀ ਪੱਥਰੀ ਦੇ ਆਮ ਲੱਛਣਾਂ ਵਿੱਚ ਪੇਟ ਦੇ ਸੱਜੇ ਉੱਪਰਲੇ ਹਿੱਸੇ ਵਿੱਚ ਤੇਜ਼ ਦਰਦ, ਮੋਢੇ ਜਾਂ ਪਿੱਠ ਤੱਕ ਫੈਲਦਾ ਦਰਦ, ਉਲਟੀਆਂ, ਬਦਹਜ਼ਮੀ, ਗੈਸ ਅਤੇ ਢਿੱਡ ਫੁੱਲਣਾ ਸ਼ਾਮਲ ਹਨ। ਚਰਬੀ ਵਾਲਾ ਭੋਜਨ ਖਾਣ ਤੋਂ ਬਾਅਦ ਇਹ ਦਰਦ ਹੋਰ ਵੀ ਵੱਧ ਸਕਦਾ ਹੈ।

ਜੇਕਰ ਦਰਦ ਦੇ ਨਾਲ ਬੁਖ਼ਾਰ, ਪੀਲੀਆ, ਅੱਖਾਂ ਦਾ ਪੀਲਾ ਹੋਣਾ, ਗੂੜ੍ਹੇ ਰੰਗ ਦਾ ਪਿਸ਼ਾਬ ਜਾਂ ਲਗਾਤਾਰ ਉਲਟੀਆਂ ਹੋਣ, ਤਾਂ ਇਸ ਨੂੰ ਗੰਭੀਰ ਸੰਕੇਤ ਮੰਨਿਆ ਜਾਂਦਾ ਹੈ ਅਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਇਸ ਬਿਮਾਰੀ ਦੀ ਪਛਾਣ ਲਈ ਅਲਟਰਾਸਾਊਂਡ ਸਭ ਤੋਂ ਆਸਾਨ ਅਤੇ ਪ੍ਰਭਾਵਸ਼ਾਲੀ ਜਾਂਚ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਖ਼ੂਨ ਦੀ ਜਾਂਚ, ਐਮਆਰਸੀਪੀ, ਸੀਟੀ ਸਕੈਨ ਅਤੇ ਈਆਰਸੀਪੀ ਵਰਗੇ ਟੈਸਟ ਵੀ ਕੀਤੇ ਜਾਂਦੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ, ਉਨ੍ਹਾਂ ਨੂੰ ਅਕਸਰ ਇਲਾਜ ਦੀ ਲੋੜ ਨਹੀਂ ਪੈਂਦੀ। ਹਾਲਾਂਕਿ, ਜੇ ਦਰਦ ਵਾਰ-ਵਾਰ ਹੋਵੇ ਜਾਂ ਇਨਫੈਕਸ਼ਨ ਦਾ ਖ਼ਤਰਾ ਹੋਵੇ ਤਾਂ ਲੈਪਰੋਸਕੋਪਿਕ ਸਰਜਰੀ ਸਭ ਤੋਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਇਲਾਜ ਮੰਨੀ ਜਾਂਦੀ ਹੈ।

ਲੈਪਰੋਸਕੋਪਿਕ ਸਰਜਰੀ ਦੇ ਕਈ ਫਾਇਦੇ ਹਨ, ਜਿਵੇਂ ਕਿ ਛੋਟੇ ਚੀਰੇ, ਘੱਟ ਦਰਦ, ਘੱਟ ਖ਼ੂਨ ਵਗਣਾ ਅਤੇ ਜਲਦੀ ਸਿਹਤਯਾਬੀ। ਜ਼ਿਆਦਾਤਰ ਮਰੀਜ਼ ਇੱਕ ਜਾਂ ਦੋ ਦਿਨਾਂ ਵਿੱਚ ਹਸਪਤਾਲ ਤੋਂ ਘਰ ਵਾਪਸ ਆ ਜਾਂਦੇ ਹਨ।

ਮਾਹਿਰਾਂ ਮੁਤਾਬਕ ਪਿੱਤੇ ਦੀ ਪੱਥਰੀ ਤੋਂ ਬਚਾਅ ਲਈ ਸੰਤੁਲਿਤ ਭੋਜਨ, ਨਿਯਮਿਤ ਕਸਰਤ, ਮੋਟਾਪੇ 'ਤੇ ਕਾਬੂ ਅਤੇ ਫਾਸਟ ਫੂਡ ਤੋਂ ਪਰਹੇਜ਼ ਬਹੁਤ ਜ਼ਰੂਰੀ ਹੈ। ਹਰ ਰੋਜ਼ 30 ਤੋਂ 45 ਮਿੰਟ ਕਸਰਤ ਕਰਨ ਅਤੇ ਫਲ, ਸਬਜ਼ੀਆਂ ਅਤੇ ਫਾਈਬਰ ਵਾਲਾ ਭੋਜਨ ਖਾਣ ਨਾਲ ਇਸ ਬਿਮਾਰੀ ਦਾ ਖ਼ਤਰਾ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਜੇ ਤੁਹਾਨੂੰ ਪੇਟ ਦੇ ਸੱਜੇ ਹਿੱਸੇ ਵਿੱਚ ਵਾਰ-ਵਾਰ ਦਰਦ ਮਹਿਸੂਸ ਹੁੰਦਾ ਹੈ, ਤਾਂ ਖੁਦ ਦਵਾਈ ਲੈਣ ਦੀ ਬਜਾਏ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ, ਕਿਉਂਕਿ ਸਮੇਂ ਸਿਰ ਇਲਾਜ ਹੀ ਗੰਭੀਰ ਜਟਿਲਤਾਵਾਂ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ।

# ਮੋਬਾਈਲ ਤੇ ਲੈਪਟਾਪ ਦੀ ਲਗਾਤਾਰ ਵਰਤੋਂ ਬਣ ਸਕਦੀ ਹੈ 'ਟੈਕ ਨੈੱਕ' ਦਾ ਕਾਰਨ, ਰੀੜ੍ਹ ਦੀ ਹੱਡੀ ਨੂੰ ਹੋ ਸਕਦਾ ਹੈ ਨੁਕਸਾਨ

Tech Neck Warning: ਸਮਾਰਟਫੋਨ, ਟੈਬਲੇਟ ਅਤੇ ਲੈਪਟਾਪ ਦੀ ਵੱਧ ਰਹੀ ਵਰਤੋਂ ਨੇ ਜਿੱਥੇ ਲੋਕਾਂ ਦੀ ਜ਼ਿੰਦਗੀ ਆਸਾਨ ਬਣਾਈ ਹੈ, ਉੱਥੇ ਹੀ ਇਹ ਇੱਕ ਨਵੀਂ ਸਿਹਤ ਸਮੱਸਿਆ 'ਟੈਕ ਨੈੱਕ' ਨੂੰ ਵੀ ਜਨਮ ਦੇ ਰਹੀ ਹੈ। ਅੱਜਕੱਲ੍ਹ ਗਰਦਨ ਦਾ ਦਰਦ ਸਿਰਫ਼ ਦਫ਼ਤਰੀ ਕਰਮਚਾਰੀਆਂ ਹੀ ਨਹੀਂ, ਸਗੋਂ ਹਰ ਉਮਰ ਦੇ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।

ਮਾਹਿਰਾਂ ਮੁਤਾਬਕ ਜਦੋਂ ਅਸੀਂ ਲੰਬੇ ਸਮੇਂ ਤੱਕ ਮੋਬਾਈਲ ਜਾਂ ਲੈਪਟਾਪ ਦੀ ਸਕ੍ਰੀਨ ਵੱਲ ਝੁਕ ਕੇ ਦੇਖਦੇ ਹਾਂ ਤਾਂ ਗਰਦਨ ਅਤੇ ਰੀੜ੍ਹ ਦੀ ਹੱਡੀ 'ਤੇ ਵਾਧੂ ਦਬਾਅ ਪੈਂਦਾ ਹੈ। ਆਮ ਸਥਿਤੀ ਵਿੱਚ ਸਿਰ ਦਾ ਭਾਰ ਕਰੀਬ ਪੰਜ ਕਿਲੋਗ੍ਰਾਮ ਹੁੰਦਾ ਹੈ, ਪਰ ਜਿਵੇਂ-ਜਿਵੇਂ ਗਰਦਨ ਅੱਗੇ ਵੱਲ ਝੁਕਦੀ ਹੈ, ਇਹ ਦਬਾਅ ਕਈ ਗੁਣਾ ਵੱਧ ਜਾਂਦਾ ਹੈ।

ਡਾਕਟਰਾਂ ਦੇ ਅਨੁਸਾਰ ਜੇਕਰ ਗਰਦਨ 15 ਡਿਗਰੀ ਤੱਕ ਝੁਕਦੀ ਹੈ ਤਾਂ ਉਸ 'ਤੇ ਕਰੀਬ 12 ਕਿਲੋਗ੍ਰਾਮ ਦਾ ਦਬਾਅ ਪੈਂਦਾ ਹੈ। 45 ਡਿਗਰੀ ਝੁਕਣ 'ਤੇ ਇਹ ਭਾਰ 22 ਕਿਲੋਗ੍ਰਾਮ ਤੱਕ ਪਹੁੰਚ ਜਾਂਦਾ ਹੈ, ਜਦਕਿ 60 ਡਿਗਰੀ ਤੱਕ ਝੁਕਣ ਨਾਲ ਗਰਦਨ ਅਤੇ ਰੀੜ੍ਹ ਦੀਆਂ ਹੱਡੀਆਂ 'ਤੇ 27 ਕਿਲੋਗ੍ਰਾਮ ਤੋਂ ਵੱਧ ਦਬਾਅ ਪੈ ਸਕਦਾ ਹੈ।

'ਟੈਕ ਨੈੱਕ' ਦੇ ਆਮ ਲੱਛਣਾਂ ਵਿੱਚ ਗਰਦਨ ਵਿੱਚ ਦਰਦ ਜਾਂ ਅਕੜਾਅ, ਮੋਢਿਆਂ ਵਿੱਚ ਖਿੱਚ, ਪਿੱਠ ਦੇ ਉਪਰਲੇ ਹਿੱਸੇ ਵਿੱਚ ਦਰਦ, ਸਿਰ ਦੇ ਪਿਛਲੇ ਹਿੱਸੇ ਵਿੱਚ ਦਰਦ ਅਤੇ ਹੱਥਾਂ ਜਾਂ ਬਾਹਾਂ ਵਿੱਚ ਝੁਣਝੁਣੀ ਸ਼ਾਮਲ ਹਨ। ਕਈ ਵਾਰ ਇਹ ਸਮੱਸਿਆ ਨੀਂਦ ਅਤੇ ਰੋਜ਼ਾਨਾ ਦੇ ਕੰਮਾਂ ਵਿੱਚ ਵੀ ਰੁਕਾਵਟ ਪੈਦਾ ਕਰ ਸਕਦੀ ਹੈ।



ਮੋਬਾਈਲ ਦੀ ਲਗਾਤਾਰ ਵਰਤੋਂ ਸਿਰਫ਼ ਗਰਦਨ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਅੱਖਾਂ ਅਤੇ ਹੱਥਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਲੰਬੇ ਸਮੇਂ ਤੱਕ ਸਕ੍ਰੀਨ ਦੇਖਣ ਨਾਲ ਅੱਖਾਂ ਵਿੱਚ ਖੁਸ਼ਕੀ, ਧੁੰਦਲੀ ਨਜ਼ਰ ਅਤੇ ਥਕਾਵਟ ਦੀ ਸਮੱਸਿਆ ਹੋ ਸਕਦੀ ਹੈ। ਇਸ ਤੋਂ ਇਲਾਵਾ ਲਗਾਤਾਰ ਟਾਈਪਿੰਗ ਜਾਂ ਫੋਨ ਫੜ ਕੇ ਰੱਖਣ ਨਾਲ ਗੁੱਟਾਂ ਅਤੇ ਉਂਗਲਾਂ ਵਿੱਚ ਦਰਦ ਵੀ ਹੋ ਸਕਦਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ 'ਟੈਕ ਨੈੱਕ' ਤੋਂ ਬਚਣ ਲਈ ਫੋਨ ਜਾਂ ਟੈਬਲੇਟ ਨੂੰ ਅੱਖਾਂ ਦੇ ਲੈਵਲ 'ਤੇ ਰੱਖਣਾ ਚਾਹੀਦਾ ਹੈ। ਕੰਪਿਊਟਰ ਸਕ੍ਰੀਨ ਨੂੰ ਵੀ ਅੱਖਾਂ ਦੀ ਉਚਾਈ ਦੇ ਬਰਾਬਰ ਜਾਂ ਥੋੜ੍ਹਾ ਹੇਠਾਂ ਰੱਖਣਾ ਬਿਹਤਰ ਮੰਨਿਆ ਜਾਂਦਾ ਹੈ।

ਇਸ ਦੇ ਨਾਲ ਹੀ ਹਰ 10 ਤੋਂ 15 ਮਿੰਟ ਬਾਅਦ ਆਪਣੀ ਬੈਠਣ ਦੀ ਸਥਿਤੀ ਬਦਲਣੀ ਚਾਹੀਦੀ ਹੈ ਅਤੇ ਗਰਦਨ ਤੇ ਮੋਢਿਆਂ ਦੀ ਹਲਕੀ ਕਸਰਤ ਕਰਨੀ ਚਾਹੀਦੀ ਹੈ। ਗਰਦਨ ਨੂੰ ਸੱਜੇ-ਖੱਬੇ ਅਤੇ ਉੱਪਰ-ਹੇਠਾਂ ਘੁਮਾਉਣਾ, ਮੋਢਿਆਂ ਨੂੰ ਸਟ੍ਰੈਚ ਕਰਨਾ ਅਤੇ ਠੋਡੀ ਨੂੰ ਪਿੱਛੇ ਖਿੱਚਣਾ ਫਾਇਦੇਮੰਦ ਸਾਬਤ ਹੋ ਸਕਦਾ ਹੈ।

ਜੇਕਰ ਗਰਦਨ ਦੇ ਦਰਦ ਦੇ ਨਾਲ ਬਾਹਾਂ ਵਿੱਚ ਸੁੰਨਪਨ, ਕਮਜ਼ੋਰੀ ਜਾਂ ਲਗਾਤਾਰ ਝੁਣਝੁਣੀ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਮੋਬਾਈਲ ਅਤੇ ਲੈਪਟਾਪ ਦੀ ਵਰਤੋਂ ਪੂਰੀ ਤਰ੍ਹਾਂ ਬੰਦ ਕਰਨਾ ਸੰਭਵ ਨਹੀਂ, ਪਰ ਸਹੀ ਪੋਸਚਰ, ਨਿਯਮਤ ਕਸਰਤ ਅਤੇ ਸੰਤੁਲਿਤ ਖੁਰਾਕ ਅਪਣਾ ਕੇ ਇਸ ਸਮੱਸਿਆ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ।

# ਨੀਂਦ ਵਿੱਚ ਅਚਾਨਕ ਡਿੱਗਣ ਦਾ ਅਹਿਸਾਸ ਕਿਉਂ ਹੁੰਦਾ ਹੈ? ਜਾਣੋ 'ਹਾਈਪਨਿਕ ਜਰਕ' ਪਿੱਛੇ ਲੁਕਿਆ ਵਿਗਿਆਨ

Sleep Health Alert: ਕੀ ਤੁਹਾਡੇ ਨਾਲ ਵੀ ਕਦੇ ਅਜਿਹਾ ਹੋਇਆ ਹੈ ਕਿ ਗਹਿਰੀ ਨੀਂਦ ਆਉਣ ਤੋਂ ਠੀਕ ਪਹਿਲਾਂ ਅਚਾਨਕ ਲੱਗੇ ਕਿ ਤੁਸੀਂ ਕਿਸੇ ਉੱਚੀ ਥਾਂ ਤੋਂ ਹੇਠਾਂ ਡਿੱਗ ਰਹੇ ਹੋ ਅਤੇ ਇੱਕ ਤੇਜ਼ ਝਟਕੇ ਨਾਲ ਤੁਹਾਡੀ ਅੱਖ ਖੁੱਲ੍ਹ ਜਾਵੇ? ਜੇਕਰ ਹਾਂ, ਤਾਂ ਘਬਰਾਉਣ ਦੀ ਲੋੜ ਨਹੀਂ ਹੈ। ਇਹ ਇੱਕ ਆਮ ਸਰੀਰਕ ਪ੍ਰਤੀਕਿਰਿਆ ਹੈ, ਜਿਸ ਨੂੰ ਵਿਗਿਆਨ ਦੀ ਭਾਸ਼ਾ ਵਿੱਚ 'ਹਾਈਪਨਿਕ ਜਰਕ' ਕਿਹਾ ਜਾਂਦਾ ਹੈ।

ਮਾਹਿਰਾਂ ਮੁਤਾਬਕ ਦੁਨੀਆ ਭਰ ਦੇ ਲਗਭਗ 70 ਫ਼ੀਸਦੀ ਲੋਕ ਆਪਣੀ ਜ਼ਿੰਦਗੀ ਵਿੱਚ ਘੱਟੋ-ਘੱਟ ਇੱਕ ਵਾਰ ਇਸ ਤਜਰਬੇ ਤੋਂ ਗੁਜ਼ਰਦੇ ਹਨ। ਇਹ ਅਕਸਰ ਉਸ ਸਮੇਂ ਹੁੰਦਾ ਹੈ, ਜਦੋਂ ਸਰੀਰ ਜਾਗਣ ਦੀ ਅਵਸਥਾ ਤੋਂ ਨੀਂਦ ਵੱਲ ਵੱਧ ਰਿਹਾ ਹੁੰਦਾ ਹੈ।

ਜਦੋਂ ਅਸੀਂ ਸੌਣ ਲੱਗਦੇ ਹਾਂ ਤਾਂ ਸਾਡਾ ਸਰੀਰ ਹੌਲੀ-ਹੌਲੀ ਸ਼ਾਂਤ ਹੋਣ ਲੱਗਦਾ ਹੈ। ਸਾਹ ਲੈਣ ਦੀ ਰਫ਼ਤਾਰ ਘੱਟ ਹੋ ਜਾਂਦੀ ਹੈ, ਦਿਲ ਦੀ ਧੜਕਣ ਹੌਲੀ ਪੈ ਜਾਂਦੀ ਹੈ ਅਤੇ ਮਾਸਪੇਸ਼ੀਆਂ ਆਰਾਮ ਦੀ ਅਵਸਥਾ ਵਿੱਚ ਚਲੀ ਜਾਂਦੀਆਂ ਹਨ। ਇਸ ਦੌਰਾਨ ਕਈ ਵਾਰ ਦਿਮਾਗ ਇਸ ਤਬਦੀਲੀ ਨੂੰ ਗਲਤ ਸਮਝ ਲੈਂਦਾ ਹੈ ਅਤੇ ਉਸ ਨੂੰ ਲੱਗਦਾ ਹੈ ਕਿ ਸਰੀਰ ਡਿੱਗ ਰਿਹਾ ਹੈ। ਇਸ ਦੇ ਜਵਾਬ ਵਿੱਚ ਦਿਮਾਗ ਮਾਸਪੇਸ਼ੀਆਂ ਨੂੰ ਇੱਕ ਸੰਕੇਤ ਭੇਜਦਾ ਹੈ, ਜਿਸ ਕਾਰਨ ਸਰੀਰ ਨੂੰ ਅਚਾਨਕ ਝਟਕਾ ਮਹਿਸੂਸ ਹੁੰਦਾ ਹੈ।



ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਝਟਕਾ ਸਰੀਰ ਦੀ ਇੱਕ ਕੁਦਰਤੀ ਪ੍ਰਤੀਕਿਰਿਆ ਹੈ, ਜੋ ਮਾਸਪੇਸ਼ੀਆਂ ਨੂੰ ਮੁੜ ਸਰਗਰਮ ਕਰਨ ਲਈ ਹੁੰਦੀ ਹੈ। ਇਸ ਦੌਰਾਨ ਵਿਅਕਤੀ ਨੂੰ ਉੱਚਾਈ ਤੋਂ ਡਿੱਗਣ, ਠੋਕਰ ਲੱਗਣ ਜਾਂ ਅਚਾਨਕ ਸੰਤੁਲਨ ਗੁਆਉਣ ਵਰਗਾ ਅਹਿਸਾਸ ਹੋ ਸਕਦਾ ਹੈ।

ਮਾਹਿਰਾਂ ਅਨੁਸਾਰ ਕਈ ਕਾਰਕ ਹਾਈਪਨਿਕ ਜਰਕ ਨੂੰ ਵਧਾ ਸਕਦੇ ਹਨ। ਬਹੁਤ ਜ਼ਿਆਦਾ ਤਣਾਅ ਅਤੇ ਚਿੰਤਾ ਕਾਰਨ ਦਿਮਾਗ ਪੂਰੀ ਤਰ੍ਹਾਂ ਆਰਾਮ ਨਹੀਂ ਕਰ ਸਕਦਾ, ਜਿਸ ਨਾਲ ਨੀਂਦ ਦਾ ਚੱਕਰ ਪ੍ਰਭਾਵਿਤ ਹੁੰਦਾ ਹੈ। ਇਸ ਤੋਂ ਇਲਾਵਾ ਕੈਫੀਨ, ਨਿਕੋਟੀਨ ਅਤੇ ਹੋਰ ਉਤੇਜਕ ਪਦਾਰਥਾਂ ਦੀ ਵੱਧ ਵਰਤੋਂ ਵੀ ਮਾਸਪੇਸ਼ੀਆਂ ਨੂੰ ਸਰਗਰਮ ਰੱਖਦੀ ਹੈ, ਜਿਸ ਕਾਰਨ ਨੀਂਦ ਦੌਰਾਨ ਅਜਿਹੇ ਝਟਕੇ ਆ ਸਕਦੇ ਹਨ।

ਨੀਂਦ ਦੀ ਘਾਟ ਵੀ ਇਸ ਸਮੱਸਿਆ ਦਾ ਇੱਕ ਵੱਡਾ ਕਾਰਨ ਮੰਨੀ ਜਾਂਦੀ ਹੈ। ਜੇਕਰ ਕੋਈ ਵਿਅਕਤੀ ਲਗਾਤਾਰ ਕਈ ਦਿਨਾਂ ਤੱਕ ਪੂਰੀ ਨੀਂਦ ਨਹੀਂ ਲੈਂਦਾ, ਤਾਂ ਉਸ ਨੂੰ ਸੌਂਦੇ ਸਮੇਂ ਹਾਈਪਨਿਕ ਜਰਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹਾਲਾਂਕਿ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਕੋਈ ਗੰਭੀਰ ਸਮੱਸਿਆ ਨਹੀਂ ਹੁੰਦੀ, ਪਰ ਜੇਕਰ ਇਹ ਝਟਕੇ ਵਾਰ-ਵਾਰ ਆਉਣ ਲੱਗਣ, ਨੀਂਦ ਵਿੱਚ ਰੁਕਾਵਟ ਪੈਦਾ ਕਰਨ ਜਾਂ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਨ, ਤਾਂ ਡਾਕਟਰ ਨਾਲ ਸਲਾਹ ਕਰਨਾ ਜ਼ਰੂਰੀ ਹੈ।

ਚੰਗੀ ਨੀਂਦ ਲਈ ਮਾਹਿਰ ਸੌਣ ਤੋਂ ਪਹਿਲਾਂ ਕੈਫੀਨ ਤੋਂ ਪਰਹੇਜ਼ ਕਰਨ, ਤਣਾਅ ਘਟਾਉਣ, ਨਿਯਮਤ ਨੀਂਦ ਦਾ ਸਮਾਂ ਬਣਾਈ ਰੱਖਣ ਅਤੇ ਸਕ੍ਰੀਨ ਟਾਈਮ ਘੱਟ ਕਰਨ ਦੀ ਸਲਾਹ ਦਿੰਦੇ ਹਨ।



# ਸਭਿਆਚਾਰ



## ਧੁਖਦੇ ਬਿਰਖ਼ਾਂ ਦੀ ਛਾਂ

-ਜਗਵਿੰਦਰ ਜੋਧਾ



ਕਿਸੇ ਜ਼ਮਾਨੇ ਵਿਚ ਪੰਜਾਬ ਵਿਚ ਕਣਕ ਦੇ ਖਾਲੀ ਹੋਏ ਵੱਢਾਂ ਵਿੱਚ ਵਾਵਰੋਲੇ ਹਵਾਂਕਦੇ ਫਿਰਦੇ ਸਨ। ਅੱਜ ਕੱਲ੍ਹ ਸਵਾਹ ਦੇ ਪੈੜ-ਚਿੰਨ੍ਹ ਦਿੱਸਦੇ ਹਨ। ਤਿਰਕਾਲਾਂ ਵੇਲੇ ਖੇਤ ਵਿੱਚ ਖੜੋ ਕੇ ਦੂਰ ਦੇਖੋ ਤਾਂ ਕਿਤੇ ਨਾ ਕਿਤੇ ਅੱਗ ਦੀ ਅਗਾਂਹ ਵਧਦੀ ਲਹਿਰ ਦਿੱਸ ਪੈਂਦੀ ਹੈ। ਹੈਰਾਨੀ ਇਹ ਕਿ ਇਸ ਰੁੱਤੇ ਅੱਗ ਦੀ ਗੱਲ ਕੋਈ ਨਹੀਂ ਕਰਦਾ, ਨਾ ਧੂੰਏਂ ਨਾਲ ਹੋ ਰਹੇ ਨੁਕਸਾਨ ਗਿਣਾਉਂਦਾ ਹੈ। ਝੋਨੇ ਦੀ ਪਰਾਲੀ ਨੂੰ ਲਾਈ ਅੱਗ ਦਾ ਧੂੰਆਂ ਦਿੱਲੀ ਜਾ ਵੜਦਾ, ਪਰ ਕਣਕ ਦੇ ਨਾੜ ਨੂੰ ਲੱਗੀ ਅੱਗ ਖੌਰੇ ਪੰਜਾਬ ਦੀ ਜੂਹ ਨਹੀਂ ਟੱਪਦੀ। ਜਦੋਂ ਝੋਨੇ ਦੀ ਪਰਾਲੀ ਨੂੰ ਸਾੜਨ ਦਾ ਕਾਰਨ ਕਿਸੇ ਤੋਂ ਪੁੱਛੋ ਤਾਂ ਸਭ ਤੋਂ ਵੱਡਾ ਬਹਾਨਾ ਇਹੀ ਹੁੰਦਾ: "ਇਸ ਪਰਾਲੀ ਨੂੰ ਕੀ ਕਰੀਏ? ਇਹਨੂੰ ਡੰਗਰ ਵੀ ਨਹੀਂ ਖਾਂਦੇ। ਨਾਲੇ ਆਪਾਂ ਅਗਲੀ ਫਸਲ ਵੀ ਤਾਂ ਬੀਜਣੀ ਹੋਈ। ਪਰਾਲੀ ਸੰਭਾਲਣ 'ਤੇ ਦਸ ਦਿਨ ਲਾ ਦਿੱਤੇ ਤਾਂ ਕਣਕ ਪਛੇਤੀ ਨਾ ਹੋ ਜਾਊ?"

ਕਣਕ ਦੇ ਨਾੜ ਤੋਂ ਤੂੜੀ ਵੀ ਬਣਾ ਲਈ, ਅਗਲੀ ਫਸਲ ਬੀਜਣ ਦੀ ਕਾਹਲ ਵੀ ਕੋਈ ਨਹੀਂ। ਨਾੜ ਦੀ ਮਿਕਦਾਰ ਖੇਤ ਵਿੱਚ ਇੰਨੀ ਹੈ ਵੀ ਨਹੀਂ ਕਿ ਹਲਾਂ ਮੂਹਰੇ ਫਸ ਜਾਵੇ। ਸਾਡੇ ਕੋਲ ਮਸ਼ੀਨਰੀ ਬਥੇਰੀ ਹੈ, ਅੱਗ ਪਤਾ ਨਹੀਂ ਕਿਸ ਸ਼ੌਕ ਨੂੰ ਲਾ ਰਹੇ ਹਾਂ! ਕੀ ਚੀਜ਼ਾਂ ਨੂੰ ਸਾੜ ਕੇ ਸਵਾਹ ਕਰ ਦੇਣ ਪਿੱਛੇ ਕੋਈ ਗੁੱਸਾ ਤਾਂ ਨਹੀਂ, ਜੋ ਖੇਤਾਂ 'ਤੇ ਨਿਕਲ ਜਾਂਦਾ ਹੈ?

ਇਸ ਰੁੱਤੇ ਅੱਗ ਬਾਰੇ ਬੜੀਆਂ ਕਹਾਵਤਾਂ ਬਣੀਆਂ। ਕਹਿੰਦੇ ਅੱਗ ਅੱਜ ਕੱਲ੍ਹ ਪੇਕੀਂ ਆਈ ਹੁੰਦੀ ਹੈ। ਪੇਕੀਂ ਆਈ ਕੁੜੀ ਵਾਂਗ ਅੱਗ ਦੀ ਤਾਬ ਨਹੀਂ ਝੱਲੀ ਜਾਂਦੀ। ਬਰਸਾਤ ਰੁੱਤੇ ਉਹ ਸਹੁਰੇ ਚਲੀ ਜਾਵੇਗੀ ਅਤੇ ਸਿਆਲ ਆਉਂਦੇ ਆਉਂਦੇ ਸਹੁਰਿਆਂ ਦੇ ਕੰਮਾਂ 'ਚ ਮਧੋਲੀ ਔਰਤ ਵਾਂਗ ਉਸ ਵਿੱਚ ਤਾਪ ਅਤੇ ਤੇਜ ਘਟ ਜਾਵੇਗਾ। ਪੇਕੀਂ ਆਈ ਅੱਗ ਨੂੰ ਖੇਤਾਂ ਵਿੱਚ ਤੂੜੀ ਬਣਾਉਣ ਤੋਂ ਬਾਅਦ ਬਚੇ ਮਾਮੂਲੀ ਨਾੜ ਨੂੰ ਸਾੜਨ ਦੇ ਕੰਮ ਭੇਜਿਆ ਜਾ ਰਿਹਾ ਹੈ। ਅੱਗ ਨੇ ਆਪਣਾ ਤਪ ਤੇ ਤੇਜ ਜ਼ਾਹਿਰ ਕਰਨਾ ਹੋਇਆ। ਲਿਹਾਜ਼ਾ ਉਹ ਪਿੱਛੇ ਜਿਹੇ ਲੰਘੀ ਪੱਤਝੜ ਰੁੱਤ ਦੇ ਝੜੇ ਪੱਤਿਆਂ ਨੂੰ ਆਪਣਾ ਖਾਜਾ ਬਣਾਉਂਦੀ ਹੈ, ਬਾਹਰ ਰੁੱਤੇ ਆਂਡੇ ਦੇਣ ਵਾਲੇ ਪੰਛੀਆਂ ਦੀਆਂ ਨਸਲਾਂ ਫੂਕਦੀ ਤੁਰੀ ਜਾਂਦੀ ਹੈ ਤੇ ਸੜਕਾਂ ਅਤੇ ਪਹੀਆਂ ਕੰਢੇ ਖਲੋਤੇ ਬੁੱਢੜੇ ਰੁੱਖਾਂ ਨੂੰ ਸਾੜ ਸੁੱਟਦੀ ਹੈ। ਇੰਨਾ ਕਰ ਕੇ ਵੀ ਅੱਗ ਨੂੰ ਸਬਰ ਕਿੱਥੇ! ਉਹ ਹਰੇ ਰੁੱਖਾਂ ਦੇ ਪੱਤੇ ਲੂਹ ਸੁੱਟਦੀ ਹੈ। ਹਰ ਪਾਸੇ ਤਾਂਬੇ ਜਿਹੀ ਰੰਗਤ ਬਿਖੇਰ ਕੇ ਅੱਗ ਅੱਧੀ ਰਾਤ ਤੋਂ ਕਿਤੇ ਬਾਅਦ ਟਿਕਾ 'ਚ ਆਉਂਦੀ ਹੋਣੀ।

ਮੈਨੂੰ ਆਪਣੇ ਬਾਪ ਤੋਂ ਅਕਸਰ ਸੁਣੀ ਕਹਾਣੀ ਯਾਦ ਆਈ ਹੈ। ਪੁਰਾਣੇ ਸਮਿਆਂ ਵਿੱਚ ਖੇਤੀ ਵਿੱਚ ਹੱਡ ਭੰਨਵੀਂ ਮੁਸ਼ੱਕਤ ਤੇ ਘਾਟਿਆਂ ਤੋਂ ਕੋਈ ਕਿਸਾਨ ਬੇਜ਼ਾਰ ਹੋ ਗਿਆ। ਇੱਕ ਰਾਤ ਉਹ ਬਿਨਾਂ ਆਪਣੇ ਬਾਪ, ਘਰਵਾਲੀ ਤੇ ਬੱਚੇ ਨੂੰ ਦੱਸੇ ਘਰੋਂ ਚਲਾ ਗਿਆ। ਉਦੋਂ ਬਹੁਤੇ ਲੋਕ ਭੱਜ ਕੇ ਹਰਿਦੁਆਰ ਜਾਂਦੇ ਸਨ। ਉਹ ਬਾਰਾਂ ਸਾਲੀਏ ਸੰਤਾਂ ਦੇ ਸੰਪਰਦਾਇ ਨਾਲ ਰਲ ਗਿਆ ਅਤੇ ਸਾਧਨਾ ਪੱਧਤੀਆਂ ਤੋਂ ਗੁਜ਼ਰਦਾ ਕਈ ਸਾਲਾਂ ਬਾਅਦ ਛੋਟੇ ਜਿਹੇ ਮੱਠ ਦਾ ਮੁਖੀ ਬਣ ਗਿਆ। ਸੰਤਾਂ ਦਾ ਇਹ ਮੱਠ ਰਸਦ ਤੇ ਅਨਾਜ ਇਕੱਠਾ ਕਰਨ ਲਈ ਕਈ ਪਿੰਡਾਂ ਵਿੱਚ ਜਾਂਦਾ ਹੁੰਦਾ ਸੀ। ਬਾਰਾਂ ਸਾਲ ਬੀਤੇ ਤਾਂ ਉਨ੍ਹਾਂ ਦਾ ਮੱਠ ਪਿੰਡਾਂ ਵੱਲ ਆਇਆ। ਸੁਭਾਇਕੀ ਉਨ੍ਹਾਂ ਉਸੇ ਪਿੰਡ ਡੇਰਾ ਲਾਇਆ, ਜੋ ਉਸ ਦਾ ਆਪਣਾ ਪਿੰਡ ਸੀ।

ਪਿੰਡ ਵਾਸੀਆਂ ਨੂੰ ਸੰਤਾਂ ਦੀ ਆਮਦ ਦਾ ਪਤਾ ਲੱਗਿਆ ਤਾਂ ਉਹ ਦੁੱਧ-ਬਾਧ ਦੀ ਸੇਵਾ ਕਰਨ ਆਉਣ ਲੱਗੇ। ਸਾਧ ਬਣੇ ਉਸ ਕਿਸਾਨ ਦੀ ਘਰਵਾਲੀ ਵੀ ਦੁੱਧ ਲੈ ਕੇ ਡੇਰੇ ਆਈ। ਉਦੋਂ ਤਕ ਉਸ ਕਿਸਾਨ ਸੰਤ ਦੀ ਦਾੜ੍ਹੀ ਵਧੀ ਹੋਈ ਸੀ ਤੇ ਉਹ ਗੱਦੀ 'ਤੇ ਬੈਠਾ ਸੀ। ਉਸ ਦੀ ਘਰਵਾਲੀ ਨੇ ਜਦੋਂ ਉਸ ਦੀਆਂ ਅੱਖਾਂ ਵਿੱਚ ਦੇਖਿਆ ਤਾਂ ਬੀਤੇ ਸਮੇਂ ਦੇ ਕਈ ਮੰਜ਼ਰ ਉਸ ਦੀਆਂ ਨਜ਼ਰਾਂ 'ਚੋਂ ਗੁਜ਼ਰ ਗਏ। ਸੰਤ ਨੇ ਵੀ ਔਰਤ ਨੂੰ ਪਛਾਣ ਲਿਆ ਤੇ ਅੱਖਾਂ ਬੰਦ ਕਰ ਕੇ ਸਮਾਧੀ ਵਿੱਚ ਹੋਣ ਦਾ ਪਾਖੰਡ ਕਰਨ ਲੱਗਾ। ਬੀਬੀ ਦੁੱਧ ਵਾਲਾ ਡੋਲਣਾ ਕੋਲ ਰੱਖ ਕੇ ਪੈਰੀਂ ਹੱਥ ਲਾ ਕੇ ਬਹਿ ਗਈ।

ਸੰਤ ਨੇ ਸਿਰ ਪਲੋਸਿਆ ਤਾਂ ਬੀਬੀ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ। ਉਹਨੇ ਆਪਣੇ ਦੁੱਖ ਦੱਸਦਿਆਂ ਕਿਹਾ, "ਬਾਬਾ ਜੀ, ਮੈਂ ਬੜੀ ਦੁਖੀ ਆਂ, ਮੇਰਾ ਘਰ ਵਾਲਾ ਕਿਤੇ ਚਲਾ ਗਿਆ, ਦੋ ਸਾਲ ਹੋਏ ਸਹੁਰਾ ਵੀ ਮਰ ਗਿਆ।"

ਸੰਤ ਨੇ ਆਵਾਜ਼ 'ਤੇ ਕਾਬੂ ਰੱਖਦਿਆਂ ਉਪਦੇਸ਼ ਦੇ ਭਾਵ ਨਾਲ ਕਿਹਾ, "ਬੀਬੀ ਸੰਸਾਰ ਦੁੱਖਾਂ ਦਾ ਘਰ ਹੈ..., ਜੋ ਆਇਆ ਹੈ, ਜਾਵੇਗਾ ਵੀ ਜ਼ਰੂਰ। ਮਨ ਨੂੰ ਪਰਮਾਤਮਾ ਨਾਲ ਲਾਓ।"

ਬੀਬੀ ਨੇ ਦੁੱਖਾਂ ਦੀ ਗੰਢ ਹੋਰ ਖੋਲ੍ਹੀ, "ਬਾਬਾ ਜੀ ਮੁੰਡਾ ਵੀ ਆਖੇ ਤੋਂ ਬਾਹਰ ਹੋਇਆ ਫਿਰਦਾ, ਕੋਈ ਕੰਮ ਨਹੀਂ ਕਰਦਾ।"

ਸੰਤ ਨੇ ਉਸੇ ਸ਼ਾਂਤ ਭਾਵ ਨਾਲ ਆਖਿਆ, "ਕੋਈ ਕਿਸੇ ਦਾ ਨਹੀਂ ਬੀਬੀ, ਰਿਸ਼ਤੇ ਝੂਠ ਤੇ ਭਰਮ ਦਾ ਰੂਪ ਨੇ।"

ਬੀਬੀ ਦਾ ਸ਼ੱਕ ਹੋਰ ਵਧਿਆ। ਉਹਨੇ ਆਪਣੇ ਪਤੀ ਦੇ ਪਿਆਰੇ ਬਲਦਾਂ ਦੀ ਜੋੜੀ ਬਾਰੇ ਗੱਲ ਛੇੜੀ, "ਬਾਬਾ ਜੀ, ਪਿੰਡ ਦੇ ਸੇਠ ਨੇ ਸਾਡੇ ਬਲਦ ਖੋਲ੍ਹ ਲਏ, ਸਾਡੀ ਮੱਝ ਵੀ ਕਰਜ਼ੇ 'ਚ ਲੈ ਗਿਆ। ਅਸੀਂ ਬੜੇ ਔਖੇ ਆਂ।"

ਸੰਤ ਜੀ ਨੇ ਆਪਣੇ ਆਪ ਨੂੰ ਕਾਬੂ 'ਚ ਰੱਖ ਕੇ ਸੱਜਾ ਹੱਥ ਖੜ੍ਹਾ ਕਰ ਕੇ ਕਿਹਾ, "ਸ਼ਾਂਤ ਰਹੋ ਬੀਬਾ, ਇਹ ਚੀਜ਼ਾਂ ਵਸਤਾਂ ਇਸੇ ਸੰਸਾਰ 'ਚ ਰਹਿ ਜਾਣੀਆਂ। ਮਨ ਨੂੰ ਪਾਠ ਪੂਜਾ ਵੱਲ ਲਾਓ, ਸ਼ਾਂਤੀ ਮਿਲੇਗੀ।"

ਉਸ ਔਰਤ ਨੇ ਕਿਹਾ, "ਬਾਬਾ ਜੀ, ਸਾਡੇ ਸ਼ਰੀਕ ਸਾਡੀ ਜ਼ਮੀਨ ਦੱਬਣ ਨੂੰ ਫਿਰਦੇ। ਵੱਟ ਉੱਪਰ ਲੱਗੇ ਅੰਬ ਦੇ ਰੁੱਖ ਨੂੰ ਆਪਣੇ ਵੱਲ ਦੱਸਦੇ। ਅੱਜ ਉਨ੍ਹਾਂ ਨੇ ਉਹ ਰੁੱਖ ਵੱਢਣ ਲਈ ਆਰੇ ਵਾਲੇ ਨੂੰ ਸੱਦਿਆ...।"

ਇੰਨੀ ਗੱਲ ਸੁਣਨ ਦੀ ਦੇਰ ਸੀ ਕਿ ਸੰਤ ਦੇ ਅੰਦਰੋਂ ਕਿਸਾਨ ਜਾਗ ਪਿਆ। ਉਹਨੇ ਧੂਣੇ 'ਚੋਂ ਬਲਦੀ ਲੱਕੜ ਚੁੱਕ ਲਈ ਤੇ ਲਲਕਾਰਾ ਮਾਰਿਆ, "ਕੀਹਦੀ ਏਡੀ ਮਜਾਲ ਕਿ ਮੇਰੇ ਲਾਏ ਹੋਏ ਅੰਬ ਦੇ ਬੂਟੇ ਨੂੰ ਆਰੇ ਦਾ ਟੱਕ ਲਾ ਸਕੇ, ਮੈਂ ਸੀਰਮੇ ਨਾ ਪੀ ਜਾਵਾਂ...।"

ਪੰਜਾਬ ਦੀ ਉਹੀ ਧਰਤੀ, ਜਿੱਥੇ ਰੁੱਖ ਬਦਲੇ ਕੋਈ ਦਹਾਕਿਆਂ ਦੀ ਖੱਟੀ ਖੂਹ 'ਚ ਪਾਉਣ ਲਈ ਤਿਆਰ ਹੋ ਜਾਂਦਾ ਸੀ, ਅੱਜ ਸੈਂਕੜੇ ਬਲਦੇ ਰੁੱਖਾਂ ਦਾ ਸ਼ਮਸ਼ਾਨ ਬਣਿਆ ਹੋਇਆ ਹੈ।

## ਕਿੱਕਲੀ ਕਲੀਰ ਦੀ...

-ਜਸਵਿੰਦਰ ਸਿੰਘ ਰੁਪਾਲ

ਸਮੇਂ ਦੀ ਤਬਦੀਲੀ ਨੇ ਸਾਡੇ ਰਸਮ ਰਿਵਾਜ, ਸਾਡੇ ਸ਼ੌਕ, ਸਾਡੇ ਕਿੱਤੇ, ਸਾਡੀਆਂ ਖੇਡਾਂ, ਸਾਡੇ ਲੋਕ-ਗੀਤ ਆਦਿ ਸਭ ਕੁਝ ਬਦਲ ਦਿੱਤਾ ਹੈ। ਅਗਲੀ ਪੀੜ੍ਹੀ ਨੂੰ ਉਹ ਸਭ ਕੁਝ ਓਪਰਾ ਹੀ ਨਹੀਂ ਲੱਗੇਗਾ, ਸਗੋਂ ਨਿਰਾਰਥਕ ਤੇ ਬੇਲੋੜਾ ਵੀ ਲੱਗੇਗਾ। ਅੱਜ ਜਦੋਂ ਬੱਚਿਆਂ ਨੂੰ ਕੰਪਿਊਟਰ 'ਤੇ ਵੀਡੀਓ ਗੇਮਜ਼ ਖੇਡਦਿਆਂ ਦੇਖਦੇ ਹਾਂ, ਤਾਂ ਬੱਚਿਆਂ ਦੀਆਂ ਪੁਰਾਣੀਆਂ ਖੇਡਾਂ ਸੁਭਾਵਿਕ ਹੀਮਨ ਵਿੱਚ ਆ ਜਾਂਦੀਆਂ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਸਾਥੀ ਨਾਲ ਖੇਡਣ, ਰੁੱਸਣ, ਮਨਾਉਣ ਅਤੇ ਦੂਜੇ ਨਾਲ ਪੀਡੀਆਂ ਸਾਂਝਾਂ ਪਾਉਣ ਦਾ ਪਤਾ ਲੱਗਦਾ ਸੀ।

ਕੁੜੀਆਂ ਦੀ ਇੱਕ ਅਜਿਹੀ ਖੇਡ ਕਿੱਕਲੀ ਸੀ। ਇਹ ਨਿੱਕੀਆਂ ਬੱਚੀਆਂ ਤੇ ਅੱਲੜ੍ਹ ਮੁਟਿਆਰਾਂ ਦਾ ਨਾਚ ਹੈ। ਇਸ ਵਿੱਚ ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਦੂਸਰੀ ਕੁੜੀ ਦੇ ਸੱਜੇ ਹੱਥ ਨੂੰ ਆਪਣੇ ਖੱਬੇ ਨਾਲ ਅਤੇ ਖੱਬੇ ਹੱਥ ਨੂੰ ਸੱਜੇ ਨਾਲ ਫੜਕੇ ਕੰਘੀ ਪਾ ਲੈਂਦੀਆਂ ਹਨ। ਫਿਰ ਆਪਣੇ ਪੈਰਾਂ ਦੀਆਂ ਅੱਡੀਆਂ ਜੋੜ ਕੇ ਇੱਕ ਦੂਜੀ ਦੇ ਪੈਰਾਂ ਦੀਆਂ ਉਂਗਲਾਂ ਜੋੜ ਲੈਂਦੀਆਂ ਅਤੇ ਬਾਹਾਂ ਨੂੰ ਕੱਸ ਕੇ ਸਰੀਰ ਦਾ ਭਾਰ ਪਿੱਛੇ ਨੂੰ ਸੁੱਟ ਕੇ ਪੈਰਾਂ 'ਤੇ ਚੱਕਰ ਵਿੱਚ ਘੁੰਮਦੀਆਂ ਹਨ। ਇਸ ਤਰ੍ਹਾਂ ਤੇਜ਼ ਤੇਜ਼ ਗੋਲ ਚੱਕਰ ਕੱਢਦੀਆਂ ਹਨ ਅਤੇ ਨਾਲ ਨਾਲ ਜ਼ੁਬਾਨ ਤੋਂ ਕਿੱਕਲੀ ਦੇ ਗੀਤ ਗਾਉਂਦੀਆਂ ਹਨ। ਕਈ ਵਾਰ ਬਾਕੀ ਕੁੜੀਆਂ ਇਨ੍ਹਾਂ ਦੁਆਲੇ ਚੱਕਰ ਬਣਾ ਕੇ ਗਿੱਧਾ ਪਾਉਂਦੀਆਂ ਹਨ ਅਤੇ ਕਈ ਵਾਰ ਉਨ੍ਹਾਂ ਵਿੱਚੋਂ ਵੀ ਦੋ ਦੋ ਦੇ ਜੁੱਟ ਬਣਾ ਕੇ ਉਹ ਵੀ ਕਿੱਕਲੀ ਪਾਉਣ ਲੱਗਦੀਆਂ ਹਨ। ਗੀਤਾਂ ਦੀ ਧੁਨ ਉੱਠਦੀ ਹੈ:

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁਪੱਟਾ ਭਰਜਾਈ ਦਾ,
ਫਿੱਟੇ ਮੂੰਹ ਜਵਾਈ ਦਾ।

***

ਗਈ ਸਾਂ ਮੈਂ ਗੰਗਾ,
ਚੜ੍ਹਾ ਲਿਆਈ ਵੰਗਾਂ,
ਅਸਮਾਨੀ ਮੇਰਾ ਘੱਗਰਾ,
ਮੈਂ ਕਿਹੜੀ ਕਿੱਲੀ ਟੰਗਾਂ!
ਨੀਂ ਮੈਂ ਏਸ ਕਿੱਲੀ ਟੰਗਾਂ,
ਨੀਂ ਮੈਂ ਓਸ ਕਿੱਲੀ ਟੰਗਾਂ।

ਕਿੱਕਲੀ ਸ਼ਬਦ ਦੀ ਉਤਪਤੀ ਕਿਲਕਿਲਾ ਸ਼ਬਦ ਤੋਂ ਹੋਈ ਹੈ। ਕਿਲਕਿਲਾ ਦਾ ਭਾਵ ਹੈ ਆਨੰਦ ਦੇਣ ਵਾਲੀ ਧੁਨੀ। ਪੋਠੋਹਾਰ ਦੇ ਇਲਾਕੇ ਵਿੱਚ ਇਸ ਨੂੰ ਕਿਰਕਿਲੀ ਕਿਹਾ ਜਾਂਦਾ ਹੈ। ਇਹ ਖੇਡਮਈ ਨਾਚ ਕੁੜੀਆਂ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਦਿੰਦਾ ਹੈ। ਉਹ ਚੱਕਰ ਵਿੱਚ ਇੰਨੇ ਜ਼ੋਰ ਦੀ ਘੁੰਮਦੀਆਂ ਹਨ ਕਿ ਉਨ੍ਹਾਂ ਦਾ ਆਪਣੇ ਸਰੀਰ ਦਾ ਸੰਤੁਲਨ ਬਣਾਈ ਰੱਖਣਾ ਤੇ ਲਗਾਤਾਰ ਘੁੰਮਦੇ ਰਹਿਣਾ ਵੱਡੀ ਮੁਹਾਰਤ ਤੇ ਕੁਸ਼ਲਤਾ ਦੀ ਮੰਗ ਕਰਦਾ ਹੈ। ਗੋਲ ਚੱਕਰ ਵਿੱਚ ਘੁੰਮਦੀਆਂ ਚੀਜ਼ਾਂ ਛੋਟੇ ਬੱਚਿਆਂ ਨੂੰ ਵੈਸੇ ਵੀ ਖ਼ੁਸ਼ੀ ਦਿੰਦੀਆਂ ਹਨ। ਕਿੱਕਲੀ ਪਾਉਂਦੀਆਂ ਬੱਚੀਆਂ ਨੂੰ ਪਸੀਨਾ ਆ ਜਾਂਦਾ ਤੇ ਕਈਆਂ ਨੂੰ ਸਾਹ ਚੜ੍ਹ ਜਾਂਦਾ ਹੈ, ਪਰ ਮਨ ਦੀ ਖ਼ੁਸ਼ੀ ਤੇ ਆਨੰਦ ਉਨ੍ਹਾਂ ਦਾ ਹੌਸਲਾ ਬਣਾਈ ਰੱਖਦਾ ਹੈ। ਪਹਿਲੀਆਂ ਦੋ ਕੁੜੀਆਂ ਥੱਕ ਜਾਂਦੀਆਂ ਤਾਂ ਅਗਲੀਆਂ ਕੁੜੀਆਂ ਪਿੜ ਵਿੱਚ ਆ ਜਾਂਦੀਆਂ ਤੇ ਉਹ ਉਸੇ ਤਰ੍ਹਾਂ ਕਿੱਕਲੀ ਪਾਉਣ ਲੱਗਦੀਆਂ ਹਨ। ਇਹ ਕੰਮ ਓਨੀ ਦੇਰ ਜਾਰੀ ਰਹਿੰਦਾ ਹੈ, ਜਦੋਂ ਤੱਕ ਉਨ੍ਹਾਂ ਕੋਲ ਕਿੱਕਲੀ ਨਾਲ ਸਬੰਧਿਤ ਬੋਲੀਆਂ ਤੇ ਗੀਤ ਹਨ। ਕੁਝ ਗੀਤ ਇਸ ਤਰ੍ਹਾਂ ਹਨ:

ਕਿੱਕਲੀ ਪਾਵਣ ਆਈਆਂ,
ਬਦਾਮ ਖਾਵਣ ਆਈਆਂ,
ਬਦਾਮ ਦੀ ਗੁੱਲੀ ਮਿੱਠੀ,
ਮੈਂ ਵੀਰ ਦੀ ਕੁੜੀ ਡਿੱਠੀ,
ਮੇਰੇ ਵੀਰ ਦੀ ਕੁੜੀ ਕਾਲੀ,
ਮੈਨੂੰ ਆ ਗਈ ਭਵਾਲੀ,
ਥਾਲੀ ਥਾਲੀ ਥਾਲੀ।

***

ਕਿੱਕਲੀ ਕੁਲੱਸ ਦੀ,
ਲੱਤ ਭੱਜੇ ਸੱਸ ਦੀ,
ਗੋਡਾ ਭੱਜੇ ਜੇਠ ਦਾ,



ਝੀਤਾਂ ਵਿੱਚੀਂ ਵੇਖਦਾ,
ਮੋੜ ਸੂ ਜਠਾਣੀਏ,
ਮੋੜ ਸੱਸੇ ਰਾਣੀਏ,
ਸੱਸ ਦਾਲ ਚਾ ਪਕਾਈ,
ਛੰਨਾ ਭਰ ਕੇ ਲਿਆਈ,
ਸੱਸ ਖੀਰ ਚਾ ਪਕਾਈ,
ਹੇਠ ਟੰਗਣੇ ਲੁਕਾਈ।
ਅੰਦਰ ਬਾਹਰ ਵੜਦੀ ਖਾਵੇ,
ਭੈੜੀ ਗੱਲ-ਗੜ੍ਹੱਪੇ ਲਾਵੇ,
ਲੋਕੋਂ ਸੱਸਾਂ ਬੁਰੀਆਂ ਵੇ,
ਕਲੇਜੇ ਲਾਵਣ ਛੁਰੀਆਂ ਵੇ।,

ਗੀਤਾਂ ਦਾ ਵਿਸ਼ਾ ਆਮ ਲੋਕ-ਗੀਤਾਂ ਤੇ ਬੋਲੀਆਂ ਵਾਂਗ ਹੀ ਸਮਾਜਿਕ ਅਤੇ ਰੋਜ਼ਾਨਾ ਜ਼ਿੰਦਗੀ ਦੇ ਆਮ ਮਸਲੇ ਹੁੰਦੇ ਹਨ। ਇਨ੍ਹਾਂ ਵਿੱਚ ਸਾਡੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ, ਨਿਹੋਰੇ ਤੇ ਉਲਾਂਭੇ ਸਮੋਏ ਹੁੰਦੇ ਹਨ। ਜਿੱਥੇ ਉਸ ਸਮੇਂ ਦੀ ਸਮਾਜ ਦੀ ਪ੍ਰਚੱਲਤ ਧਾਰਨਾ ਅਨੁਸਾਰ ਮਰਦ ਨੂੰ ਪਿਓ, ਵੀਰ ਤੇ ਕੰਤ ਦੇ ਰੂਪ ਵਿੱਚ ਵਡਿਆਇਆ ਜਾਂਦਾ ਸੀ, ਉੱਥੇ ਸੱਸ ਨਾਲ ਹਲਕੀ ਫੁਲਕੀ ਨੋਕ ਝੋਕ ਚੱਲਦੀ ਸੀ। ਕਿਉਂਕਿ ਉਸ ਸਮੇਂ ਲੜਕੀਆਂ ਨੂੰ ਛੋਟੀ ਉਮਰ ਵਿੱਚ ਹੀ ਵਿਆਹ ਦਿੱਤਾ ਜਾਂਦਾ ਸੀ। ਜਿਨ੍ਹਾਂ ਦਾ ਨਹੀਂ ਸੀ ਹੋਇਆ ਹੁੰਦਾ, ਉਨ੍ਹਾਂ ਦਾ ਵਾਹ ਵੀ ਸੰਯੁਕਤ ਪਰਿਵਾਰ ਨਾਲ ਪਿਆ ਹੋਣ ਕਰਕੇ ਉਨ੍ਹਾਂ ਨੂੰ ਇਨ੍ਹਾਂ ਰਿਸ਼ਤਿਆਂ ਦੀ ਪੂਰੀ ਸਮਝ ਹੁੰਦੀ ਸੀ। ਇਨ੍ਹਾਂ ਗੀਤਾਂ ਵਿੱਚ ਸੱਸ ਹੀ ਨਹੀਂ, ਨਣਦ ਭਰਜਾਈਆਂ ਦਾ ਜ਼ਿਕਰ ਵੀ ਹੁੰਦਾ ਸੀ। ਇਨ੍ਹਾਂ ਪਰਿਵਾਰਕ ਰਿਸ਼ਤਿਆਂ ਦਾ ਮੋਹ ਪਿਆਰ, ਦੂਜੇ ਲਈ ਕੁਝ ਕਰਨ ਦਾ ਚਾਅ ਤੇ ਪਰਿਵਾਰ ਦੀ ਹੀ ਨਹੀਂ, ਸੰਸਾਰ ਦੇ ਵੀ ਸੁਖ ਦੀ ਕਾਮਨਾ ਇਨ੍ਹਾਂ ਗੀਤਾਂ ਵਿੱਚ ਕੀਤੀ ਗਈ ਮਿਲਦੀ ਹੈ। ਜਿਵੇਂ:

ਐਸ ਗਲੀ ਮੈਂ ਆਵਾਂ ਜਾਵਾਂ,
ਐਸ ਗਲੀ ਲਸੂੜਾ,
ਭਾਬੋ ਮੰਗੇ ਮੁੰਦਰੀਆਂ,
ਨਨਾਣ ਮੰਗੇ ਚੂੜਾ,
ਨੀਂ ਇਹ ਲਾਲ ਲਸੂੜ੍ਹਾ।

***

ਕਿੱਕਲੀ ਕਲਾਈ ਦੀ,
ਸੁੱਖ ਮੰਗਾਂ ਭਾਈ ਦੀ,
ਤਾਏ ਅਤੇ ਤਾਈ ਦੀ,
ਭਾਪੇ ਅਤੇ ਝਾਈ ਦੀ,
ਘਰ ਪਰਿਵਾਰ ਦੀ,
ਸਾਰੇ ਸੰਸਾਰ ਦੀ।

ਵੈਸੇ ਨੱਚਣ ਗਾਉਣ ਅਤੇ ਖੇਡਣ ਲਈ ਸਾਰੇ ਸਮੇਂ ਹੀ ਢੁੱਕਵੇਂ ਹਨ ਪਰ ਸਾਉਣ ਦਾ ਮਹੀਨਾ ਇਸ ਕਰਕੇ ਆਪਣੀ ਵਿਸ਼ੇਸ਼ਤਾ ਰੱਖਦਾ ਹੈ ਕਿ ਇਸ ਮਹੀਨੇ ਤੀਆਂ ਲੱਗਦੀਆਂ ਹੁੰਦੀਆਂ ਸਨ। ਵਿਆਹੀਆਂ ਹੋਈਆਂ ਲੜਕੀਆਂ ਵੀ ਆਪਣੇ ਪੇਕੇ ਘਰ ਆਉਂਦੀਆਂ ਤੇ ਬੋਹੜ ਅਤੇ ਪਿੱਪਲਾਂ ਥੱਲੇ ਪੀਂਘਾਂ ਝੂਟਦੀਆਂ ਗਿੱਧੇ ਦੇ ਰੰਗ ਬੰਨ੍ਹਦੀਆਂ ਸਨ। ਇਸ ਸਮੇਂ ਹਰ ਗਿੱਧੇ ਨਾਲ ਕਿੱਕਲੀ ਚੱਲਦੀ ਸੀ। ਗੀਤਾਂ ਵਿੱਚ ਸਾਉਣ ਮਹੀਨੇ ਦੇ ਮਨਪਸੰਦ ਪਕਵਾਨ ਖੀਰ ਪੂੜਿਆਂ ਦਾ ਜ਼ਿਕਰ ਵੀ ਮਿਲਦਾ ਤੇ ਸਖੀਆਂ ਨੂੰ ਜ਼ੋਰ ਨਾਲ ਗਿੱਧਾ ਪਾਉਣ ਅਤੇ ਨੱਚਣ ਦੀ ਤਾਕੀਦ ਵੀ। ਜਿੱਥੇ ਸਰੀਰਕ ਤੌਰ 'ਤੇ ਇਹ ਨਾਚ ਬਹੁਤ ਵਧੀਆ ਕਸਰਤ ਦਾ ਕੰਮ ਕਰਦੇ ਨੇ, ਉੱਥੇ ਗੀਤਾਂ ਰਾਹੀਂ ਆਪਣੇ ਜਜ਼ਬੇ ਪ੍ਰਗਟਾ ਕੇ ਇਨ੍ਹਾਂ ਕੁੜੀਆਂ ਦਾ ਕਥਾ-ਰਸ ਵੀ ਹੁੰਦਾ ਹੈ:

ਸਾਉਣ ਸਹੀਆਂ ਹੋਈਆਂ ਇਕੱਠੀਆਂ,
ਖੀਰ ਬਣ ਗਈ ਪੂੜਿਆਂ ਦੀ ਵਾਰੀ,
ਬੋਹੜ ਥੱਲੇ ਪਾਉਣ ਕਿੱਕਲੀ,
ਤੀਆਂ ਲੱਗੀਆਂ ਸਾਉਣ ਦੀਆਂ ਭਾਰੀ,
ਪਿੱਪਲੀਂ ਪੀਂਘਾਂ ਪਾ ਲਈਆਂ,
ਝੂਟੇ ਲੈਂਦੀਆਂ ਨੇ ਵਾਰੋ ਵਾਰੀ,
ਰਹੇ ਨੱਚਣੋ ਨਾ, ਵਿਆਹੀ ਤੇ ਕੁਆਰੀ,
ਨੀਂ ਤਾੜੀ ਜ਼ਰਾ ਦੱਬ ਕੇ ਲਾਇਓ,
ਅੱਜ ਨੱਚਣਾ ਝਾਂਜਰਾਂ ਵਾਲੀ।

***

ਚਾਰ ਚੁਰਾਸੀ, ਘੁਮਰ ਘਾਸੀ,
ਨੌਂ ਸੌ ਘੋੜਾ, ਨੌਂ ਸੌ ਹਾਥੀ,
ਨੌਂ ਸੌ ਫੁੱਲ ਗੁਲਾਬ ਦਾ,
ਮੁੰਡੇ ਖੇਡਣ ਗੁੱਲੀ ਡੰਡਾ,
ਕੁੜੀਆਂ ਕਿੱਕਲੀ ਪਾਉਂਦੀਆਂ,
ਮੁੰਡੇ ਕਰਦੇ ਖੇਤੀ ਪੱਤੀ
ਕੁੜੀਆਂ ਘਰ ਵਸਾਉਂਦੀਆਂ।

***

ਤੋ ਵੇ ਤੋਤੜਿਆ, ਤੋਤਾ ਸਿਕੰਦਰ ਦਾ,
ਪਾਣੀ ਪੀਵੇ ਸਮੁੰਦਰ ਦਾ,
ਕੰਮ ਕਰੇ ਦੁਪਹਿਰਾਂ ਦਾ,
ਚਿੱਟੀ ਚਾਦਰ ਕਾਕੇ ਦੀ,
ਕਾਕੜਾ ਖਿਡਾਉਨੀ ਆਂ,
ਚਾਰ ਛੱਲੇ ਪਾਉਨੀ ਆਂ,
ਇੱਕ ਛੱਲਾ ਰਹਿ ਗਿਆ,
ਸਿਪਾਹੀ ਫੜ ਕੇ ਲੈ ਗਿਆ।

ਅੱਜ ਸਮਾਂ ਬਦਲ ਗਿਆ ਹੈ। ਬੱਚੀਆਂ ਪੜ੍ਹਾਈ ਵਿੱਚ ਮਸ਼ਰੂਫ ਹਨ, ਨਵੀਂ ਤਕਨਾਲੋਜੀ ਦੀਆਂ ਨਵੀਆਂ ਖੇਡਾਂ ਵਿੱਚ ਵਿਅਸਤ ਹਨ। ਬੋਹੜ ਤੇ ਪਿੱਪਲ ਵੀ ਕਿਧਰੇ ਨਹੀਂ ਦਿਖਦੇ। ਉਨ੍ਹਾਂ 'ਤੇ ਪੈਂਦੀਆਂ ਪੀਂਘਾਂ ਵੀ ਉਸ ਲਹਿਜੇ ਵਾਲੀਆਂ ਨਹੀਂ। ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਲਈ ਉਚੇਚੇ ਤੌਰ 'ਤੇ ਉਹ ਦ੍ਰਿਸ਼ ਪੈਦਾ ਕਰਨ ਦੇ ਯਤਨ ਹੋ ਰਹੇ ਹਨ, ਪਰ ਅੰਦਰੋਂ ਆਉਂਦੀਆਂ ਬੋਲੀਆਂ ਅਤੇ ਨੱਚਣ ਦਾ ਉਹ ਪ੍ਰਬਲ ਵੇਗ ਅੱਜ ਨਜ਼ਰ ਨਹੀਂ ਆ ਰਿਹਾ। ਪੁਰਾਤਨ ਖੇਡਾਂ ਬੱਚਿਆਂ ਦਾ ਸਰਬਪੱਖੀ ਵਿਕਾਸ ਕਰਦੀਆਂ ਸਨ। ਜਿੱਥੇ ਇਹ ਉਨ੍ਹਾਂ ਵਿੱਚ ਮਿਲਵਰਤਣ ਦੀ ਭਾਵਨਾ ਪੈਦਾ ਕਰਦੀਆਂ ਸਨ, ਉੱਥੇ ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਸਹਾਈ ਹੁੰਦੀਆਂ ਸਨ। ਆਧੁਨਿਕ ਸਮੇਂ ਦੀਆਂ ਕੰਪਿਊਟਰ ਗੇਮਾਂ ਵਾਂਗ ਇਹ ਉਨ੍ਹਾਂ 'ਤੇ ਕਿਸੇ ਤਰ੍ਹਾਂ ਦਾ ਮਾੜਾ ਪ੍ਰਭਾਵ ਨਹੀਂ ਪਾਉਂਦੀਆਂ ਸਨ, ਸਗੋਂ ਇਹ ਉਨ੍ਹਾਂ ਦੀ ਆਪਸੀ ਸਾਂਝ ਮਜ਼ਬੂਤ ਕਰਦੀਆਂ ਸਨ। ਉਨ੍ਹਾਂ ਨੂੰ ਆਪਸ ਵਿੱਚ ਰੁੱਸਣ ਅਤੇ ਮਨਾਉਣ ਦਾ ਵੱਲ ਪ੍ਰਦਾਨ ਕਰਦੀਆਂ ਸਨ। ਅੱਜ ਕਿੱਕਲੀ ਤਾਂ ਨਹੀਂ ਰਹੀ, ਚਲੋ ਜਾਂਦੇ ਜਾਂਦੇ ਨਵੀਂ ਵਿੱਦਿਆ ਅਨੁਸਾਰ ਬਣਾਈ ਗਈ ਨਵੀਂ ਬੋਲੀ ਹੀ ਪੜ੍ਹਦੇ ਚੱਲੀਏ:

ਕਿੱਕਲੀ ਕਲੀਰ ਦੀ,
ਸੁਣ ਗੱਲ ਵੀਰ ਜੀ,
ਵਿੱਦਿਆ ਦੀ ਰੌਸ਼ਨੀ,
ਨ੍ਹੇਰਿਆਂ ਨੂੰ ਚੀਰਦੀ,
ਮੇਰੇ ਸੋਹਣੇ ਵੀਰਿਆ,
ਸਕੂਲ ਪੜ੍ਹਨ ਜਾਈਂ ਤੂੰ,
ਵਿੱਦਿਆ ਦੀ ਪੌੜੀ 'ਤੇ,
ਪੈਰ ਜਾ ਟਿਕਾਈਂ ਤੂੰ,
ਕਰ ਕੇ ਪੜ੍ਹਾਈ ਵੀਰੇ,
ਬੀਬਾ ਅਖਵਾਈਂ ਤੂੰ।

ਅਸੀਂ ਆਪਣੇ ਅਮੀਰ ਵਿਰਸੇ ਦੀਆਂ ਇਨ੍ਹਾਂ ਅਮੀਰ ਝਲਕੀਆਂ ਨੂੰ ਸਦਾ ਨਮਸਕਾਰ ਕਰਦੇ ਰਹਾਂਗੇ।

## ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ...

-ਜੋਗਿੰਦਰ ਕੌਰ ਅਗਨੀਹੋਤਰੀ

ਸਮਾਜ ਵਿੱਚ ਵੱਖ-ਵੱਖ ਰਿਸ਼ਤਿਆਂ ਦਾ ਮਹੱਤਵ ਵੱਖ-ਵੱਖ ਹੈ। ਇਨ੍ਹਾਂ ਵਿੱਚ ਮਾਂ-ਧੀ, ਮਾਂ-ਪੁੱਤ, ਪਿਓ-ਧੀ, ਪਿਓ-ਪੁੱਤ ਅਤੇ ਭੈਣ-ਭਰਾ ਦਾ ਰਿਸ਼ਤਾ ਬਹੁਤ ਅਹਿਮ ਸਥਾਨ ਰੱਖਦਾ ਹੈ। ਇਸ ਤੋਂ ਇਲਾਵਾ ਕੁਝ ਰਿਸ਼ਤੇ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਅਹਿਮੀਅਤ ਬਹੁਤ ਹੁੰਦੀ ਹੈ, ਪਰ ਉਹ ਦੂਜੇ ਨੰਬਰ 'ਤੇ ਆ ਜਾਂਦੇ ਹਨ, ਜਿਵੇਂ ਭੂਆ-ਭਤੀਜਾ, ਭਤੀਜੀ, ਦਾਦੀ-ਪੋਤਾ, ਪੋਤੀ ਅਤੇ ਦਾਦੇ ਤੋਂ ਬਿਨਾਂ ਚਾਚੇ ਤਾਇਆਂ ਦੇ ਰਿਸ਼ਤੇ ਵੀ ਹੁੰਦੇ ਹਨ।


ਸਮਾਜ ਵਿੱਚ ਕੁਝ ਰਿਸ਼ਤੇ ਅਹਿਮ ਹੁੰਦੇ ਹੋਏ ਵੀ ਉਨ੍ਹਾਂ ਨੂੰ ਦੂਜੇ ਦਰਜੇ ਤੋਂ ਘੱਟ ਸਮਝਿਆ ਜਾਂਦਾ ਹੈ ਜਿਵੇਂ ਸੱਸ, ਨਣਦ, ਜੇਠ ਤੇ ਦਿਓਰ। ਇਹ ਰਿਸ਼ਤੇ ਭਾਵੇਂ ਕਿੰਨੇ ਵੀ ਸਾਫ਼ ਦਿਲ ਕਿਉਂ ਨਾ ਹੋਣ, ਸਮਾਜ ਇਨ੍ਹਾਂ ਨੂੰ ਕੁਣੱਖੀਆਂ ਨਜ਼ਰਾਂ ਨਾਲ ਦੇਖਦਾ ਹੈ। ਇਸ ਦਾ ਪ੍ਰਭਾਵ ਲੜਕੀਆਂ 'ਤੇ ਪੈਂਦਾ ਹੈ। ਲੜਕੀ ਦੇ ਵਿਆਹ ਪਿੱਛੋਂ ਅਜਿਹੇ ਰਿਸ਼ਤੇ ਉਸ ਪਤੀ ਲਈ ਤਾਂ ਅਹਿਮ ਹੁੰਦੇ ਹਨ, ਘਰਵਾਲੀ ਲਈ ਨਹੀਂ। ਨਵਵਿਆਹੀ ਲੜਕੀ ਨੂੰ ਉਨ੍ਹਾਂ ਰਿਸ਼ਤਿਆਂ ਵਿੱਚ ਦੂਈ ਦਵੈਤ ਦੀ ਭਾਵਨਾ ਚੁਭਦੀ ਹੈ। ਕਈ ਵਾਰ ਘਰ ਵਿੱਚ ਨਿੱਕੀ-ਮੋਟੀ ਟੋਕ-ਟਕਾਈ ਨੂੰ ਉਹ ਨਿੱਜੀ ਜ਼ਿੰਦਗੀ ਵਿੱਚ ਦਖਲਸਮਝਦੀ ਹੈ।

ਸਦੀਆਂ ਤੋਂ ਹੀ ਜੇਠ ਤੇ ਸਹੁਰਾ ਜੋ ਵੱਡੇ ਥਾਂ ਹੁੰਦੇ ਹਨ, ਉਨ੍ਹਾਂ ਤੋਂ ਘੁੰਢ ਕੱਢਣ ਜਾਂ ਪੱਲਾ ਕਰਨ ਦਾ ਰਿਵਾਜ ਰਿਹਾ ਹੈ। ਵੱਡੇ ਹੋਣ ਦੇ ਕਾਰਨ ਉਨ੍ਹਾਂ ਵੱਲੋਂ ਸਮਝਾਉਣਾ ਵੀ ਹੱਕ ਸਮਝਿਆ ਜਾਂਦਾ ਹੈ ਪਰ ਨਵੀਂ ਵਿਆਹੀ ਵਹੁਟੀ ਜਾਂ ਸੰਯੁਕਤ ਪਰਿਵਾਰ ਵਿੱਚ ਰਹਿ ਰਹੀ ਔਰਤ ਨੂੰ ਇਹਬਿਲਕੁਲ ਵੀ ਪਸੰਦ ਨਹੀਂ। ਉਸ ਨੂੰ ਆਪਣੇ ਲਈ ਤਾਂ ਪਸੰਦ ਹੀ ਨਹੀਂ ਬਲਕਿ ਜੇਉਸ ਦੇ ਪਤੀ ਨੂੰ ਵੀ ਕੋਈ ਟੋਕਾ ਟਾਕੀ ਕਰਦਾ ਹੈ ਤਾਂ ਉਹ ਵੀ ਪਸੰਦ ਨਹੀਂ। ਉਸ ਨੂੰ ਆਪਣੇ ਪਤੀ 'ਤੇ ਉਦੋਂ ਗੁੱਸਾ ਆਉਂਦਾ ਹੈ, ਜਦੋਂ ਉਹ ਆਪਣੇ ਵੱਡੇ ਭਰਾ ਜਾਂ ਪਿਤਾ ਦੀ ਗੱਲ ਸਵੀਕਾਰ ਕਰ ਲੈਂਦਾ ਹੈ। ਜਦੋਂ ਉਹ ਆਪਣੀ ਮਾਂ ਜਾਂ ਭੈਣ ਦੀ ਗੱਲ ਸੁਣਦਾ ਹੈ ਤਾਂ ਉਹ ਉਸ ਨੂੰ ਲਾਈਲੱਗ ਕਹਿੰਦੀ ਹੈ। ਇਸ ਤਰ੍ਹਾਂ ਸੰਯੁਕਤ ਪਰਿਵਾਰਾਂ ਅਤੇ ਵੱਡੇ ਪਰਿਵਾਰਾਂ ਵਿੱਚ ਇਹ ਰਿਸ਼ਤੇ ਦੂਜੇ ਨੰਬਰ ਦੇ ਬਣ ਕੇ ਰਹਿ ਜਾਂਦੇ ਹਨ।

ਕਈ ਵਾਰ ਵੱਡੇ ਪਰਿਵਾਰਾਂ ਵਿੱਚ ਕੁਝ ਲੜਕੇ ਵੱਡੀ ਉਮਰ ਦੇ ਹੋਣ ਕਰਕੇ ਅਣਵਿਆਹੇ ਰਹਿ ਜਾਂਦੇ ਹਨ, ਉਨ੍ਹਾਂ ਦਾ ਘਰ ਵਿੱਚ ਮਾਂ-ਪਿਓ ਤੇ ਭੈਣ-ਭਰਾਵਾਂ ਵੱਲੋਂ ਤਾਂ ਆਦਰ ਕੀਤਾ ਜਾਂਦਾ ਹੈ ਪਰ ਭਰਜਾਈ ਵੱਲੋਂ ਉਸ ਨੂੰ ਮਾਣ ਸਤਿਕਾਰ ਨਹੀਂ ਦਿੱਤਾ ਜਾਂਦਾ। ਉਸ ਦੇ ਖਾਣ-ਪੀਣ 'ਤੇ ਵੀ ਨੁਕਤਾਚੀਨੀ ਹੁੰਦੀ ਹੈ। ਕਈ ਵਾਰ ਕੋਈ ਚੁਭਵੀਂ ਗੱਲ ਕਹਿਣ 'ਤੇ ਘਰ ਵਿੱਚ ਲੜਾਈ ਹੋ ਜਾਂਦੀ ਅਤੇ ਕਲੇਸ਼ ਵਧ ਜਾਂਦਾ ਹੈ। ਜੇਠ ਹੋਣ ਕਰਕੇ ਜੇ ਭਰਜਾਈ ਉਸ ਨੂੰ ਕੋਈ ਅਹਿਮੀਅਤ ਨਹੀਂ ਦਿੰਦੀ ਤਾਂ ਜੇਠ ਕੰਮ ਕਿਉਂ ਕਰੇ ਤੇ ਆਪਣੀ ਜ਼ਮੀਨ ਜਾਇਦਾਦ ਦਾ ਹਿੱਸਾ ਉਨ੍ਹਾਂ ਨੂੰ ਕਿਉਂ ਦੇਵੇ। ਛੋਟਾ ਭਰਾ, ਵੱਡੇ ਭਰਾ ਦਾ ਅਦਬ ਰੱਖਦਾ ਹੈ, ਪ੍ਰੰਤੂ ਉਸ ਦੀ ਪਤਨੀ ਉਸ ਨੂੰ ਕੁਝ ਨਹੀਂ ਸਮਝਦੀ ਤੇ ਉਸ ਨੂੰ ਸਪੱਸ਼ਟ ਜਵਾਬ ਦਿੰਦੀ ਹੈ:

ਦਿਓਰ ਭਾਵੇਂ ਮੱਝ ਚੁੰਘ ਜਾਏ,
ਛੜੇ ਜੇਠ ਨੂੰ ਲੱਸੀ ਨਹੀਂ ਦੇਣੀ।

ਘੁੰਡ ਕੱਢਣਾ ਔਖਾ ਕੰਮ ਹੈ ਕਿਉਂਕਿ ਪੱਲੇ ਨੂੰ ਹੱਥ ਵਿੱਚ ਫੜਨਾ ਪੈਂਦਾ ਹੈ, ਜਿਸ ਕਰਕੇ ਔਰਤ ਆਪਣਾ ਕੰਮ ਆਜ਼ਾਦੀ ਨਾਲ ਨਹੀਂ ਕਰ ਸਕਦੀ। ਇਸ ਕਰਕੇ ਕੰਮ ਨਾਲ ਇੱਕ ਕੰਮ ਹੋਰ ਵਧ ਜਾਂਦਾ ਹੈ। ਅਜਿਹੀ ਗੱਲ ਤੋਂ ਅੱਕੀ ਹੋਈ ਔਰਤ



ਆਪਣੇ ਮਨ ਦੇ ਭਾਵਾਂ ਨੂੰ ਇੰਜ ਬਿਆਨ ਕਰਦੀ ਹੈ:

ਕੋਰੀ ਕੋਰੀ ਕੂੰਡੀ ਵਿੱਚ ਮਿਰਚਾਂ ਮੈਂ ਰਗੜਾਂ,
ਜੇਠ ਦੀਆਂ ਅੱਖਾਂ ਵਿੱਚ ਪਾ ਦਿੰਨੀ ਆਂ,
ਘੁੰਡ ਕੱਢਣੇ ਦੀ ਅਲਖ ਮੁਕਾ ਦਿੰਨੀ ਆ।

ਜ਼ਮੀਨ ਜਾਇਦਾਦ ਦੇ ਮਾਲਕ ਹੋਣ ਕਰਕੇ ਉਹ ਆਦਮੀ ਦਿਖਾਵਾ ਕਰਦੇ ਹਨ ਕਿ ਉਸ ਦੀ ਜ਼ਮੀਨ ਜਾਇਦਾਦ ਤੋਂ ਹੁੰਦੀ ਆਮਦਨ ਦੀ ਵਰਤੋਂ ਉਸ ਦਾ ਭਰਾ ਕਰਦਾ ਹੈ। ਇਸ ਲਈ ਉਸ ਦੀ ਗੱਲ ਮੰਨਣਾ ਉਨ੍ਹਾਂ ਦਾ ਫਰਜ਼ ਹੈ। ਇਸ ਮੌਕੇ ਭਰਾ ਆਪਣੇ ਵੱਡੇ ਭਰਾ ਦੀ ਤਾੜ ਝੱਲ ਜਾਂਦਾ ਹੈ, ਪਰ ਭਰਜਾਈ ਉਸ ਦੀ ਗੱਲ ਮੰਨਣ ਤੇ ਰੋਹਬ ਸਹਿਣਾ ਸਵੀਕਾਰ ਨਹੀਂ ਕਰਦੀ ਅਤੇ ਆਪਣੇ ਪਤੀ ਨੂੰ ਸਪੱਸ਼ਟ ਜਵਾਬ ਦਿੰਦੀ ਹੈ:

ਵੀਰ ਹੋਊਗਾ ਤੇਰਾ,
ਉਹ ਕੀ ਲੱਗਦਾ ਏ ਮੇਰਾ,
ਮੇਰੀ ਜਾਣ ਦੀ ਜੁੱਤੀ।

ਇਸ ਦਾ ਮਤਲਬ ਇਹ ਹੈ ਕਿ ਉਹ ਉਸ ਦਾ ਰੋਹਬ ਨਹੀਂ ਝੱਲਦੀ, ਬਲਕਿ ਠੋਕਵਾਂ ਜਵਾਬ ਦੇਣ ਜਾਣਦੀ ਹੈ। ਕਈ ਔਰਤਾਂ ਇਕੱਠ ਵਿੱਚ ਰਹਿ ਕੇ ਘਰ ਦੇ ਕੰਮ ਕਰਦੀਆਂ ਹਨ ਤੇ ਜੇਠਾਂ ਦਾ ਆਦਰ ਵੀ ਕਰਦੀਆਂ ਹਨ। ਉਨ੍ਹਾਂ ਦੀਆਂ ਗੱਲਾਂ ਸਹਿਣ ਕਰ ਜਾਂਦੀਆਂ ਹਨ ਅਤੇ ਕਦੇ ਹੱਸਦੀਆਂ ਹੱਸਦੀਆਂ ਕੁਝ ਕਹਿ ਵੀ ਜਾਂਦੀਆਂ ਹਨ ਪ੍ਰੰਤੂ ਜੇ ਕੋਈ ਜ਼ਿਆਦਤੀ 'ਤੇ ਉਤਰ ਆਵੇ ਤਾਂ ਉਸ ਦਾ ਉੱਤਰ ਗੁੱਸੇ ਵਿੱਚ ਇਸ ਤਰ੍ਹਾਂ ਦਿੰਦੀਆਂ ਹਨ:

ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ,
ਮੈਨੂੰ ਕਹਿੰਦਾ ਫੋਟ।
ਜੇਠ ਨੂੰ ਅੱਗ ਲੱਗ ਜੇ
ਸਣੇ ਪਜਾਮੇ ਕੋਟ।

ਕੁਝ ਔਰਤਾਂ ਜੇਠ ਨੂੰ ਵੱਡਾ ਸਮਝ ਕੇ ਪਿਓ ਵਰਗਾ ਦਰਜਾ ਦਿੰਦੀਆਂ ਹਨ। ਕੋਈ ਸਮਾਂ ਅਜਿਹਾ ਹੁੰਦਾ ਸੀ, ਜਦੋਂ ਵੱਡੇ ਤੇ ਛੋਟੇ ਭਰਾ ਦਾ ਉਮਰ ਦਾ ਫ਼ਰਕ ਪਿਓ-ਪੁੱਤ ਵਾਲਾ ਹੁੰਦਾ ਸੀ। ਛੋਟੇ ਤੇ ਵੱਡੇ ਭਰਾ ਦਾ 17, 18 ਸਾਲ ਦਾ ਬਹੁਤ ਵੱਡਾ ਫ਼ਰਕ ਹੁੰਦਾ ਹੈ। ਮਨੁੱਖੀ ਸੁਭਾਅ ਅਨੁਸਾਰ ਰਿਸ਼ਤਿਆਂ ਦੀ ਹੋਂਦ ਕਾਇਮ ਰਹਿੰਦੀ ਹੈ ਭਾਵੇਂ ਕੋਈ ਵੱਡਾ ਹੋਵੇ ਭਾਵੇਂ ਛੋਟਾ। ਜੇ ਵੱਡੀ ਉਮਰ ਵਾਲਾ ਜੇਠ ਛੋਟੀ ਭਰਜਾਈ ਨੂੰ ਕਿਤੇ ਮਖੌਲ ਕਰ ਵੀ ਦੇਵੇ ਤਾਂ ਉਸ ਨੂੰ ਚੰਗਾ ਨਹੀਂ ਲੱਗਦਾ। ਉਹ ਤੱਟ ਫੱਟ ਜਵਾਬ ਦਿੰਦੀ ਹੈ ਤੇ ਉਸ ਨੂੰ ਉਸ ਦੇ ਵੱਡੇ ਹੋਣ ਦਾ ਅਹਿਸਾਸ ਕਰਵਾ ਦਿੰਦੀ ਹੈ:

ਮਸ਼ਕਰੀਆ ਨਾ ਕਰ ਵੇ,
ਪਿਓ ਵਰਗਿਆ ਜੇਠਾ।

ਲੁਕੀ ਹੋਈ ਜਾਂ ਛੁਪੀ ਹੋਈ ਚੀਜ਼ ਨੂੰ ਦੇਖਣ ਲਈ ਹਰ ਮਨੁੱਖ ਦੇ ਅੰਦਰ ਲਾਲਸਾ ਹੁੰਦੀ ਹੈ। ਜੀਵਨ ਵਿੱਚ ਅਨੇਕਾਂ ਲੱਭਤਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਮਨੁੱਖ ਜ਼ਰੂਰ ਦੇਖਦਾ ਹੈ। ਪ੍ਰਕਿਰਤੀ ਦੀਆਂ ਚੀਜ਼ਾਂ ਜਿਵੇਂ ਨਿੰਮ ਦੀਆਂ ਨਮੋਲੀਆਂ ਤੋਂ ਨਿਕਲੀ ਹਿੜਕ ਨੂੰ ਭੰਨ ਕੇ ਦੇਖਣਾ, ਅੰਬ ਦੀ ਗੁਠਲੀ ਨੂੰ ਭੰਨ ਕੇ ਦੇਖਣਾ, ਰੀਠਿਆਂ ਨੂੰ ਭੰਨ ਕੇ ਦੇਖਣਾ ਅਤੇ ਹੋਰ ਅਨੇਕਾਂ ਚੀਜ਼ਾਂ ਨੂੰ ਭੰਨ ਕੇ ਦੇਖਣਾ ਮਨੁੱਖੀ ਮਨ ਦਾ ਸੁਭਾਅ ਹੈ। ਅਜਿਹੀਆਂ ਰੀਝਾਂ ਬਚਪਨ ਤੋਂ ਹੀ ਹੁੰਦੀਆਂ ਹਨ। ਇਸ ਤਰ੍ਹਾਂ ਕੁਝ ਵਿਅਕਤੀਆਂ ਅੰਦਰ ਘੁੰਡ ਵਾਲੀ ਔਰਤ ਦਾ ਮੂੰਹ ਦੇਖਣ ਦੀ ਇੱਛਾ ਹੁੰਦੀ ਹੈ। ਘੁੰਡ ਦੇ ਅੰਦਰ ਮੂੰਹ ਭਾਵੇਂ ਚੰਦ ਵਰਗਾ ਹੋਵੇ ਜਾਂ ਪੁੱਠੇ ਤਵੇ ਵਰਗਾ, ਪਰ ਵਿਅਕਤੀ ਦੀ ਭੁੱਖ ਉਸ ਨੂੰ ਬਿਨਾਂ ਦੇਖੇ ਨਹੀਂ ਮਿਟਦੀ। ਕਿਹਾ ਜਾਂਦਾ ਹੈ ਕਿ ਜਾਂ ਬਹੁਤ ਸੋਹਣੀ ਘੁੰਡ ਕੱਢਦੀ ਹੈ ਜਾਂ ਕੋਈ ਕੱਜ, ਭਾਵ ਕਮੀ ਵਾਲੀ ਔਰਤ ਘੁੰਡ ਕੱਢਦੀ ਹੈ, ਪ੍ਰੰਤੂ ਅਜਿਹੀ ਗੱਲ ਨਹੀਂ ਹੈ।

ਵਿਆਹ ਵੇਲੇ ਵਹੁਟੀ ਦਾ ਮੂੰਹ ਆਜ਼ਾਦੀ ਨਾਲ ਉਹੀ ਦੇਖਦੇ ਹਨ, ਜੋ ਛੋਟੇ ਥਾਂ ਲੱਗਦੇ ਭਾਵ ਦਿਓਰ ਹੋਣ। ਔਰਤਾਂ ਨੇ ਤਾਂ ਮੂੰਹ ਦੇਖਣਾ ਹੀ ਹੁੰਦਾ ਹੈ, ਅੱਜ ਤੋਂ ਕੁਝ ਸਮਾਂ ਪਹਿਲਾਂ ਵਹੁਟੀ ਘੁੰਡ ਕੱਢ ਕੇ ਬੈਠਦੀ ਹੁੰਦੀ ਸੀ। ਜਦੋਂ ਔਰਤਾਂ ਨੇ ਉਸ ਨੂੰ ਦੇਖਣ ਜਾਣਾ ਤਾਂ ਉਸ ਦਾ ਘੁੰਡ ਚੁੱਕ ਕੇ ਹੀ ਮੂੰਹ ਦਿਖਾਇਆ ਜਾਂਦਾ ਸੀ। ਘੁੰਢ ਚੁੱਕਣ ਤੋਂ ਪਹਿਲਾਂ ਸੱਜ ਵਿਆਹੀ ਅੱਖਾਂ ਬੰਦ ਕਰ ਲੈਂਦੀ ਸੀ। ਔਰਤਾਂ ਸੱਜ ਵਿਆਹੀ ਵਹੁਟੀ ਨੂੰ ਦੇਖਦੀਆਂ ਵੀ ਸਨ ਤੇ ਸ਼ਗਨ ਵੀ ਦਿੰਦੀਆਂ ਸਨ ਜਿਸ ਵਿੱਚ ਪੈਸੇ ਤੇ ਕਈ ਵਾਰ ਮੇਵੇ ਹੁੰਦੇ ਸਨ। ਉਸ ਸਮੇਂ ਕਈ ਮਨਚਲੇ ਜੇਠ ਵੀ ਮੂੰਹ ਦੇਖਣ ਆ ਜਾਂਦੇ ਸਨ। ਉਸ ਸਥਿਤੀ ਵਿੱਚ ਸੱਜ ਵਿਆਹੀ ਕੋਲ ਬੈਠੀ ਔਰਤ ਉਸ ਨੂੰ ਘੁੰਡ ਨਾ ਚੁੱਕਣ ਲਈ ਸਿੱਧਾ ਕਹਿਣ ਦੀ ਬਜਾਏ ਉਸ ਦਾ ਹੱਥ ਦੱਬ ਕੇ ਸਮਝਾ ਦਿੰਦੀ ਸੀ ਕਿ ਘੁੰਡ ਨਹੀਂ ਚੁੱਕਣਾ। ਅਜਿਹੇ ਮੌਕੇ ਕਈ ਜੇਠ ਚੰਗੇ ਮੋਟੇ ਸ਼ਗਨ ਦਾ ਲਾਲਚ ਵੀ ਦਿੰਦੇ ਸਨ, ਜਿਸ ਦੇ ਸਿੱਟੇ ਵਜੋਂ ਅਜਿਹੇ ਗੀਤ ਹੋਂਦ ਵਿੱਚ ਆਏ:

ਨੀਂ ਘੁੰਡ ਚੱਕ ਦੇ ਭਾਬੀ,
ਪੰਜਾਂ ਦਾ ਫੜ ਲੈ ਨੋਟ।

ਜੇਠ ਦੀ ਅਜਿਹੀ ਹਰਕਤ 'ਤੇ ਅਗਲੀ ਨੂੰ ਰੰਜਿਸ਼ ਹੋਣੀ ਸੁਭਾਵਿਕ ਹੀ ਸੀ। ਉਸ ਸਮੇਂ ਉਸ ਦੇ ਮਨ ਦੀ ਸਥਿਤੀ ਵਿਰੋਧੀ ਭਾਵਾਂ ਨਾਲ ਓਤ-ਪ੍ਰੋਤ ਹੁੰਦੀ ਹੋਈ ਵੀ ਕੋਈ ਜਵਾਬ ਨਹੀਂ ਦੇ ਸਕਦੀ ਸੀ, ਪ੍ਰੰਤੂ ਉਸ ਦੇ ਭਾਵਾਂ ਨੂੰ ਅਜਿਹੇ ਗੀਤਾਂ ਰਾਹੀਂ ਵਿਅਕਤ ਕੀਤਾ ਜਾਂਦਾ ਹੈ:

ਵੇ ਕੀ ਲੋਹੜਾ ਆਇਆ,
ਘੁੰਡ ਚੁਕਾਉਂਦੇ ਜੇਠ।

ਕੁਝ ਚਾਲਾਕ ਗੱਭਰੂ ਜਨਾਨੇ ਭੇਸ ਵਿੱਚ ਆ ਕੇ ਖ਼ੁਦ ਘੁੰਡ ਕੱਢ ਕੇ ਸੱਜ ਵਿਆਹੀ ਦਾ ਮੂੰਹ ਦੇਖਣ ਆ ਜਾਂਦੇ ਸਨ। ਕਈ ਵਾਰ ਅਜਿਹੀ ਘਟਨਾ ਵਾਪਰ ਵੀ ਜਾਂਦੀ, ਪਰ ਆਮ ਤੌਰ 'ਤੇ ਵਹੁਟੀ ਕੋਲ ਬੈਠੀਆਂ ਚੁਸਤ ਔਰਤਾਂ ਅਗਲੇ ਦੀ ਇਹ ਯੋਜਨਾ ਫੇਲ੍ਹ ਕਰ ਦਿੰਦੀਆਂ ਸਨ।

ਵਿਆਹੇ ਹੋਏ ਜੇਠ ਨਾਲ ਵੀ ਈਰਖਾ ਘੱਟ ਨਹੀਂ ਹੁੰਦੀ। ਉਸ ਨੂੰ ਵੀ ਔਰਤਾਂ ਨਹੀਂ ਜਰਦੀਆਂ। ਕਈ ਵਾਰ ਜੇਠਾਣੀ ਨਾਲ ਵੀ ਟੱਕਰ ਹੋ ਜਾਂਦੀ ਹੈ। ਜੇ ਜੇਠ ਅਤੇ ਜੇਠਾਣੀ ਦੀ ਆਪਸੀ ਲੜਾਈ ਹੋਵੇ ਤਾਂ ਵੀ ਦਰਾਣੀ ਖ਼ੁਸ਼ੀ ਮਨਾਉਂਦੀ ਹੈ। ਜੇਠ ਦੇ ਵਡੱਪਣ ਦੀ ਵਰਤੋਂ ਕਰਕੇ ਜੇਠਾਣੀ ਦੀ ਸ਼ਿਕਾਇਤ ਵੀ ਦਰਾਣੀ ਕਰ ਦਿੰਦੀ ਹੈ। ਅਜਿਹੇ ਮੌਕੇ ਗੱਲ ਕੁੱਟਮਾਰ ਤੱਕ ਵੀ ਪਹੁੰਚ ਜਾਂਦੀ ਹੈ ਤਾਂ ਦਰਾਣੀ ਆਪਣੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੀ ਹੈ:

ਜੇਠਾਣੀ ਹੁਬਕੀਂ ਹੁਬਕੀਂ ਰੋਵੇ,
ਰਾਤੀਂ ਜੇਠ ਨੇ ਕੁੱਟੀ।

ਜੇਠਾਣੀ ਨਾਲ ਮੇਲ ਅਤੇ ਜੇਠ ਨਾਲ ਗੁੱਸੇ ਦਾ ਪ੍ਰਗਟਾਅ ਵੀ ਔਰਤਾਂ ਖੁੱਲ੍ਹ ਕੇ ਕਰਦੀਆਂ ਹਨ:

ਜੇਠਾਣੀ ਤਾਂ ਮੇਰੀ ਭੈਣਾਂ ਵਰਗੀ,
ਜੇਠ ਠੇਠਾਂ ਦਾ ਠੇਠ।
ਨੀਂ ਇੱਕ ਦਿਨ ਲੈਣਾ ਪਊ,
ਲੈਣਾ ਪਊ ਗੋਡਿਆਂ ਹੇਠ।

ਭਾਵੇਂ ਇਨ੍ਹਾਂ ਰਿਸ਼ਤਿਆਂ ਵਿੱਚ ਤਲਖੀ ਹੁੰਦੀ ਹੈ ਪਰ ਸਿਆਣਿਆਂ ਦੇ ਕਹਿਣ ਅਨੁਸਾਰ ਵੱਡੇ ਵਿਅਕਤੀ ਦਾ ਆਦਰ ਕਰਨਾ ਛੋਟਿਆਂ ਦਾ ਫਰਜ਼ ਹੈ ਅਤੇ ਵੱਡੇ ਦਾ ਅਧਿਕਾਰ ਹੈ ਕਿ ਛੋਟਿਆਂ ਨੂੰ ਉਹ ਆਪਣੇ ਤਜਰਬੇ ਅਨੁਸਾਰ ਗ਼ਲਤੀਆਂ ਕਰਨ ਤੋਂ ਵਰਜੇ। ਵਰਜਣਾ ਕੋਈ ਮਾੜੀ ਗੱਲ ਨਹੀਂ ਅਤੇ ਨਾ ਉਸ ਦੇ ਅੰਦਰ ਗ਼ਲਤ ਭਾਵਨਾ ਹੁੰਦੀ ਹੈ। ਵੱਡੇ ਵਿਅਕਤੀ ਇਸ ਦੌਰ ਵਿੱਚੋਂ ਲੰਘੇ ਹੁੰਦੇ ਹਨ ਅਤੇ ਉਹ ਤਜਰਬੇ ਅਨੁਸਾਰ ਹੀ ਦੂਜੇ ਨੂੰ ਉਸ ਦੇ ਭਲੇ ਲਈ ਵਰਜਦੇ ਹਨ।

# ਸ਼ਹੀਦ ਊਧਮ ਸਿੰਘ ਬਾਰੇ ਪ੍ਰਚੱਲਤ ਕੱਚ ਅਤੇ ਪ੍ਰਮਾਣਿਕ ਸੱਚ

ਸ਼ਹੀਦ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸ ਨੇ ਗ਼ੁਲਾਮੀ ਦੇ ਸੰਗਲ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। ਸ਼ਹੀਦ ਊਧਮ ਸਿੰਘ ਦੇ ਜੀਵਨ 'ਤੇ ਪੰਛੀ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਉਸ ਬਾਰੇ ਪ੍ਰਚਲਤ ਝੂਠੀਆਂ ਧਾਰਨਾਵਾਂ ਤੋਂ ਕੋਹਾਂ ਦੂਰ, ਅਸਲੀਅਤ ਵਿੱਚ ਪ੍ਰਮਾਣਿਕ ਦਸਤਾਵੇਜ਼ ਕੁਝ ਹੋਰ ਬਿਆਨ ਕਰਦੇ ਹਨ। ਇਸ ਲਿਖਤ ਦਾ ਮਨੋਰਥ ਅਜਿਹੇ ਕੱਚ ਅਤੇ ਸੱਚ ਦਾ ਨਿਖੇੜਾ ਕਰਨਾ ਹੈ। ਇਥੋਂ ਤੱਕ ਕਿ ਲੰਡਨ ਵਿੱਚ ਊਧਮ ਸਿੰਘ ਨੇ ਅਦਾਲਤ ਵਿੱਚ ਜੋ ਬਿਆਨ ਦਿੱਤੇ, ਉਹਨਾਂ ਵਿੱਚ ਵੀ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਹੁੰਦੇ ਹਨ। ਹੋ ਸਕਦਾ ਹੈ ਕਿ ਕੇਸ ਮੁਤਾਬਕ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰਨ ਲਈ ਊਧਮ ਸਿੰਘ ਨੇ ਅਦਾਲਤੀ ਬਿਆਨ ਬਦਲੇ ਹੋਣ। ਇਸ ਲੇਖ ਵਿੱਚ ਪ੍ਰਮਾਣਿਕ ਸੱਚ ਨੂੰ ਅੱਗੇ ਰੱਖਿਆ ਗਿਆ ਹੈ, ਫਿਰ ਵੀ ਕੋਈ ਦਾਅਵਾ ਨਹੀਂ ਕਿ ਇਹ ਅੰਤਿਮ ਸੱਚਾਈ ਹੈ, ਭਵਿੱਖ ਵਿੱਚ ਨਵੀਂ ਖੋਜ ਅਤੇ ਦਸਤਾਵੇਜ਼ਾਂ ਅਨਸਾਰ ਇਸ ਨੂੰ ਵੀ ਸੋਧਿਆ ਜਾ ਸਕਦਾ ਹੈ।

**ਜਨਮ, ਮਾਤਾ-ਪਿਤਾ ਤੇ ਬਚਪਨ ਬਾਰੇ ਪ੍ਰਮਾਣਿਕ ਸੱਚ :** 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਮਿਹਨਤਕਸ਼ ਪਰਿਵਾਰ 'ਚ, ਮਾਤਾ ਹਰਨਾਮ ਕੌਰ ਅਤੇ ਪਿਤਾ ਟਹਿਲ ਸਿੰਘ ਦੇ ਘਰ ਜਨਮੇ ਊਧਮ ਸਿੰਘ ਦਾ ਪਹਿਲਾਂ ਨਾਂ 'ਸ਼ੇਰ ਸਿੰਘ' ਅਤੇ ਪੰਜ ਸਾਲ ਵੱਡੇ ਭਰਾ ਦਾ ਨਾਂ ਸਾਧੂ ਸਿੰਘ ਸੀ। 'ਇਨਕਲਾਬੀ ਸ਼ਹੀਦ ਊਧਮ ਸਿੰਘ' ਦੇ ਲਿਖਾਰੀ ਡਾ ਗੁਰਚਰਨ ਸਿੰਘ ਜ਼ੀਰਾ, ਕਿਤਾਬ ਦੇ ਪੰਨਾ 15 'ਤੇ ਲਿਖਦੇ ਹਨ ਕਿ ਊਧਮ ਸਿੰਘ ਦੇ ਮਾਤਾ-ਪਿਤਾ ਗਰੀਬ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਸ ਦੇ ਪਿਤਾ ਦਾ ਨਾਂ ਚੂਹੜ ਰਾਮ ਅਤੇ ਮਾਤਾ ਦਾ ਨਾਂ ਨਰਾਇਣੀ ਸੀ। ਮਗਰੋਂ ਦੋਹਾਂ ਨੇ ਕਪਤਾਨ ਰਾਮ ਸਿੰਘ ਦੇ ਪ੍ਰਚਾਰ ਦੇ ਪ੍ਰਭਾਵ ਅਧੀਨ 'ਅੰਮ੍ਰਿਤਪਾਨ' ਕੀਤਾ। ਅੰਮ੍ਰਿਤ ਛੱਕ ਕੇ ਚੂਹੜ ਰਾਮ ਦਾ ਨਾਂ ਟਹਿਲ ਸਿੰਘ ਰੱਖਿਆ ਗਿਆ ਅਤੇ ਨਰਾਇਣੀ ਦਾ ਨਵਾਂ ਨਾਂ ਹਰਨਾਮ ਕੌਰ ਰੱਖ ਦਿੱਤਾ ਗਿਆ। ਇਸ ਗਰੀਬ ਪਰਿਵਾਰ ਦੇ ਚਿਰਾਗ ਊਧਮ ਸਿੰਘ ਨੂੰ ਬਚਪਨ ਤੋਂ ਸਿੱਖੀ ਰਵਾਇਤਾਂ ਦੀ ਗੁੜ੍ਹਤੀ ਪ੍ਰਾਪਤ ਹੋਈ, ਜਿਸ ਕਰਕੇ ਉਸ ਨੇ ਅਣਖ ਦਾ ਪ੍ਰਮਾਣ ਦੇ ਕੇ ਇਤਿਹਾਸ 'ਤੇ ਅਮਿੱਟ ਛਾਪ ਛੱਡੀ। ਕਈ ਲੇਖਕਾਂ ਨੇ ਮਾਈਕਲ ਓਡਵਾਇਰ ਕਤਲ ਮੁਕਦਮੇ ਦੌਰਾਨ ਊਧਮ ਸਿੰਘ ਵੱਲੋਂ ਲਿਖਵਾਈ ਜਨਮ ਤਾਰੀਖ਼ ਮਾਰਚ 1903 ਜਾਂ ਫਿਰ 'ਨੈਸ਼ਨਲ ਰਜਿਸਟਰੇਸ਼ਨ ਕਾਰਡ' ਲੈਣ ਸਮੇਂ ਲੰਡਨ ਵਿੱਚ ਲਿਖਵਾਈ ਤਾਰੀਖ਼ 23 ਅਕਤੂਬਰ 1905 ਨੂੰ ਬਿਆਨ ਕੀਤਾ ਹੈ, ਜੋ ਕਿ ਸਹੀ ਨਹੀਂ। ਇਸੇ ਤਰ੍ਹਾਂ ਊਧਮ ਸਿੰਘ ਨੇ ਕੁਝ ਦਸਤਾਵੇਜ਼ਾਂ 'ਚ ਖ਼ੁਦ ਨੂੰ ਰਾਮਗੜੀਆ ਲਿਖਿਆ, ਇਸ ਗੱਲ ਨੂੰ ਕਈ ਲੇਖਕਾਂ ਨੇ ਵੀ ਆਧਾਰ ਬਣਾ ਲਿਆ, ਜਦ ਕਿ ਅਸਲੀਅਤ ਵਿੱਚ ਉਹ ਕੰਬੋਜ ਬਰਾਦਰੀ ਨਾਲ ਸੰਬੰਧਤ ਸਨ।

**ਸੈਂਟਰਲ ਸਿੱਖ ਯਤੀਮਖਾਨੇ ਵਿੱਚ ਸ਼ੇਰ ਸਿੰਘ ਤੋਂ ਉਦੇ ਸਿੰਘ ਦਾ ਸਫ਼ਰ :**

ਊਧਮ ਸਿੰਘ ਦਾ ਜੀਵਨ ਆਰੰਭ ਤੋਂ ਹੀ ਸੰਘਰਸ਼ਮਈ ਰਿਹਾ। ਬਚਪਨ ਵਿੱਚ ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਊਧਮ ਸਿੰਘ ਤੇ ਉਹਨਾਂ ਦਾ ਭਰਾ ਸਾਧੂ ਸਿੰਘ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ ਤੇ ਸੇਵਾ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ। ਲੇਖਕ ਪ੍ਰੋਫੈਸਰ ਸੂਬਾ ਸਿੰਘ ਕੰਬੋਜ 'ਇਨਕਲਾਬੀ ਯੋਧਾ ਊਧਮ ਸਿੰਘ' ਕਿਤਾਬ ਵਿੱਚ ਪੰਨਾ 12 ਉੱਪਰ ਲਿਖਦੇ ਹਨ ਕਿ ਸੈਂਟਰਲ ਸਿੱਖ ਯਤੀਮਖਾਨੇ ਵਿੱਚ ਰਹਿੰਦਿਆਂ ਉਹ ਬਿਨਾ-ਨਾਗਾ ਦਰਬਾਰ ਸਾਹਿਬ ਜਾਂਦੇ, ਨਿਤਨੇਮ ਦੀ ਬਾਣੀ ਪੜ੍ਹਦੇ। ਇਸੇ ਲਗਨ ਸਦਕਾ ਦੋਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚਲਦਿਆਂ ਅੰਮ੍ਰਿਤ ਛਕਿਆ। ਸ਼ੇਰ ਸਿੰਘ ਦਾ ਨਾਂ ਅੰਮ੍ਰਿਤ ਛਕਣ ਮਗਰੋਂ ਉਦੈ ਸਿੰਘ ਰੱਖਿਆ ਗਿਆ ਅਤੇ ਸਾਧੂ ਸਿੰਘ ਦਾ ਸਿੰਘ ਸਜਣ ਉਪਰੰਤ, ਨਵਾਂ ਨਾਂ ਮੁਕਤਾ ਸਿੰਘ ਰੱਖਿਆ ਗਿਆ। ਇਸ ਦੀ ਪ੍ਰੋੜਤਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ ਡਾ. ਨਵਤੇਜ ਸਿੰਘ ਦੀ ਕਿਤਾਬ ਵਿੱਚ ਵੀ ਕੀਤੀ ਗਈ ਹੈ। ਸੈਂਟਰਲ ਸਿੱਖ ਯਤੀਮਖਾਨੇ ਦੇ ਪ੍ਰਬੰਧਕਾਂ ਨੇ ਦੋਹਾਂ ਭਰਾਵਾਂ ਨੂੰ ਖਾਲਸਾ ਸਕੂਲ ਵਿੱਚ ਦਾਖ਼ਲ ਕਰਾਇਆ। ਇਸ ਦੌਰਾਨ ਉਦੈ ਸਿੰਘ ਦੇ ਭਰਾ ਮੁਕਤਾ ਸਿੰਘ ਸਾਧੂ ਸਿੰਘ ਦਾ ਨਮੂਨੀਏ ਨਾਲ ਬਿਮਾਰ ਹੋ ਕੇ, ਦੇਹਾਂਤ ਹੋ ਗਿਆ। ਦਸਵੀਂ ਪਾਸ ਕਰਨ ਉਪਰੰਤ, ਊਧਮ ਸਿੰਘ ਨੇ 1917 ਵਿੱਚ ਸੈਂਟਰਲ ਸਿੱਖ ਯਤੀਮਖਾਨਾ ਛੱਡ ਦਿੱਤਾ।

**ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਸਮੇਂ ਊਧਮ ਸਿੰਘ ਦੀ ਮੌਜੂਦਗੀ ਦਾ ਸੱਚ :**

ਜਦੋਂ 13 ਅਪ੍ਰੈਲ 1919 ਨੂੰ ਵਿਸਾਖੀ ਮੌਕੇ ਜਲ੍ਹਿਆਂਵਾਲਾ ਬਾਗ ਦਾ ਸ਼ਹੀਦੀ ਸਾਕਾ ਵਾਪਰਿਆ, ਸ਼ਹੀਦ ਊਧਮ ਸਿੰਘ ਉਥੇ ਨਹੀਂ ਸੀ। ਜ਼ਿਆਦਾਤਰ ਇਤਿਹਾਸਕਾਰ ਨਾਟਕੀ ਢੰਗ ਨਾਲ ਊਧਮ ਸਿੰਘ ਨੂੰ ਉਥੇ ਦਿਖਾ ਕੇ, ਓਡਵਾਇਰ ਤੋਂ 'ਬਦਲਾ ਲੈਣ ਦੇ ਪ੍ਰਣ ਲੈਣ' ਦੀ ਗੱਲ ਲਿਖ ਕੇ, ਆਪਣੇ ਮੁਤਾਬਕ ਅਰਥ ਕਰਦੇ ਹਨ, ਜਦ ਕਿ 1918 ਵਿੱਚ ਊਧਮ ਸਿੰਘ ਪੂਰਬੀ ਅਫ਼ਰੀਕਾ ਦੇ ਸ਼ਹਿਰ ਮੁਮਬਾਸਾ ਜਾ ਚੁੱਕੇ ਸਨ ਅਤੇ 1919 ਦੇ ਜੂਨ ਮਹੀਨੇ ਵਾਪਸ ਪਰਤੇ। ਮਗਰੋਂ ਫੇਰ ਉਹ ਅਫ਼ਰੀਕਾ ਚਲੇ ਗਏ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ। ਓਡਵਾਇਰ ਕਤਲ ਮੁਕਦਮੇ ਦੌਰਾਨ ਊਧਮ ਸਿੰਘ ਦੇ ਇਹ ਬਿਆਨ ਕਿ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਸਮੇਂ 'ਉਸ ਦਾ ਭਰਾ ਅਤੇ ਭੈਣ ਮਾਰੇ ਗਏ', ਨੂੰ ਸਹੀ ਮੰਨ ਕੇ ਕਈ ਲੇਖਕਾਂ ਨੇ ਅਜਿਹਾ ਹੀ ਪ੍ਰਚਾਰ ਕਿਤਾਬਾਂ ਵਿੱਚ ਕੀਤਾ, ਜਦ ਕਿ ਇਹ ਸੱਚ ਨਹੀਂ। 'ਸ਼ਹੀਦ ਊਧਮ ਸਿੰਘ ਦੀ ਜੀਵਨੀ' ਦੇ ਲਿਖਾਰੀ ਅਤੇ ਖੋਜੀ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਦਾ ਇਹ ਕਥਨ ਵਾਜਬ ਹੈ ਕਿ ਲੰਡਨ ਪੁਲਿਸ ਵੱਲੋਂ ਕੀਤੀ ਪੁੱਛ-ਪੜਤਾਲ ਦੇ ਉੱਤਰ ਵਿੱਚ ਕੀਤੇ ਪ੍ਰਗਟਾਵਿਆਂ ਨੂੰ ਸ਼ਬਦ-ਦਰ-ਸ਼ਬਦ ਮੰਨ ਲੈਣ ਨੇ ਵੀ ਬਹੁਤ ਸਾਰੀਆਂ ਭ੍ਰਾਂਤੀਆਂ ਨੂੰ ਜਨਮ ਦਿੱਤਾ ਅਤੇ ਕਈ ਜੀਵਨੀ ਲੇਖਕ ਭੁੱਲ ਗਏ ਕਿ ਮੁਕਦਮੇ ਦਾ ਸਾਹਮਣਾ ਕਰ ਰਿਹਾ ਵਿਅਕਤੀ, ਮੁਕਦਮੇ ਦੀ ਸਥਿਤੀ ਨੂੰ ਆਪਣੇ ਪੱਖ ਵਿੱਚ ਮੋੜਾ ਦੇਣ ਵਾਸਤੇ, ਬਿਆਨਾਂ ਵਿੱਚ ਕਈ ਗੱਲਾਂ ਲੁਕੋ ਜਾਂਦਾ ਹੈ ਅਤੇ ਬਹੁਤ ਕੁਝ ਹੋਰ ਮਨਘੜਤ ਬਿਆਨ ਕਰ ਦਿੰਦਾ ਹੈ।

ਊਧਮ ਸਿੰਘ ਦੇ ਵੱਖ-ਵੱਖ ਪਾਸਪੋਰਟਾਂ 'ਤੇ ਵੱਖ-ਵੱਖ ਨਾਵਾਂ ਦੀ ਸੱਚਾਈ :

ਊਧਮ ਸਿੰਘ ਘੁਮੱਕੜ ਸੁਭਾਅ ਦੇ ਮਾਲਕ ਸਨ। ਉਹਨਾਂ ਦੇ ਵੱਖ-ਵੱਖ ਨਾਂ ਚਰਚਾ ਵਿੱਚ ਆਉਂਦੇ ਹਨ, ਜਿਵੇਂ ਕਿ ਊਧਮ ਸਿੰਘ, ਸ਼ੇਰ ਸਿੰਘ, ਉਦੈ ਸਿੰਘ, ਫਰੈਂਕ ਬ੍ਰਾਜ਼ੀਲ, ਬਾਵਾ, ਉਡਾਨ ਸਿੰਘ, ਯੂਐਸ ਸਿੱਧੂ, ਮੋਹਣ ਸਿੰਘ, ਯੂਐਸ ਆਜ਼ਾਦ, ਮੁਹੰਮਦ ਸਿੰਘ ਆਜ਼ਾਦ, ਐਮ ਸਿੰਘ ਆਦਿ। ਇਸੇ ਤਰੀਕੇ ਨਾਲ ਵੱਖ-ਵੱਖ ਨਾਵਾਂ ਦੇ ਪਾਸਪੋਰਟ ਬਣਾ ਕੇ ਉਹ ਅਮਰੀਕਾ, ਇੰਗਲੈਂਡ, ਹੋਲੈਂਡ, ਯੂਕਰੇਨ, ਸੋਵੀਅਤ ਯੂਨੀਅਨ, ਆਸਟਰੀਆ, ਬ੍ਰਿਟਿਸ਼ ਅਫਰੀਕਾ, ਮੈਕਸੀਕੋ, ਸਵਿਟਜ਼ਰਲੈਂਡ, ਪੋਲੈਂਡ, ਹੰਗਰੀ, ਜਰਮਨੀ, ਬੈਲਜੀਅਮ, ਫ਼ਰਾਂਸ, ਇਟਲੀ, ਇਸਟੋਨੀਆ, ਮੈਸੋਪਟਾਮੀਆ, ਲੈਟਵੀਆ ਮਿਡਲ ਈਸਟ ਆਦਿ ਦੇਸ਼ਾਂ ਵਿੱਚ ਗਏ। ਪ੍ਰਮਾਣਿਕ ਦਸਤਾਵੇਜ਼ਾਂ ਅਨੁਸਾਰ ਪੂਰਬੀ ਅਫਰੀਕਾ ਤੋਂ ਭਾਰਤ ਆ ਕੇ, ਊਧਮ ਸਿੰਘ ਨਵਾਂ ਪਾਸਪੋਰਟ ਬਣਾ ਕੇ 1922 'ਚ ਲੰਡਨ, ਫਿਰ ਮੈਕਸਿਕੋ ਗਏ। ਮੌਜੀ ਬਿਰਤੀ ਦੇ ਮਾਲਕ ਊਧਮ ਸਿੰਘ ਨੇ ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਫ਼ਿਲਮਾਂ ';ਸਾਬੂ ਦਾ ਐਲੀਫੈਂਟ ਬੁਆਏ, ਦਾ ਡਰੱਮ, ਦਾ ਫੋਰ ਫਾਦਰਜ਼, ਦਾ ਥੀਫ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ।

**ਊਧਮ ਸਿੰਘ ਦੇ ਗ਼ਦਰ ਲਹਿਰ ਨਾਲ ਜੁੜੇ ਹੋਣ ਦਾ ਸੱਚ :**

ਊਧਮ ਸਿੰਘ 1923-24 ਦੌਰਾਨ ਅਮਰੀਕਾ ਰਹੇ। 2 ਸਾਲ ਕੈਲੀਫੋਰਨੀਆ ਰਹਿੰਦਿਆਂ ਮਿਹਨਤਕਸ਼ ਵਜੋਂ ਕੰਮ-ਕਾਰ ਕੀਤਾ ਅਤੇ ਗ਼ਦਰੀਆਂ ਦੇ ਸੰਪਰਕ ਵਿੱਚ ਰਹੇ। ਅੱਗੇ ਜਾ ਕੇ ਊਧਮ ਸਿੰਘ ਦੀ ਗ੍ਰਿਫਤਾਰੀ ਸਮੇਂ ਉਹਨਾਂ ਕੋਲੋਂ ਫੜਿਆ ਗਿਆ 'ਗ਼ਦਰ ਲਿਟਰੇਚਰ' ਵੀ ਉਹਨਾਂ ਦੀ ਪੰਜ ਸਾਲ ਕੈਦ ਦਾ ਕਾਰਨ ਬਣਿਆ ਸੀ। ਕੈਲੀਫੋਰਨੀਆ 'ਚ ਉਹ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਅਤੇ ਸਰਗਰਮੀਆਂ 'ਚ ਹਿੱਸਾ ਲੈਣ ਲੱਗੇ। ਇੱਥੇ ਹੀ ਗੁਰਦੁਆਰਾ ਖਾਲਸਾ ਦੀਵਾਨ ਸਟਾਕਟਨ, ਕੈਲੀਫੋਰਨੀਆ ਵਿਖੇ ਊਧਮ ਸਿੰਘ ਦਾ ਆਉਣ-ਜਾਣ ਰਿਹਾ। ਜ਼ਿਕਰਯੋਗ ਹੈ ਕਿ ਮਗਰੋਂ ਊਧਮ ਸਿੰਘ ਦੇ ਮੁਕਦਮੇ ਦੌਰਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਵੱਲੋਂ ਕਾਨੂੰਨੀ ਮਦਦ ਲਈ ਮਾਇਆ ਭੇਜੀ ਸੀ।

**ਊਧਮ ਸਿੰਘ ਦੇ ਬਬਰ ਅਕਾਲੀ ਲਹਿਰ ਨਾਲ ਜੁੜੇ ਹੋਣ ਦਾ ਸੱਚ :**

ਕਈ ਇਤਿਹਾਸਕਾਰ ਲਿਖਦੇ ਹਨ ਕਿ ਵਿਦੇਸ਼ ਤੋਂ ਪੰਜਾਬ ਵਾਪਸੀ ਮਗਰੋਂ ਉਹਨਾਂ ਦੀ ਮਿਲਣੀ ਬਬਰ ਅਕਾਲੀ ਆਗੂਆਂ ਨਾਲ ਹੋਈ। ਪੰਜਾਬ ਆ ਕੇ ਊਧਮ ਸਿੰਘ ਫਿਰ ਸਰਗਰਮ ਹੋਏ ਅਤੇ ਇਸ ਦੌਰਾਨ ਅੰਮ੍ਰਿਤਸਰ ਇੱਕ ਦੁਕਾਨ ਵੀ ਚਲਾਈ, ਜੋ ਸਮੇਂ-ਸਮੇਂ ਇਨਕਲਾਬੀਆਂ ਦਾ ਤਾਲ-ਮੇਲ ਕੇਂਦਰ ਬਣੀ ਰਹੀ। ਇਤਿਹਾਸਕਾਰ ਗਿਆਨੀ ਨਾਹਰ ਸਿੰਘ ਦੀ ਰਚਿਤ 'ਆਜ਼ਾਦੀ ਦੀਆਂ ਲਹਿਰਾਂ' ਕਿਤਾਬ ਵਿੱਚ ਲਿਖਿਆ ਹੈ ਕਿ ਬਬਰ ਅਕਾਲੀ ਲਹਿਰ ਦੀ ਇੱਕ ਸਾਖ ਮਾਲਵੇ ਵਿੱਚ ਬਣ ਚੁੱਕੀ ਸੀ, ਜਿਨਾਂ ਵਿੱਚ 15-16 ਮੈਂਬਰਾਂ ਵਿੱਚੋਂ, ਚੌਧਰੀ ਸ਼ੇਰ ਜੰਗ ਅਤੇ ਊਧਮ ਸਿੰਘ ਵੀ ਸਨ। ਸੰਨ 1932 ਦੀਆਂ ਘਟਨਾਵਾਂ ਬਾਰੇ ਗਿਆਨੀ ਨਾਹਰ ਸਿੰਘ ਅੱਗੇ ਲਿਖਦੇ ਹਨ, "ਜਥੇ ਵਿੱਚੋਂ ਊਧਮ ਸਿੰਘ ਸੁਨਾਮ, ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਬਚਨ ਸਿੰਘ ਲੋਹਾ ਖੇੜਾ, ਕੁੰਡਾ ਸਿੰਘ ਗਾਜੀਆਣਾ, ਫਜ਼ਲ ਘੁੰਮਣ ਵਾਲਾ, ਸੰਤ ਸਿੰਘ ਬੜੀ ਟਿੱਬਾ, ਘੁੰਮਣ ਸਿੰਘ ਮਿਸਤਰੀ ਅਤੇ ਸਉਣ ਸਿੰਘ ਟਿੱਬਾ ਨੇ ਰਲ ਕੇ ਸਲਾਹ ਕੀਤੀ ਕਿ 'ਗੁਰੂ ਕੇ ਬਾਗ' ਵਿੱਚ ਅਕਾਲੀ ਸਿੰਘਾਂ ਉੱਪਰ ਬੇਦਰਦ ਲਾਠੀ ਚਾਰਜ ਕਰਵਾਉਣ ਅਤੇ ਗੁਰੂ ਸਾਹਿਬਾਨਾਂ ਦੀ ਸ਼ਾਨ ਵਿਰੁੱਧ ਕੁ-ਬਚਨ ਬੋਲਣ ਵਾਲੇ ਨੀਚ ਬੀਟੀ ਸੁਪਰਡੈਂਟ ਪੁਲਿਸ ਨੂੰ ਪਾਰ ਬੁਲਾਉਣਾ ਚਾਹੀਦਾ ਹੈ। ਇਸ ਕਾਰਜ ਨੂੰ ਸਿਰੇ ਚੜਾਉਣ ਲਈ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ ਅਤੇ ਫਜ਼ਲ ਘੁੰਮਣ ਵਾਲੇ ਦੀ ਡਿਊਟੀ ਲਾਈ ਗਈ। ਮਗਰੋਂ ਜਥੇ ਦਾ ਮੈਂਬਰ ਊਧਮ ਸਿੰਘ ਸੁਨਾਮ ਆਪ ਵਲੈਤ ਨੂੰ ਕਿਸੇ ਗੁਝੇ ਮਕਸਦ ਲਈ ਰਵਾਨਾ ਹੋ ਗਿਆ।

ਇਤਿਹਾਸਕਾਰ ਪ੍ਰਿੰਸੀਪਲ ਨਿਹਾਲ ਸਿੰਘ ਰਸ 'ਬੱਬਰ ਅਕਾਲੀ' ਕਿਤਾਬ ਦੇ ਪੰਨਾ 146-48 ਵਿੱਚ 'ਗੁਰੂ ਕੇ ਬਾਗ ਦੇ ਮੋਰਚੇ' ਅਤੇ 'ਜਲ੍ਹਿਆਂਵਾਲੇ ਬਾਗ' ਦੇ ਇਤਿਹਾਸ ਬਾਰੇ ਘਟਨਾਵਾਂ ਦਾ ਵੇਰਵਾ ਸਾਂਝਾ ਕਰਦਿਆਂ ਲਿਖਦੇ ਹਨ ਕਿ ਮਾਲਵੇ ਦੇ ਬਬਰ ਅਕਾਲੀਆਂ' ਵਿੱਚ ਭਾਈ ਊਧਮ ਸਿੰਘ ਸ਼ਾਮਿਲ ਸਨ। ਬਬਰ ਅਕਾਲੀ ਸੁੰਦਰ ਸਿੰਘ ਬਬਰ ਆਪਣੀ ਕਿਤਾਬ 'ਬੱਬਰ ਅਕਾਲੀ ਲਹਿਰ' ਦੇ ਪੰਨਾ 310-11 'ਤੇ ਲਿਖਦੇ ਹਨ ਕਿ ਗੁਰੂ ਕੇ ਬਾਗ ਮੋਰਚੇ ਦੌਰਾਨ ਜ਼ੁਲਮ ਕਰਨ ਵਾਲੇ ਪੁਲਿਸ ਸੁਪਰਡੈਂਟ ਬੀਟੀ ਦੇ ਕਤਲ ਵਿੱਚ ਜਿੱਥੇ ਬਬਰਾਂ ਨੇ ਅਹਿਮ ਭੂਮਿਕਾ ਨਿਭਾਈ, ਉਥੇ ਮਾਲਵੇ ਦੇ ਬਬਰਾਂ 'ਚੋਂ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਜਾ ਕੇ ਓਡਵਾਇਰ ਨੂੰ ਸੋਧਿਆ।

**ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਮੁਲਾਕਾਤਾਂ ਬਾਰੇ ਅਸਲੀਅਤ :**

30 ਅਗਸਤ 1927 ਨੂੰ ਊਧਮ ਸਿੰਘ ਅੰਗਰੇਜ਼ੀ ਭੇਸ ਵਿੱਚ ਅਸਲੇ ਸਮੇਤ ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਫੜਿਆ ਗਿਆ ਅਤੇ 1928 'ਚ ਊਧਮ ਸਿੰਘ ਨੂੰ 5 ਸਾਲ ਕੈਦ ਹੋਈ। 23 ਅਕਤੂਬਰ 1931 ਨੂੰ ਊਧਮ ਸਿੰਘ ਜੇਲ੍ਹ 'ਚੋਂ ਰਿਹਾਅ ਹੋਇਆ। ਕਈ ਲਿਖਾਰੀਆਂ ਨੇ ਊਧਮ ਸਿੰਘ ਤੇ ਭਗਤ ਸਿੰਘ ਦੀਆਂ ਮੁਲਾਕਾਤਾਂ ਦੇ ਵੇਰਵੇ ਦਿੱਤੇ ਹਨ। ਕਈਆਂ ਨੇ ਤਾਂ ਭਗਤ ਸਿੰਘ ਨੂੰ ਊਧਮ ਸਿੰਘ ਦਾ 'ਗੁਰੂ' ਕਹਿ ਕੇ ਵੀ ਸੰਬੋਧਨ ਕੀਤਾ ਤੇ ਮਾਨਾਂਵਾਲਾ ਥਾਂ 'ਤੇ ਭਗਤ ਸਿੰਘ ਅਤੇ ਊਧਮ ਸਿੰਘ ਵੱਲੋਂ ਰੇਲਵੇ ਲਾਈਨ 'ਤੇ 'ਕਰੰਸੀ ਅਤੇ ਪਿਸਤੌਲ ਬਰਾਮਦ ਕਰਨ ਦੀ ਕਹਾਣੀ' ਵੀ ਘੜ ਦਿੱਤੀ, ਜਦ ਕਿ ਅਸਲੀਅਤ ਵਿੱਚ ਇਹ ਮੁਲਾਕਾਤਾਂ ਕੋਰੀਆਂ ਕਲਪਨਾਵਾਂ ਹਨ। ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ 23 ਮਾਰਚ 1931 ਨੂੰ ਫਾਂਸੀ ਹੋ ਗਈ ਸੀ, ਜਦ ਕਿ ਊਧਮ ਸਿੰਘ 1927 ਤੋਂ ਅਕਤੂਬਰ 1931 ਤੱਕ ਜੇਲ੍ਹ ਵਿੱਚ ਸੀ। ਇਉ ਇਹਨਾਂ ਦੋਹਾਂ ਦੀ ਮੁਲਾਕਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। 20 ਮਾਰਚ 1933 ਨੂੰ ਉਸ ਨੇ ਲਾਹੌਰ ਤੋਂ ਊਧਮ ਸਿੰਘ ਦੇ ਨਾਮ 'ਤੇ ਨਵਾਂ ਪਾਸਪੋਰਟ ਹਾਸਲ ਕਰ ਲਿਆ ਅਤੇ ਸੰਨ 1934 'ਚ ਇੰਗਲੈਂਡ ਪਹੁੰਚ ਗਿਆ ਸੀ। ਇਸ ਦਾ ਅਰਥ ਇਹ ਨਹੀਂ ਕਿ ਊਧਮ ਸਿੰਘ ਉੱਪਰ ਭਗਤ ਸਿੰਘ ਦੀ ਸ਼ਹਾਦਤ ਦਾ ਅਸਰ ਨਹੀਂ ਸੀ। ਸ਼ਹੀਦ ਊਧਮ ਸਿੰਘ ਜਿੱਥੇ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰਭਾਵਿਤ ਸੀ, ਉਥੇ ਉਸ ਨੇ ਗ਼ਦਰ ਲਹਿਰ ਅਤੇ ਬਬਰ ਅਕਾਲੀ ਲਹਿਰ ਤੋਂ ਵੀ ਪ੍ਰਭਾਵ ਕਬੂਲਿਆ। ਉਸ ਦੀ ਸ਼ਖ਼ਸੀਅਤ ਉਪਰ ਗਦਰੀ ਯੋਧੇ ਭਾਈ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ ਦਾ ਗਹਿਰਾ ਅਸਰ ਸੀ। ਸ਼ਹੀਦ ਸਰਾਭਾ ਅਤੇ ਗਦਰ ਲਹਿਰ ਨਾਲ ਜੁੜੀ ਇਹ ਕਵਿਤਾ ਸ਼ਹੀਦ ਊਧਮ ਸਿੰਘ ਅਕਸਰ ਗੁਣਗੁਣਾਉਂਦੇ ਰਹਿੰਦੇ ;

"ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨਾਂ ਦੇਸ ਸੇਵਾ ਵਿੱਚ ਪੈਰ ਪਾਇਆ
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ। "

**ਸ਼ਹੀਦ ਊਧਮ ਸਿੰਘ ਨੇ ਓਡਵਾਇਰ ਮਾਰਿਆ ਸੀ, ਨਾ ਕਿ ਡਾਇਰ :**

ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦੀ ਸਾਕੇ ਮੌਕੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਸੀ ਅਤੇ ਪੁਲਿਸ ਨੂੰ ਗੋਲ਼ੀਆਂ ਚਲਾਉਣ ਦਾ ਹੁਕਮ ਦੇਣ ਵਾਲਾ ਜਨਰਲ ਡਾਇਰ। ਇਹ ਤੱਥ ਜਗ ਜ਼ਾਹਰ ਹੈ ਕਿ ਸ਼ਹੀਦ ਊਧਮ ਸਿੰਘ ਨੇ ਡਾਇਰ ਨਹੀਂ, ਓਡਵਾਇਰ ਨੂੰ ਮਾਰਿਆ ਸੀ। ਮਾਇਕਲ ਓਡਵਾਇਰ ਜਦ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਤਾਂ ਉਸ ਨੇ 42 ਇਨਕਲਾਬੀਆਂ ਨੂੰ ਮੌਤ ਦੀ ਸਜ਼ਾ,114 ਨੂੰ ਉਮਰ ਕੈਦ, ਅਨੇਕਾਂ ਹੋਰਾਂ ਨੂੰ ਵੱਖੋ-ਵੱਖ ਜੇਲ੍ਹ ਸਜ਼ਾਵਾਂ ਦਿੱਤੀਆਂ ਸਨ। ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦੀ ਅਗਵਾਈ ਵੀ, ਸਰਕਾਰ ਦੇ ਆਗੂ ਵਜੋਂ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਵੱਲੋਂ ਕੀਤੀ ਗਈ ਸੀ। ਇਸ ਖ਼ੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਊਧਮ ਸਿੰਘ ਨੇ 21 ਸਾਲ ਮਗਰੋਂ ਚੁਕਾਇਆ, ਪਰ ਕਈ ਲਿਖਾਰੀਆਂ ਨੇ ਟਪਲਾ ਖਾ ਕੇ 'ਡਾਇਰ' ਦਾ ਨਾਂ ਹੀ ਲਿਖ ਦਿੱਤਾ। ਇਥੋਂ ਤੱਕ ਕਿ ਅਮਰ ਸਿੰਘ ਤੇਗ ਨੇ ਪੱਤਰਕਾਰ ਹਰਭਜਨ ਹਲਵਾਰਵੀ ਨਾਲ 3 ਨਵੰਬਰ 1979 ਨੂੰ ਹੋਈ ਗੱਲਬਾਤ ਵਿੱਚ ਵੀ ਊਧਮ ਸਿੰਘ ਵੱਲੋਂ ਜਨਰਲ ਡਾਇਰ ਨੂੰ ਮਾਰਨ ਦਾ ਟਪਲਾ ਖਾਧਾ। ਅਸਲੀਅਤ ਇਹ ਹੈ ਕਿ ਜਰਨਲ ਡਾਇਰ ਦੀ ਮੌਤ, ਹੰਟਰ ਕਮਿਸ਼ਨ ਵੱਲੋਂ ਖ਼ੂਨੀ ਸਾਕੇ ਦਾ ਦੋਸ਼ੀ ਠਹਿਰਾਉਣ ਮਗਰੋਂ, ਜਬਰੀ ਸੇਵਾ ਮੁਕਤੀ ਦੌਰਾਨ 23 ਜੁਲਾਈ 1927 ਵਿੱਚ ਹੋ ਚੁੱਕੀ ਸੀ। ਇੱਥੋਂ ਤੱਕ ਕਿ ਅਗਾਂਹਵਧੂ ਕਵੀ ਹਰਭਜਨ ਸਿੰਘ 'ਹੁੰਦਲ' ਵੀ ਅਜਿਹਾ ਭੁਲੇਖਾ ਖਾਂਦੇ ਹੋਏ ਲਿਖਦੇ ਹਨ ;

"ਅਸੀਂ ਭਾਜੀਆਂ ਮੋੜਨਾ ਜਾਣਦੇ ਹਾਂ,
ਜਾ ਕੇ ਪੁੱਛ ਲਓ ਮੁਗ਼ਲ ਦਰਬਾਰ ਕੋਲੋਂ।
ਜੇਕਰ ਫਿਰ ਵੀ ਕਿਸੇ ਨੂੰ ਸ਼ੱਕ ਹੋਵੇ,
ਜਾ ਕੇ ਪੁੱਛ ਲਓ 'ਡਾਇਰ' ਪਰਿਵਾਰ ਕੋਲੋਂ। "

**ਊਧਮ ਸਿੰਘ ਵੱਲੋਂ 'ਕਿਤਾਬ ਵਿੱਚ ਪਿਸਤੌਲ ਲੁਕਾ ਕੇ ਲਿਜਾਣ' ਦਾ ਸੱਚ :**

ਸ਼ਹੀਦ ਊਧਮ ਸਿੰਘ 13 ਮਾਰਚ 1940 ਨੂੰ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਕੈਕਸਟਨ ਹਾਲ ਲੰਡਨ ਜਾ ਪੁੱਜਿਆ। ਕਈ ਲਿਖਾਰੀ ਆਖਦੇ ਹਨ ਕਿ ਉਸ ਨੇ ਪਿਸਤੌਲ ਕਿਤਾਬ ਵਿੱਚ ਲੁਕੋਇਆ ਹੋਇਆ ਸੀ, ਜਦ ਕਿ ਇਹ ਪਿਸਤੌਲ ਕਿਤਾਬ ਵਿੱਚ ਨਹੀਂ ਲੁਕੋਇਆ ਸੀ, ਬਲਕਿ ਊਧਮ ਸਿੰਘ ਦੇ ਕੋਟ ਦੀ ਜੇਬ ਵਿੱਚ ਸੀ। ਊਧਮ ਸਿੰਘ ਦੇ ਕੈਕਸਟਨ ਹਾਲ ਵਿੱਚ ਦਾਖਲ ਹੋਣ ਬਾਰੇ ਵੀ ਗਲਤ ਧਾਰਨਾ ਹੈ ਕਿ ਊਧਮ ਸਿੰਘ ਦੀ 'ਪ੍ਰੇਮਿਕਾ' ਉਸ ਨੂੰ ਨਾਲ ਲੈ ਕੇ ਗਈ। ਦਰਅਸਲ 13 ਮਾਰਚ 1940 ਦੀ ਮੀਟਿੰਗ 'ਈਸਟ ਇੰਡੀਆ ਐਸੋਸੀਏਸ਼ਨ' ਅਤੇ 'ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ' ਵੱਲੋਂ ਸੱਦੀ ਗਈ ਸੀ। ਮੀਟਿੰਗ ਵਿੱਚ ਦਾਖਲਾ ਕੇਵਲ ਪਾਸ ਰਾਹੀਂ ਹੋ ਸਕਦਾ ਸੀ ਤੇ ਇੱਕ ਪਾਸ 'ਤੇ ਦੋ ਵਿਅਕਤੀ ਜਾ ਸਕਦੇ ਸਨ। ਊਧਮ ਸਿੰਘ ਕੈਕਸਟਨ ਹਾਲ ਦੇ ਬਾਹਰ ਮੌਜੂਦ ਸੀ ਅਤੇ ਦਾਖਲ ਹੋਣ ਲਈ ਉਸ ਨੇ ਇੱਕ ਮਹਿਮਾਨ ਔਰਤ ਨੂੰ ਗੁਜ਼ਾਰਿਸ਼ ਕੀਤੀ, ਜਿਸ ਕੋਲ ਇੱਕ ਵਿਅਕਤੀ ਨਾਲ ਲਿਜਾਣ ਦੀ ਗੁੰਜਾਇਸ਼ ਸੀ। ਇਸ ਤਰ੍ਹਾਂ ਫ਼ੁਰਤੀ ਨਾਲ ਉਹ ਹਾਲ ਵਿੱਚ ਦਾਖਲ ਹੋਇਆ।





ਜਨਰਲ ਓਡਵਾਇਰ ਨੂੰ ਗੋਲੀ ਮਾਰਨ ਤੋਂ ਬਾਅਦ ਗ੍ਰਿਫਤਾਰੀ ਸਮੇਂ ਸ.ਊਧਮ ਸਿੰਘ
ਮਿਤੀ 13 ਮਾਰਚ 1940 ਸਥਾਨ :- ਕੈਕਸਟਨ ਹਾਲ ਲੰਡਨ
S. Udham Singh Handcuffed after Shooting Dead General O'Dwyer
Date : 13 March 1940 Place : Caxton hall, London



ਸ. ਊਧਮ ਸਿੰਘ, ਕੈਪਟਨ ਬਚਨ ਸਿੰਘ ਅਤੇ ਮਨਜੀਤ ਸਿੰਘ ਕਸ਼ਿਦ ਦੇ ਵਿਚਕਾਰ ਖੜੇ ਹੋਏ ਅਤੇ ਗੋਦ ਵਿੱਚ ਰਘਬੀਰ ਸਿੰਘ ਰਿਟਾਇਰਡ ਈ.ਓ.
ਸੰਨ 1933 ਸਥਾਨ:- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੁਨਾਮ।
S. Udham Singh is Standing between Capt.Bachan Singh & Manjeet Sing Kashid and Raghbir Singh Rtd. E.O. is in lap.
Year :- 1933 Place :- Govt. Sen. Sec. School (Boys), Sunam.

**ਊਧਮ ਸਿੰਘ ਦਾ ਮਕਸਦ 'ਬ੍ਰਿਟਿਸ਼ ਬਸਤੀਵਾਦ' ਚੁਣੌਤੀ ਦੇਣਾ ਸੀ, ਨਾਕਿ ਇਕੱਲੇ ਓਡਵਾਇਰ ਨੂੰ ਮਾਰਨਾ :**

ਜ਼ਿਆਦਾਤਰ ਲੇਖਕ ਊਧਮ ਸਿੰਘ ਦਾ ਮਕਸਦ ਲੰਡਨ ਵਿੱਚ ਓਡਵਾਇਰ ਨੂੰ ਮਾਰਨ ਤੱਕ ਸੀਮਤ ਕਰਦੇ ਹਨ, ਜਦ ਕਿ ਊਧਮ ਸਿੰਘ ਦਾ ਮਕਸਦ ਇਸ ਤੋਂ ਵੱਡਾ ਸੀ। ਮਾਈਕਲ ਓਡਵਾਇਰ ਨੂੰ ਊਧਮ ਸਿੰਘ ਲੰਡਨ ਵਿੱਚ ਕਈ ਮੌਕਿਆਂ 'ਤੇ ਮਿਲਦਾ ਰਿਹਾ, ਪਰ ਉਸ ਨੂੰ ਮਾਰ ਕੇ ਮਹਿਜ਼ ਬਦਲਾ ਲੈਣ ਤੱਕ ਊਧਮ ਸਿੰਘ ਦੀ ਸੋਚ ਸੀਮਤ ਨਹੀਂ ਸੀ। ਉਹ ਬ੍ਰਿਟਿਸ਼ ਬਸਤੀਵਾਦ ਨੂੰ ਚੁਣੌਤੀ ਦੇਣਾ ਚਾਹੁੰਦਾ ਸੀ। ਬੀਤੇ ਵਰ੍ਹਿਆਂ ਦੌਰਾਨ ਮੇਰੇ ਲਈ ਉਹ ਪਲ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ, ਪਰ ਉੱਥੇ ਖੜਦਿਆਂ ਹੀ 'ਰੂਹ ਤੱਕ ਝਰਨਾਹਟ' ਛਿੜ ਜਾਂਦੀ ਹੈ।


13 ਮਾਰਚ 1940 ਕੈਕਸਟਨ ਹਾਲ ਵਿਖੇ ਭਾਸ਼ਣ ਦੇਣ ਵਾਲਿਆਂ ਵਿੱਚ ਸਾਬਕਾ ਵਜ਼ੀਰੇ-ਹਿੰਦ ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਪੰਜਾਬ ਦੇ ਸਾਬਕਾ ਲੈਫਟੀਨੈਂਟ ਗਵਰਨਰ ਸਰ ਲੁਈ ਡੇਨ ਤੇ ਮਾਈਕਲ ਓਡਵਾਇਰ ਸ਼ਾਮਿਲ ਸਨ। ਬ੍ਰਿਟਿਸ਼ ਇੰਡੀਅਨ ਸਟੇਟ ਦੇ ਇਹਨਾਂ ਮੁਖੀਆਂ ਉੱਪਰ ਊਧਮ ਸਿੰਘ ਨੇ 6 ਗੋਲ਼ੀਆਂ ਚਲਾਈਆਂ। ਓਡਵਾਇਰ ਦੀ ਪਿੱਠ 'ਤੇ ਦੋ ਗੋਲ਼ੀਆਂ ਲੱਗੀਆਂ ਤੇ ਉਹ ਮੌਕੇ 'ਤੇ ਹੀ ਮਾਰਿਆ ਗਿਆ। ਲਾਰਡ ਲਿਮਿੰਗਟਨ ਦੇ ਸੱਜੇ ਹੱਥ 'ਤੇ ਗੋਲ਼ੀ ਲੱਗੀ, ਸਰ ਲੂਈ ਡੇਨ ਦੇ ਬਾਂਹ 'ਤੇ ਗੋਲ਼ੀ ਲੱਗੀ ਅਤੇ ਲਾਰਡ ਜੈਟਲੈਂਡ ਫਰਸ਼ 'ਤੇ ਡਿੱਗ ਕੇ ਬਚਿਆ। ਊਧਮ ਸਿੰਘ ਦਾ ਰਿਵਾਲਵਰ ਪਹਿਲੇ ਵਿਸ਼ਵ ਯੁੱਧ ਵੇਲੇ ਦਾ ਸੀ, ਜੋ ਕਾਫੀ ਪੁਰਾਣਾ ਸੀ। ਰਿਵਾਲਵਰ ਤੇ ਗੋਲ਼ੀਆਂ 'ਚ ਕੁਝ ਨੁਕਸ ਹੋਣ ਕਾਰਨ ਕਈਆਂ ਦਾ ਬਚਾਅ ਹੋ ਗਿਆ। ਪਿਸਤੌਲ ਬਾਰੇ ਮਾਹਿਰ ਰੋਬਰਟ ਚਰਚਲ ਦੇ ਦੱਸਣ ਅਨੁਸਾਰ ਗੋਲ਼ੀਆਂ ਪਿਸਤੌਲ ਦੀ ਚੈਂਬਰ 'ਚ ਪੂਰੀਆਂ ਫਿਟ ਨਹੀਂ ਸਨ, ਜਿਸ ਕਾਰਨ ਨਿਸ਼ਾਨਾ ਠੀਕ ਨਹੀਂ ਬੈਠਿਆ। ਇਥੋਂ ਤੱਕ ਕਿ ਜਿਹੜੀਆਂ ਗੋਲੀਆਂ ਨਾਲ ਓਡਵਾਇਰ ਮਰਿਆ, ਉਹ ਵੀ 6 ਤੋਂ 8 ਇੰਚ ਦੇ ਫਾਸਲੇ ਤੋਂ ਲੱਗਣ ਕਾਰਨ ਹੀ ਸਹੀ ਨਿਸ਼ਾਨੇ 'ਤੇ ਲੱਗੀਆਂ ਸਨ।

ਡਾਕਟਰ ਜੇ.ਐਸ. ਗਰੇਵਾਲ 'ਲੈਟਰਜ਼ ਆਫ ਊਧਮ ਸਿੰਘ' ਵਿੱਚ ਪੰਨਾ 20 'ਤੇ ਲਿਖਦੇ ਹਨ ਕਿ ਊਧਮ ਸਿੰਘ ਨੇ ਸਾਰਜੈਂਟ ਸਿਡਨੀ ਜੋਨਜ਼ ਨੂੰ ਪੁੱਛਿਆ,"ਕੀ ਜੈਟਲੈਂਡ ਮਰ ਗਿਆ ਹੈ। ਉਸ ਨੂੰ ਮਰਨਾ ਚਾਹੀਦਾ ਸੀ। ਮੈਂ ਉਸ ਨੂੰ ਵੀ ਦੋ ਗੋਲ਼ੀਆਂ ਖੱਬੇ ਪਾਸੇ ਮਿਅਦੇ ਵਿੱਚ ਮਾਰੀਆਂ ਸਨ। " ਇਸ ਤੋਂ ਸਪਸ਼ਟ ਹੈ ਕਿ ਊਧਮ ਸਿੰਘ 'ਬ੍ਰਿਟਿਸ਼ ਬਸਤੀਵਾਦ' ਦੇ ਜ਼ੁਲਮ ਖਿਲਾਫ ਹਥਿਆਰਬੰਦ ਕਾਰਵਾਈ ਕਰ ਰਿਹਾ ਸੀ, ਨਾ ਕਿ 'ਇੱਕ ਵਿਅਕਤੀ ਵਿਸ਼ੇਸ਼' ਖਿਲਾਫ਼ ਬਦਲਾ-ਲਊ ਕਾਰਵਾਈ। 5 ਜੂਨ 1940 ਨੂੰ ਜੱਜ ਵੱਲੋਂ ਫਾਂਸੀ ਸੁਣਾਈ ਜਾਣ ਵੇਲੇ ਊਧਮ ਸਿੰਘ ਨੇ ਅੰਗਰੇਜ਼ੀ, ਗੁਰਮੁਖੀ ਅਤੇ ਉਰਦੂ ਵਿੱਚ 8 ਪੰਨਿਆਂ ਦੇ ਬਿਆਨ ਰਾਹੀਂ ਇਹ ਸੱਚਾਈ ਬਿਆਨ ਕੀਤੀ ਕਿ ਉਹ ਬ੍ਰਿਟਿਸ਼ ਸਾਮਰਾਜ ਖਿਲਾਫ਼ ਲੜਾਈ ਲੜ ਰਿਹਾ ਹੈ ਅਤੇ ਦੁਨੀਆ ਅੱਗੇ ਉਸ ਦੇ ਜ਼ੁਲਮ ਨੂੰ ਨੰਗਾ ਕਰਨਾ ਚਾਹੁੰਦਾ ਹੈ। ਸੱਚ ਤਾਂ ਇਹ ਹੈ ਕਿ ;

ਲੰਡਨ ਬਸਤੀਵਾਦ ਦਾ, ਜਦ ਹੁੰਦਾ ਸੀ ਗੜ੍ਹ।
ਊਧਮ ਸਿੰਘ ਸਰਦਾਰ ਨੇ, ਤਦ ਭੰਨੀ ਸੀ ਤੜ।

**ਊਧਮ ਸਿੰਘ ਵੱਲੋਂ ਅਦਾਲਤ 'ਚ ਹੀਰ 'ਤੇ ਹੱਥ ਧਰ ਕੇ ਸਹੁੰ ਖਾਣ ਦਾ ਸੱਚ :**

4 ਜੂਨ 1940 ਨੂੰ ਊਧਮ ਸਿੰਘ ਦੇ ਲੰਡਨ ਦੀ ਅਦਾਲਤ ਵਿੱਚ ਬਿਆਨ ਹੋਣ ਮੌਕੇ 'ਸੱਚ ਬੋਲਣ ਦੀ ਸਹੁੰ ਖਾਣ' ਲਈ 'ਹੀਰ ਦੀ ਕਿਤਾਬ 'ਤੇ ਹੱਥ ਰੱਖਣ' ਦੀ ਕਹਾਣੀ ਮਨਘੜਤ ਅਤੇ ਸੰਕੀਰਨ ਸੋਚ ਤੋਂ ਪ੍ਰੇਰਿਤ ਹੈ। ਅਸਲੀਅਤ ਇਹ ਹੈ ਕਿ ਜੱਜ ਨੇ ਕੈਦੀ ਊਧਮ ਸਿੰਘ ਨੂੰ ਜਦੋਂ ਬਾਈਬਲ ਉੱਪਰ ਹੱਥ ਰੱਖ ਕੇ ਸਹੁੰ ਖਾਣ ਦੀ ਗੱਲ ਕੀਤੀ, ਤਾਂ ਊਧਮ ਸਿੰਘ ਨੇ ਸਹੁੰ ਖਾਣ ਤੋਂ ਇਨਕਾਰ ਕਰ ਦਿੱਤਾ। ਅਜਿਹੀ ਹਾਲਤ ਵਿੱਚ 'ਹੱਥ ਉਤਾਹਾਂ ਚੁੱਕ ਕੇ ਸੱਚ ਬੋਲਣ ਦਾ ਪ੍ਰਣ ਲੈਣ ਦੀ ਵਿਧੀ' ਊਧਮ ਸਿੰਘ ਵੱਲੋਂ ਅਪਣਾਈ ਗਈ, ਜੋ ਕਿ ਅਦਾਲਤ ਵੱਲੋਂ ਪ੍ਰਵਾਨ ਕੀਤੀ ਗਈ। ਇਸ ਪ੍ਰਚਲਤ ਗ਼ਲਤ ਧਾਰਨਾ ਬਾਰੇ ਖੋਜਾਰਥੀ ਸੁਖਦੀਪ ਸਿੰਘ ਬਰਨਾਲਾ ਵੱਲੋਂ ਵਿਸ਼ੇਸ਼ ਡਾਕੂਮੈਂਟਰੀ ਰਾਹੀਂ ਸ਼ਹੀਦ ਊਧਮ ਸਿੰਘ ਬਾਰੇ ਪ੍ਰਮਾਣਿਕ ਦਸਤਾਵੇਜ਼ ਇਕੱਤਰ ਕਰਕੇ, ਹੀਰ ਦੀ ਸਹੁੰ ਖਾਣ ਬਾਰੇ ਸੱਚਾਈ ਉਜਾਗਰ ਕੀਤੀ ਗਈ ਹੈ। ਬੇਸ਼ੱਕ ਊਧਮ ਸਿੰਘ 'ਹੀਰ' ਦਾ ਪਾਠਕ ਸੀ ਅਤੇ ਇਸ ਕਿਤਾਬ ਉਸ ਨੇ ਆਪਣੇ ਮਿੱਤਰ ਨੂੰ ਸੌਂਪੀ ਸੀ, ਪਰ ਇਸ 'ਤੇ ਹੱਥ ਰੱਖ ਕੇ ਸਹੁੰ ਖਾਣ ਦਾ ਬਿਰਤਾਂਤ ਗੁਮਰਾਹਕੁਨ ਹੈ।



**ਸ਼ਹੀਦ ਊਧਮ ਸਿੰਘ ਦੇ ਨਾਂ 'ਮੁਹੰਮਦ ਸਿੰਘ ਆਜ਼ਾਦ' ਬਾਰੇ ਅਸਲੀਅਤ :**

ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ 'ਮੁਹੰਮਦ ਸਿੰਘ ਆਜ਼ਾਦ' ਸੀ। ਲੇਖਕ ਰਾਕੇਸ਼ ਕੁਮਾਰ ਨੇ ਨਵੀਆਂ ਲਿਖਤਾਂ ਵਿੱਚ ਇਸ ਬਾਰੇ ਵਿਸਤਾਰਪੂਰਵਕ ਹਵਾਲੇ ਦਰਜ ਕੀਤੇ ਹਨ, ਪਰ ਕਈ ਫਿਲਮਕਾਰਾਂ, ਨਾਵਲਕਾਰਾਂ ਅਤੇ ਸਿਆਸਤਦਾਨਾਂ ਵਲੋਂ ਨਾਂ ਪ੍ਰਚੱਲਤ ਕਰ ਦਿੱਤਾ ਗਿਆ ਹੈ, 'ਰਾਮ ਮੁਹੰਮਦ ਸਿੰਘ ਆਜ਼ਾਦ'। ਦਰਅਸਲ ਸ਼ਹੀਦ ਊਧਮ ਸਿੰਘ ਦਾ ਮਿਥ ਕੇ ਸੰਘੀਕਰਣ ਕੀਤਾ ਜਾ ਰਿਹਾ ਹੈ। ਫਾਸ਼ੀਵਾਦੀ ਅਤੇ ਸੰਘੀ ਏਜੰਡੇ ਅਨੁਸਾਰ ਸ਼ਹੀਦ ਊਧਮ ਸਿੰਘ ਦਾ ਨਾਂ "ਰਾਮ ਮੁਹੰਮਦ ਸਿੰਘ ਆਜ਼ਾਦ" ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਮਨਘੜਤ ਹੈ। ਭਾਰਤੀ ਮੀਡੀਆ ਨੇ ਵੀ ਸੰਘੀ ਪ੍ਰਣਾਲੀ ਥੱਲੇ ਜਾਣ-ਬੁਝ ਕੇ ਊਧਮ ਸਿੰਘ ਦਾ ਨਾਂ ਵਿਗਾੜਿਆ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖ਼ੁਦ ਆਪਣਾ ਨਾਂ 'ਮੁਹੰਮਦ ਸਿੰਘ ਆਜ਼ਾਦ' ਲਿਖਿਆ ਹੈ, ਤਾਂ ਕਿਸੇ ਨੂੰ ਉਸ ਦਾ ਨਾਂ ਵਿਗਾੜਨ ਦਾ ਕੋਈ ਹੱਕ ਨਹੀਂ।

**ਸ਼ਹੀਦ ਊਧਮ ਸਿੰਘ ਦੇ ਵਿਰੋਧ ਵਿੱਚ ਕੌਣ ਅਤੇ ਹੱਕ ਵਿੱਚ ਕੌਣ ਨਿਤਰੇ ?**

ਸ਼ਹੀਦ ਊਧਮ ਸਿੰਘ ਵੱਲੋਂ ਓਡਵਾਇਰ ਨੂੰ ਸੋਧਣ ਦੀ ਕਾਰਵਾਈ ਮਗਰੋਂ 79, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਿੰਕਲੇਅਰ ਰੋਡ ਸ਼ੈਫਰਡਜ਼ ਬੁਸ਼ ਲੰਡਨ ਦੇ ਪ੍ਰਬੰਧਕ ਸਾਹਿਬਾਨਾਂ ਅਤੇ ਖਾਲਸਾ ਜਥੇ ਨੇ ਸ਼ਹੀਦ ਊਧਮ ਸਿੰਘ ਦੀ ਫਾਂਸੀ ਵੇਲੇ, ਕਨੂੰਨੀ ਪੱਧਰ 'ਤੇ ਮਾਇਕ ਮਦਦ ਕੀਤੀ। ਗੁਰਦੁਆਰੇ ਦੇ ਸਕੱਤਰ ਭਾਈ ਸ਼ਿਵ ਸਿੰਘ ਜੌਹਲ, ਭਾਈ ਸੌਦਾਗਰ ਸਿੰਘ ਤੇ ਭਾਈ ਰਤਨ ਸਿੰਘ ਸਮੇਤ ਕਈ ਹਮਦਰਦ ਮੁਕਦਮੇ ਦੌਰਾਨ ਲਗਾਤਾਰ ਸਰਗਰਮ ਰਹੇ। ਦੂਜੇ ਪਾਸੇ ਲੰਡਨ ਰਹਿੰਦੇ ਅੰਗਰੇਜ਼ ਪੱਖੀ ਭਾਰਤੀਆਂ ਦੀਆਂ ਸੰਸਥਾਵਾਂ, ਭਾਰਤ ਵਿੱਚ ਅੰਗਰੇਜ਼-ਪ੍ਰਸਤ ਕਾਂਗਰਸੀਆਂ, ਮੋਹਨ ਦਾਸ ਕਰਮ ਚੰਦ ਗਾਂਧੀ ਦੇ ਅਖ਼ਬਾਰ 'ਹਰੀਜਨ' ਅਤੇ ਲਾਲਾ ਲਾਜਪਤ ਰਾਏ ਆਦ ਦੀਆਂ ਧਿਰਾਂ ਵੱਲੋਂ ਵੱਲੋਂ ਊਧਮ ਸਿੰਘ ਖਿਲਾਫ਼ ਬਿਆਨਬਾਜ਼ੀ ਕੀਤੀ। ਗਾਂਧੀ ਨੇ ਤਾਂ ਓਡਵਾਇਰ ਦੇ ਕਤਲ ਕਾਰਨ ਊਧਮ ਸਿੰਘ ਨੂੰ 'ਅੱਤਵਾਦੀ' ਵੀ ਗਰਦਾਨਿਆ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਅੱਜ ਕੱਲ ਰਸਮੀ ਤੌਰ ਤੇ ਸ਼ਹੀਦ ਦੇ ਬੁੱਤ 'ਤੇ ਹਾਰ ਪਾਉਣ ਵਾਲੇ ਰਾਸ਼ਟਰਵਾਦੀਆਂ ਦੀਆਂ ਸਿਆਸੀ ਪਾਰਟੀਆਂ ਊਧਮ ਸਿੰਘ ਵੱਲੋਂ ਓਡਵਾਇਰ ਨੂੰ ਸੋਧਣ ਦੇ ਖ਼ਿਲਾਫ਼ ਸਨ।

ਲੰਡਨ ਦੀ ਸਿੱਖ ਸੰਸਥਾ ਖਾਲਸਾ ਜੱਥਾ ਅਤੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਦੇ ਸੇਵਾਦਾਰ ਊਧਮ ਸਿੰਘ ਲਈ ਨੰਗੇ ਧੜ ਖੜੇ ਸਨ। ਇਸ ਲੇਖਕ ਨੂੰ ਸ਼ਹੀਦ ਊਧਮ ਸਿੰਘ ਨਾਲ ਜੁੜੀਆਂ ਯਾਦਗਾਰਾਂ ਦੇ ਦਰਸ਼ਨ ਕਰਨ ਦੀ ਇੱਛਾ ਨਾਲ, ਲੰਡਨ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਿੰਕਲੇਅਰ ਰੋਡ ਸ਼ੈਫਰਡਜ਼ ਬੁਸ਼ ਵਿਖੇ ਜਾਣ ਦਾ ਮੌਕਾ ਮਿਲਿਆ। ਉਸ ਅਸਥਾਨ ਦੇ ਦਰਸ਼ਨ ਕੀਤੇ, ਜਿੱਥੇ ਸ਼ਹੀਦ ਊਧਮ ਸਿੰਘ ਕਿਤੇ ਲੰਗਰ ਵਿੱਚ ਸੇਵਾ ਕਰਦੇ ਅਤੇ ਕਿਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਅਤੇ ਸਕੱਤਰ ਨਾਲ ਵਿਚਾਰਾਂ ਕਰਦੇ। ਗੁਰਦੁਆਰਾ ਸਾਹਿਬ ਵਿਖੇ ਅਸੀਂ ਉਹ ਇਤਿਹਾਸਕ ਤਸਵੀਰ ਵੀ ਦੇਖੀ, ਜੋ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਤੇ 1937 ਵਿੱਚ ਗੁਰਦੁਆਰਾ ਸਾਹਿਬ ਦੀ ਸੰਗਤ ਨਾਲ ਊਧਮ ਸਿੰਘ ਨੇ ਫੋਟੋ ਖਿਚਵਾਈ ਸੀ। ਕੁਝ ਤਸਵੀਰਾਂ ਲੇਖ ਨਾਲ ਦਿੱਤੀਆਂ ਗਈਆਂ ਹਨ। ਇਤਿਹਾਸਿਕ ਦਸਤਾਵੇਜ਼ਾਂ ਅਨੁਸਾਰ ਸ਼ਹੀਦ ਊਧਮ ਸਿੰਘ ਨੇ ਜੇਲ੍ਹ 'ਚੋਂ ਆਪਣੇ ਕਈ ਪੱਤਰਾਂ ਦੇ ਆਰੰਭ ਵਿੱਚ ਇਕ ਓਂਕਾਰ ਅਤੇ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ 'ਚੋਂ ਉਸ ਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਲਿਖਿਆ ਕਿ ਉਸ ਨੂੰ ਗੁਟਕਾ ਸਾਹਿਬ ਭੇਜੇ ਜਾਣ।

ਪੈਂਟਨਵਿਲੇ ਜੇਲ੍ਹ ਲੰਡਨ 'ਚ ਊਧਮ ਸਿੰਘ ਨੂੰ ਫਾਂਸੀ ਮਗਰੋਂ ਦਫ਼ਨਾਏ ਜਾਣ ਦੀ ਸਚਾਈ :

ਬ੍ਰਿਟਿਸ਼ ਬਸਤੀਵਾਦ ਦੀ ਜੜ੍ਹ ਪੁੱਟਣ ਵਾਲੇ ਯੋਧੇ ਸ਼ਹੀਦ ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਪੈਂਟਨਵਿਲੇ ਜੇਲ੍ਹ ਲੰਡਨ ਵਿਖੇ ਸਵੇਰੇ 9 ਵਜੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਲੰਡਨ ਦੇ ਸਿੱਖਾਂ ਦੀ ਬੇਨਤੀ ਦੇ ਬਾਵਜੂਦ ਬ੍ਰਿਟਿਸ਼ ਸਰਕਾਰ ਨੇ ਵੱਡੇ ਵਿਰੋਧ ਦੇ ਡਰੋਂ, ਊਧਮ ਸਿੰਘ ਦੀ ਦੇਹ ਅੰਤਿਮ ਸਸਕਾਰ ਲਈ ਸਿੱਖਾਂ ਦੇ ਸਪੁਰਦ ਨਹੀਂ ਕੀਤੀ ਗਈ, ਬਲਕਿ ਜੇਲ੍ਹ ਅੰਦਰ ਹੀ ਦਫਨਾ ਦਿੱਤੀ ਗਈ। ਲੰਮਾ ਅਰਸਾ ਮਗਰੋਂ 31 ਜੁਲਾਈ 1974 ਨੂੰ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆ ਕੇ, ਪੰਜਾਬ ਚ ਨਗਰ ਸੁਨਾਮ ਸਮੇਤ ਵੱਖ-ਵੱਖ ਥਾਵਾਂ ਤੇ ਲੋਕਾਂ ਨੂੰ ਦਰਸ਼ਨ ਕਰਵਾਏ ਗਏ।

ਸ਼ਹੀਦ ਭਾਈ ਊਧਮ ਸਿੰਘ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ 7 ਤੋਂ 9 ਅਗਸਤ, 2026 ਨੂੰ ਸ਼ਹੀਦ ਊਧਮ ਸਿੰਘ ਸੁਸਾਇਟੀ ਆਫ਼ ਕੈਨੇਡਾ ਵੱਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਵਿਖੇ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ। 9 ਅਗਸਤ ਦਿਨ ਐਤਵਾਰ ਨੂੰ ਸਵੇਰ ਦੇ ਦੀਵਾਨਾਂ 'ਚ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਵਿਚਾਰਾਂ ਹੋਣਗੀਆਂ ਅਤੇ ਸੰਗਤਾਂ ਨੂੰ ਵੱਧ-ਚੜ੍ਹ ਕੇ ਸ਼ਾਮਿਲ ਹੋਣ ਲਈ ਸੱਦਾ ਹੈ। ਸ਼ਹੀਦ ਊਧਮ ਸਿੰਘ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਮਹਾਨ ਯੋਧੇ ਵੱਲੋਂ ਲੰਡਨ ਦਾ ਕਿਲ੍ਹਾ ਢਾਹੁਣ ਦੀ ਗਵਾਹੀ ਭਰਦੇ ਹਨ ;

ਲੰਡਨ ਨੇ ਕੀਤੇ ਸਦਾ, ਹਮਲੇ ਤਾਬੜਤੋੜ।
ਲੰਡਨ ਜਾ ਕੇ ਸ਼ੇਰ ਨੇ, ਭਾਜੀ ਦਿੱਤੀ ਮੋੜ।

**ਤਸਵੀਰਾਂ : ਸ਼ਹੀਦ ਊਧਮ ਤਸਵੀਰਾਂ ਰਾਹੀਂ ਜੀਵਨ ਸਫ਼ਰ।**

**10, ਕੈਕਸਟਨ ਹਾਲ ਰੋਡ, ਲੰਡਨ ਦੇ ਬਾਹਰ ਲੇਖਕ।**

# ਪੂਰੀ ਸਦੀ ਜਿੱਡੇ ਵਿਗਿਆਨੀ ਸਨ – ਡਾ. ਗੁਰਚਰਨ ਸਿੰਘ ਕਾਲਕਟ

ਡਾ. ਗੁਰਚਰਨ ਸਿੰਘ ਕਾਲਕਟ ਜੀ ਦਾ ਨਾਮ ਤਾਂ ਬਹੁਤ ਸੁਣਿਆ ਸੀ ਪਰ ਦਰਸ਼ਨ ਕਦੇ ਨਹੀਂ ਸੀ ਕੀਤੇ। ਪਹਿਲੀ ਵਾਰ ਦਰਸ਼ਨ ਉਦੋਂ ਕੀਤੇ ਜਦ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਮੈਂਬਰ ਬਣ ਕੇ ਆਏ। ਡਾ. ਅਮਰਜੀਤ ਸਿੰਘ ਖਹਿਰਾ ਵਾਈਸ ਚਾਂਸਲਰ ਸਨ। ਮੈਨੂੰ ਯਾਦ ਹੈ, ਮਹੱਤਵਪੂਰਨ ਮੀਟਿੰਗ ਚੱਲ ਰਹੀ ਸੀ ਜਦ ਪਤਾ ਲੱਗਾ ਕਿ ਡਾ. ਗੁਰਚਰਨ ਸਿੰਘ ਕਾਲਕਟ ਥਾਪਰ ਹਾਲ ਆਏ ਨੇ। ਵਾਈਸ ਚਾਂਸਲਰ ਦਫ਼ਤਰ ਵਿੱਚ ਬੈਠੇ ਹਨ। ਡਾ. ਖਹਿਰਾ ਆਪ ਚੱਲ ਕੇ ਕਮੇਟੀ ਰੂਮ ਵਿੱਚੋਂ ਨਾਲ ਲੱਗਵੇਂ ਆਪਣੇ ਦਫ਼ਤਰ ਗਏ ਤੇ ਡਾ. ਕਾਲਕਟ ਸਾਹਿਬ ਨੂੰ ਮੀਟਿੰਗ ਵਿੱਚ ਲੇ ਆਏ। ਸਭ ਨੇ ਸਤਿਕਾਰ ਭੇਂਟ ਕੀਤਾ ਕਿਉਂਕਿ ਉਹ ਵਿਸ਼ਵ ਬੈਂਕ ਸਲਾਹਕਾਰ ਰਹੇ ਹੋਣ ਕਰਕੇ ਸਤਿਕਾਰਤ ਨਾਮ ਸਨ। ਪੰਜਾਬ ਵਿੱਚ ਹਰੇ ਇਨਕਲਾਬ ਦੀ ਰੀੜ੍ਹ ਦੀ ਹੱਡੀ ਵਜੋਂ ਜਾਣੇ ਜਾਂਦੇ ਡਾ. ਕਾਲਕਟ ਦੇਸ਼ ਦੇ ਵੀ ਖੇਤੀ ਕਮਿਸ਼ਨਰ ਰਹੇ ਸਨ।

ਉਨ੍ਹਾਂ ਬਾਰੇ ਡਾ. ਅਮਰਜੀਤ ਸਿੰਘ ਖਹਿਰਾ ਨੇ ਸੁਆਗਤੀ ਸ਼ਬਦ ਕਹੇ। ਜਦ ਡਾ. ਕਾਲਕਟ ਬੋਲੇ ਤਾਂ ਇੱਕ ਵੀ ਸ਼ਬਦ ਸਮਝ ਨਾ ਪਿਆ। ਬਹੁਤ ਹੀ ਹੌਲੀ ਬੋਲਦੇ ਸਨ, ਕੁਝ ਤੇਜ਼ ਵੀ।

ਮੀਡੀਆ ਲਈ ਉਨ੍ਹਾਂ ਦੀ ਗੱਲ ਰੀਪੋਰਟ ਕਰਨੀ ਬਹੁਤ ਜ਼ਰੂਰੀ ਸੀ। ਮੀਟਿੰਗ ਬਾਦ ਉਹ ਵਾਈਸ ਚਾਂਸਲਰ ਸਾਹਿਬ ਨਾਸਲ ਸਟਨ ਹਾਉਸ ਚਲੇ ਗਏ। ਮੈਂ ਵੀ ਸਕੂਟਰ ਮਗਰ ਲਾ ਲਿਆ. ਇਹ ਪੁੱਛਣ ਲਈ ਕਿ ਤੁਸੀਂ ਕੀ ਕਿਹਾ ਸੀ?

ਮਿਲਣ ਤੇ ਉਹ ਮੱਧਮ ਜਿਹੀ ਯਾ ਮੁਸਕਰਾਏ ਤੇ ਡਾ. ਖਹਿਰਾ ਵੱਲ ਵੇਖ ਕੇ ਪੁੱਛਿਆ ਕਿ ਇਹ ਮੁੰਡਾ ਕੌਣ ਹੈ? ਉਨ੍ਹਾਂ ਦੱਸਿਆ ਕਿ ਚੰਗੀ ਖੇਤੀ ਦਾ ਸੰਪਾਦਕ ਹੈ ਪਰ ਮੇਰਾ ਨਿੱਕਾ ਵੀਰ ਵੀ ਹੈ, ਮੇਰੇ ਨਾਨਕਿਆਂ ਵੱਲੋਂ। ਉਨ੍ਹਾਂ ਕਿਹਾ ਕਿ ਬੇਟਾ ਤੁਸੀਂ ਵੀ ਪਲੇਟ ਲਵੋ, ਸਾਡੇ ਨਾਲ ਰੋਟੀ ਖਾਣ, ਫਿਰ ਗੱਲ ਕਰ ਲੈਂਦੇ ਹਾਂ।

ਮੈਂ ਰੋਟੀ ਤਾਂ ਜਾ ਕੇ ਗਿਆਨੀ ਦੀ ਕੈਨਟੀਨ ਤੇ ਖਾਣੀ ਸੀ ਜਿੱਥੇ ਰੋਜ਼ ਵਾਂਗ ਇੰਦਰਜੀਤ ਹਸਨਪੁਰੀ, ਪ੍ਰਦੁਮਨ ਸਿੰਘ ਬੇਦੀ ਤੇ ਕੁਝ ਹੋਰ ਦੋਸਤ ਉਡੀਕ ਰਹੇ ਸੀ।

ਰੋਟੀ ਖਾਣ ਉਪਰੰਤ ਉਨ੍ਹਾਂ ਦੋ ਤਿੰਨ ਨੁਕਤੇ ਨੋਟ ਕਰਾਏ ਜੋ ਵਿਸਥਾਰ ਨਾਲ ਅਗਲੇ ਦਿਨ ਛਪ ਗਏ।

ਫਿਰ ਇੱਕ ਵਾਰ ਉਹ ਯੂਨੀਵਰਸਿਟੀ ਕਿਸਾਨ ਮੇਲੇ ਤੇ ਮੁੱਖ ਮਹਿਮਾਨ ਬਣ ਕੇ ਆਏ।

ਡਾ. ਅਮਰਜੀਤ ਸਿੰਘ ਖਹਿਰਾ ਦੀ ਵਾਈਸ ਚਾਂਸਲਰ ਵਜੋਂ ਮਿਆਦ ਮੁੱਕੀ ਤਾਂ ਕੁਰਸੀ ਲਈ ਰੱਸਾ ਕਸ਼ੀ ਸ਼ੁਰੂ ਹੋ ਗਈ। ਯੂਨੀਵਰਸਿਟੀ ਕਈ ਮੋਰਚਿਆਂ ਕੇ ਜੂਝ ਰਹੀ ਸੀ। ਕਿਚਲੂ ਨਗਰ ਵਾਲੇ ਪਾਸੇ ਦੀ ਯੂਨੀਵਰਸਿਟੀ ਜ਼ਮੀਨ ਦਾ ਵਰਿੰਦਰਾ ਐਗਰੋ ਵਾਲਿਆਂ ਨਾਲ ਤਬਾਦਲਾ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਸੀ। ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਨਵਾਂ ਵਾਈਸ ਚਾਂਸਲਰ ਲੱਗਣ ਲਈ ਡਾ. ਕ੍ਰਿਪਾਲ ਸਿੰਘ ਔਲਖ, ਡਾ. ਮਹਿੰਦਰ ਸਿੰਘ ਬਾਜਵਾ ਤੇ ਡਾ. ਬਲਦੇਵ ਸਿੰਘ ਢਿੱਲੋਂ(ਬਾਗਬਾਨੀ ਵਾਲੇ, ਮਕਈ ਵਾਲੇ ਨਹੀਂ) ਇਸ ਦੌੜ ਵਿੱਚ ਸਿਰਕੱਢ ਸਨ। ਬਾਦਲ ਸਾਹਿਬ ਡਾ. ਗੁਰਦੇਵ ਸਿੰਘ ਖੁਸ਼ ਨੂੰ ਇਹ ਵੱਡੀ ਜ਼ੁੰਮੇਵਾਰੀ ਸੌਂਪਣਾ ਚਾਹੁੰਦੇ ਸਨ ਪਰ ਉਨ੍ਹਾਂ ਸਿੱਧਾ ਹੀ ਜਵਾਬ ਦੇ ਦਿੱਤਾ।

ਡਾ. ਗੁਰਚਰਨ ਸਿੰਘ ਕਾਲਕਟ ਜੀ ਨੂੰ ਬਾਦਲ ਸਾਹਿਬ ਨੇ ਮਨਾ ਲਿਆ ਕਿ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਵਾਂਗ ਡੋਰ ਸੰਭਾਲਣ ਤੇ ਇਸ ਦਾ ਖੁੱਭਿਆ ਗੱਡਾ ਕੱਢਣ।

ਉਹ ਮੰਨ ਗਏ ਤਾਂ ਪ੍ਰਬੰਧਕੀ ਬੋਰਡ ਨੇ ਉਨ੍ਹਾਂ ਦਾ ਨਾਮ ਵਾਈਸ ਚਾਂਸਲਰ ਲਈ ਸਰਕਾਰ ਨੂੰ ਸਿਫ਼ਾਰਸ਼ ਕਰ ਦਿੱਤਾ।



ਇੱਕ ਅੰਗਰੇਜੀ ਅਖਬਾਰ ਨੇ ਇਹ ਖ਼ਬਰ ਸਭ ਤੋਂ ਪਹਿਲਾਂ ਲਾਈ। ਨਾਲ ਲੱਗੀ ਫੋਟੋ ਪੁੱਠੀ ਪੱਗ ਵਾਲੀ ਸੀ। ਚੰਗਾ ਨਾ ਲੱਗਿਆ ਇਹ ਅਲਗ਼ਰਜ਼ ਵਤੀਰਾ।

ਦੂਸਰੇ ਦਿਨ ਉਹ ਅਹੁਦਾ ਸੰਭਾਲਣ ਆਏ ਤਾਂ ਸੁਆਗਤੀ ਕਤਾਰ ਵਿੱਚ ਸਾਡੇ ਸੰਚਾਰ ਕੇਂਦਰ ਦੇ ਸਭ ਅਧਿਕਾਰੀ ਸਨ। ਮੈਂ ਵੀ ਗੁੱਤ ਨਾਲ ਪਰਾਂਦੇ ਵਾਂਗ ਹਾਜ਼ਰ ਸਾਂ। ਉਸੇ ਦਿਨ ਹੀ ਭੂਮੀ ਵਿਗਿਆਨ ਸਬੰਧੀ ਕੋਈ ਕੌਮੀ ਸਾਲਾਨਾ ਕਾਨਫਰੰਸ ਸੀ। ਉਹ ਉਸ ਦੇ ਉਦਘਾਟਨੀ ਸਮਾਗਮ ਲਈ ਗਏ। ਸੁਖਦੇਵ ਸਿੰਘ ਭਵਨ ਵਿੱਚ ਸਾਰੇ ਡੈਲੀਗੇਟਸ ਨਾਲ ਖਾਣਾ ਖਾ ਕੇ ਕੁਝ ਪਲਾਂ ਲਈ ਆਰਾਮ ਕਰਨ ਉਨ੍ਹਾਂ ਸਟਨ ਹਾਊਸ ਜਾਣਾ ਸੀ।

ਪੰਜਾਬੀ ਟ੍ਰਿਬਿਊਨ ਪ੍ਰਤੀਨਿਧ ਸਤਿਬੀਰ ਸਿੰਘ ਸਿੱਧੂ ਉਨ੍ਹਾਂ ਦੀ ਇੰਟਰਵਿਊ ਕਰਕੇ ਆਪਣੇ ਅਖ਼ਬਾਰ ਨੂੰ ਭੇਜਣਾ ਚਾਹੁੰਦਾ ਸੀ। ਮੈਂ ਨੇੜੇ ਜਾ ਕੇ ਮੀਡੀਆ ਦੀ ਇਹ ਲੋੜ ਦੱਸੀ ਤਾਂ ਮੁਸਕਰਾ ਕੇ ਬੋਲੇ ਕਿ ਸਟਨ ਹਾਊਸ ਹੀ ਆ ਜਾਉ।

ਮੈਂ ਤੇ ਸਤਿਬੀਰ ਸਟਨ ਹਾਊਸ ਚਲੇ ਗਏ। ਡਾ. ਸਾਹਿਬ ਨਾਲ ਅੰਗ੍ਰੇਜ਼ੀ ਅਖ਼ਬਾਰ ਵਿੱਚ ਛਪੀ ਪੁੱਠੀ ਪੱਗ ਦਾ ਜ਼ਿਕਰ ਚੱਲਿਆ ਤਾਂ ਉਹ ਬੋਲੇ ਕਿ ਮੈਨੂੰ ਤਸਵੀਰਾਂ ਖਿਚਵਾਉਣ ਦਾ ਬਹੁਤਾ ਸ਼ੌਕ ਨਹੀਂ।

ਮੈਂ ਆਪਣੀ ਆਦਤ ਤੋਂ ਮਜਬੂਰ ਸਾਂ। ਮੈਂ ਕਿਹਾ ਕਿ ਡਾਕਟਰ ਸਾਹਿਬ, ਹੁਣ ਤੁਸੀਂ ਯੂਨੀਵਰਸਿਟੀ ਦੀ ਦਸਤਾਰ ਹੋ, ਪਹਿਲਾਂ ਗੱਲ ਹੋਰ ਸੀ, ਹੁਣ ਹੋਰ। ਜੇ ਪ੍ਰਵਾਨਗੀ ਦਿਉ ਤਾਂ ਆਪਣੇ ਫੋਟੋ ਕਲਾਕਾਰ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਨੂੰ ਫੋਟੋ ਸੈਸ਼ਨ ਲਈ ਬੇਨਤੀ ਕਰਾਂ। ਉਹ ਕਹਿਣ ਲੱਗੇ ਕਿ ਕਿੱਥੇ ਹੈ ਉਹ ਸੱਜਣ। ਮੈਂ ਦੱਸਿਆ ਕਿ ਫੀਰੋਜ਼ਪੁਰ ਰੋਡ ਤੇ ਉਸ ਦਾ ਸੰਧੂ ਸਟੂਡੀਉ ਹੈ।

ਮੈਨੂੰ ਚੰਗੀ ਖੇਤੀ ਲਈ ਵੀ ਚੰਗੀ ਤਸਵੀਰ ਚਾਹੀਦੀ ਸੀ। ਉਹ ਬੋਲੇ ਕਿ ਹੁਣੇ ਚੱਲਦੇ ਹਾਂ। ਤੁਰਨ ਲੱਗਿਆਂ ਮੈਂ ਸੰਧੂ ਸਾਹਿਬ ਨੂੰ ਸੂਚਿਤ ਕੀਤਾ ਕਿ ਡਾ. ਕਾਲਕਟ ਆ ਰਹੇ ਹਨ ਸਟੂਡੀਓ। ਮੈਂ ਡਾ. ਕਾਲਕਟ ਦੀ ਸਾਦਗੀ ਤੇ ਤੱਤਫੱਟ ਫੈਸਲੇ ਤੋਂ ਹੈਰਾਨ ਸਾਂ।

ਤਸਵੀਰਾਂ ਕਈ ਖਿੱਚੀਆਂ ਪਰ ਆਹ ਮਿੱਠੀ ਮਿਨ੍ਹੀ ਮੁਸਕਾਨ ਵਾਲੀ ਫੋਟੋ ਸਾਨੂੰ ਲੱਭ ਨੂੰ ਪਸੰਦ ਆਈ। ਇਹੀ ਤਸਵੀਰ ਡਾ. ਕਾਲਕਟ ਨੂੰ ਵੀ ਚੰਗੀ ਲੱਗੀ।

ਹੁਣ ਤੀਕ ਇਹੀ ਤਸਵੀਰ ਛਪਦੀ ਹੈ ਉਨ੍ਹਾਂ ਦੀ। ਡਾ. ਰਣਜੀਤ ਸਿੰਘ ਜੀ ਨੇ ਮਾਡਰਨ ਖੇਤੀ ਦੇ ਮੁੱਖ ਪੰਨੇ ਤੇ ਇਹੀ ਤਸਵੀਰ ਛਪਵਾਈ, ਲੇਖ ਸਮੇਤ।

ਡਾ. ਕਾਲਕਟ ਜੀ ਦਾ ਬਾਬਲਮੁਖੀ ਸਨੇਹ ਸਭਨਾਂ ਲਈ ਇੱਕੋ ਜਿਹਾ ਸੀ। ਡੀਨ ਡਾਇਰੈਕਟਰਜ਼ ਤੇ ਸੇਵਾਦਾਰਾਂ ਲਈ ਵੀ ਇੱਕੋ ਅੱਖ ਰੱਖਦੇ।

ਉਨ੍ਹਾਂਵੱਲੋਂ ਮਿਲੀ ਇਹ ਸਿੱਖਿਆ ਮੈਂ ਹੁਣ ਤੀਕ ਵਰਤ ਰਿਹਾ, ਉਹ ਕਹਿੰਦੇ ਹੁੰਦੇ ਸਨ ਕਿ ਸਲਾਦ ਤੇ ਕਦੇ ਲੂਣ ਨਾ ਧੂੜੋ ਨਾ ਨਿੰਬੂ ਨਿਚੋੜੋ। ਜੀਭ ਨੂੰ ਅਸਲ ਸੁਆਦ ਚੇਤੇ ਨਹੀਂ ਰਹਿੰਦਾ।

ਅਸਰ ਕਹਿੰਦੇ ਕਿ ਜ਼ਹਿਰ ਮੁਕਤ ਸਬਜ਼ੀ ਦੀ ਪਛਾਣ ਇਹ ਹੈ ਕਿ ਉਹ ਕਾਣੀ ਹੁੰਦੀ ਹੈ। ਕਾਣਾ ਹਿੱਸਾ ਕੱਟ ਕੇ ਸੁੱਟ ਦਿਉ ਪਰ ਅੰਨ੍ਹੇ ਵਾਰ ਜ਼ਹਿਰ ਗੜੁੱਚ ਸਬਜ਼ੀ ਨਾ ਖ਼ਰੀਦੋ ਕਿ ਇਸ ਵਿੱਚ ਮੋਰੀ ਨਹੀਂ। ਅੱਵਲ ਤਾਂ ਘਰ ਜੋਗੀ ਸਬਜ਼ੀ ਆਪ ਖ਼ਰੀਦੋ।

ਉਨ੍ਹਾਂ ਬਾਰੇ ਜੇ ਅੱਜ ਡਾ. ਕ ਸ ਔਲਖ ਲੇਖ ਨਾ ਲਿਖਦੇ ਤਾਂ ਮੈਨੂੰ ਵੀ ਇਹ ਗੱਲਾਂ ਯਾਦ ਨਹੀਂ ਸੀ ਆਉਣੀਆਂ।

ਇਸ ਅਣਗਹਿਲੀ ਦਾ ਅਹਿਸਾਸ ਕਰਦਿਆਂ ਮੈਨੂੰ ਡਾ. ਸੁਰਜੀਤ ਪਾਤਰ ਜੀ ਦੀ ਗ਼ਜ਼ਲ ਦਾ ਇਹ ਸ਼ਿਅਰ ਯਾਦ ਆ ਰਿਹੈ।

ਰੇਤਾ ਉੱਤੋਂ ਪੈੜ ਮਿਟਦਿਆਂ ਫਿਰ ਵੀ ਕੁਝ ਪਲ ਲੱਗਦੇ ਨੇ,
ਕਿੰਨੀ ਛੇਤੀ ਭੁੱਲ ਗਏ ਮੈਨੂੰ, ਤੇਰੇ ਯਾਰ ਨਗਰ ਦੇ ਲੋਕ।

ਗੁਰਭਜਨ ਗਿੱਲ

## ਸੱਤ ਸਮੁੰਦਰੋਂ ਪਾਰ-"ਪਰਦੇਸੀ ਬਾਪੂਆਂ' ਦੀਆਂ ਰੌਣਕਾਂ ਨਾਲ ਕੈਨੇਡਾ 'ਚ ਜੁੜਦੀਆਂ ਨੇ 'ਪੇਂਡੂ ਸੱਥਾਂ'!

### ਹਾਸਿਆਂ- ਠੱਠਿਆਂ ਨਾਲ ਭਰਪੂਰ ਹੁੰਦੀ ਏ 'ਖੁੰਢ ਚਰਚਾ'





**ਮਲਕੀਤ ਸਿੰਘ**

'ਮੁੜ ਮੁੜ ਯਾਦ ਸਤਾਉਂਦੀ ਉ,ਪਿੰਡ ਦੀਆਂ ਗਲੀਆਂ ਦੀ...!' ਪੰਜਾਬੀ ਗਾਇਕ ਗੁਰਦਾਸ ਮਾਨ ਦੇ ਗੀਤ ਵਿਚਲੀਆਂ ਉਕਤ ਸਤਰਾਂ ਕੈਨੇਡਾ ਦੇ ਬਹੁਗਿਣਤੀ ਬਜ਼ੁਰਗਾਂ ਦੀ ਮਨੋਦਸ਼ਾ ਅਤੇ ਰੋਜ਼ਮਰਾ ਦੀ ਜ਼ਿੰਦਗੀ ਦੇ ਨੇੜੇ ਤੇੜੇ

ਢੁੱਕਦੀਆਂ ਜਾਪਦੀਆਂ ਹਨ ਜੋ ਆਪਣੀ ਖੁਸ਼ੀ ਜਾਂ ਕਿਸੇ ਮਜਬੂਰੀ ਕਾਰਨ ਆਪਣੀ ਪਿੱਤਰਭੂਮੀ ਤੋਂ ਦੂਰ 'ਵੱਸ' ਗਏ

ਕੈਨੇਡਾ ਦੇ ਹੋਰਨਾਂ ਸ਼ਹਿਰਾਂ ਵਾਂਗ ਵੈਨਕੂਵਰ ਅਤੇ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸਰੀ ਸ਼ਹਿਰ ਦੇ ਦਰਜਨਾਂ ਪਾਰਕਾਂ ਦੇ ਹਰਿਆਵਲੇ ਵਿਹੜਿਆਂ'ਚ ਪੱਸਰੀ ਨਿੱਘੀ ਧੁੱਪ

'ਚ ਆਪਣੇ ਆਪ ਨੂੰ ਸਮੇਂ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ 'ਢਾਲ' ਚੁੱਕੇ ਹਜ਼ਾਰਾਂ ਪੰਜਾਬੀ ਬਜ਼ੁਰਗਾਂ ਦੀਆਂ ਰੋਜਾਨਾ ਲੱਗਦੀਆਂ ਰੌਣਕਾਂ ਇੱਕ ਤਰ੍ਹਾਂ ਨਾਲ

ਪੰਜਾਬ ਦੇ ਪਿੰਡਾਂ ਦੀਆਂ ਪੁਰਾਣੀਆਂ ਸੱਥਾਂ ਦੀ ਝਲਕ ਪੇਸ਼ ਕਰਦੀਆਂ ਮਹਿਸੂਸ ਹੁੰਦੀਆਂ ਹਨ

ਸਵੇਰ ਹੁੰਦੇ ਹੀ ਪੰਜਾਬੀ ਬਜ਼ੁਰਗਾਂ ਦੀਆਂ ਟੋਲੀਆਂ ਪਾਰਕਾਂ ਵਿੱਚ ਇਕੱਠੀਆਂ ਹੋਣ ਲੱਗ ਜਾਦੀਆਂ ਹਨ, ਜਿੱਥੇ ਦਿਨ ਭਰ ਚਲਦੀ ਗੁਫਤਗੂ, ਹਾਸੇ-ਮਜ਼ਾਕ, ਸਤਰੰਜ਼ ਅਤੇ ਤਾਸ਼ ਦੀਆਂ ਬਾਜ਼ੀਆਂ ਦਾ ਦੌਰ ਪੰਜਾਬ ਦੇ ਪੁਰਾਤਨ ਵਿਰਸੇ ਦੀ ਤਸਵੀਰ ਪੇਸ਼ ਕਰਦਾ ਹੈ ਇਨਾਂ ਸੱਥਾਂ 'ਚ ਚੱਲਦੀ 'ਖੁੰਢ ਚਰਚਾ' ਦੀ ਮੁੱਖ ਸੂਈ ਸਥਾਨਕ ਵਿਸ਼ਿਆਂ ਦੇ ਨਾਲ ਨਾਲ ਵਧੇਰੇ ਕਰਕੇ ਪੰਜਾਬ ਦੀ ਮੌਜੂਦਾ ਸਿਆਸਤ ਦੇ ਆਲੇ ਦੁਆਲੇ ਘੁੰਮਦੀ ਵੇਖੀ ਸੁਣੀ ਜਾ ਸਕਦੀ ਹੈ ਕਈ ਵਾਰ ਇਸ ਚਰਚਾ ਚੋਂ ਉਪਜਦੀ 'ਤਿੱਖੀ ਬਹਿਸ' ਆਲੇ ਦੁਆਲੇ ਦੇ ਮਾਹੌਲ ਨੂੰ ਹੋਰ ਦਿਲਚਸਪ ਬਣਾ ਦਿੰਦੀ ਹੈ

ਇਨ੍ਹਾਂ ਵਿੱਚੋਂ ਬਹੁਤੇ ਬਜ਼ੁਰਗ 1970, 1980 ਅਤੇ 1990 ਦੇ ਦਹਾਕਿਆਂ ਦੌਰਾਨ ਆਪਣੀਆਂ ਆਰਥਿਕ ਤੰਗੀਆਂ ਨੂੰ ਦੂਰ ਕਰਨ ਲਈ ਪੰਜਾਬ ਤੋਂ ਕੈਨੇਡਾ ਆਏ ਸਨ ਅਤੇ ਫਿਰ ਇੱਥੋਂ ਦੇ ਹੀ ਹੋ ਕੇ ਰਹਿ ਗਏ । ਸ਼ੁਰੂਆਤੀ ਸਾਲਾਂ ਵਿੱਚ ਉਨ੍ਹਾਂ ਨੇ ਲੱਕੜ ਮਿਲਾਂ, ਫੈਕਟਰੀਆਂ, ਨਿਰਮਾਣ ਕੰਮਾਂ ਅਤੇ ਪਹਾੜੀ ਇਲਾਕਿਆਂ ਵਿੱਚ ਰੁੱਖ ਲਗਾਉਣ ਵਰਗੇ ਸਖ਼ਤ ਕੰਮ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸੰਵਾਰਿਆ ਅਤੇ ਅੱਜ ਉਹੀ ਪੀੜ੍ਹੀ ਪੈਨਸ਼ਨਾਂ ਅਤੇ ਸੇਵਾ ਮੁਕਤੀ ਦਾ ਸੁਖੀ ਜੀਵਨ ਮਾਣ ਰਹੀ ਹੈ।

ਸਾਲ 2021 'ਚ ਹੋਈ ਮਰਦਮ ਸ਼ੁਮਾਰੀ ਦੌਰਾਨ ਵੈਨਕੂਵਰ, ਡੈਲਟਾ, ਸਰੀ ਅਤੇ ਰਿਚਮੰਡ ਨਾਲ ਸੰਬੰਧਿਤ 65 ਸਾਲਾਂ ਤੋਂ ਵਧੇਰੇ ਉਮਰ ਦੇ ਪੰਜਾਬੀ ਬਜ਼ੁਰਗਾਂ ਦੀ ਗਿਣਤੀ 30 ਹਜਾਰ ਦੇ ਲਗਭਗ ਹੋਣੀ ਕਿਆਸੀ ਗਈ ਸੀ ਜਦੋਂ ਕਿ ਹੁਣ ਇਹ ਗਿਣਤੀ ਕਿਤੇ ਵਧੇਰੇ ਹੋਣ ਦਾ ਅਨੁਮਾਨ ਹੈ

ਕਈ ਬਜ਼ੁਰਗ ਸਵੇਰੇ ਗੁਰੂ ਘਰਾਂ ਵਿੱਚ ਮੱਥਾ ਟੇਕਣ ਅਤੇ ਸੇਵਾ ਕਰਨ ਤੋਂ ਬਾਅਦ ਸਿੱਧੇ ਪਾਰਕਾਂ ਦੀਆਂ ਸੱਥਾਂ ਵਿੱਚਲੇ ਆਪਣੇ 'ਯਾਰਾਂ' ਕੋਲ ਆ ਜਾਂਦੇ ਹਨ

ਕਈਆਂ ਨੇ ਆਪਣੀਆਂ ਬੈਂਚਾਂ ਅਤੇ ਬੈਠਣ ਵਾਲੀਆਂ ਥਾਵਾਂ ਨੂੰ ਆਪਸੀ ਸਹਿਮਤੀ ਨਾਲ 'ਰਾਖਵਾਂ' ਕਰ ਰੱਖਿਆ ਹੁੰਦਾ ਹੈ। ਮਾਝੇ, ਮਾਲਵੇ ਅਤੇ ਦੁਆਬੇ ਦੇ ਸੁਮੇਲ ਦੀ ਸਾਂਝੀ ਤਸਵੀਰ ਪੇਸ਼ ਕਰਦੀਆਂ ਇਨਾਂ ਸੱਥਾਂ ਚ

ਕਈ ਬਜ਼ੁਰਗ ਆਪਣੇ ਮੋਬਾਈਲ ਫੋਨਾਂ 'ਤੇ ਪੰਜਾਬ ਦੀਆਂ ਤਾਜ਼ਾ ਖ਼ਬਰਾਂ ਪੜ੍ਹ ਕੇ ਦੂਜਿਆਂ ਨੂੰ ਸੁਣਾਉਂਦੇ ਹਨ। ਸ਼ਾਮ ਵੇਲੇ ਘਰਾਂ ਨੂੰ ਪਰਤਦਿਆਂ ਕੁਝ ਬਜ਼ੁਰਗਾਂ ਨੂੰ ਗਲੇ ਦੀ ਤਰਾਵਟ ਲਈ ਨੇੜਲੇ ਸਾਥੀ ਦੇ ਘਰ ਦੀ ਕਿਸੇ ਨੁੱਕਰੇ 'ਦੋ ਘੁੱਟ' ਲਾ ਲੈਣ ਦਾ ਵਰਤਾਰਾ ਵੀ ਕਿਤੇ ਕਿਤੇ ਵੇਖਿਆ ਜਾ ਸਕਦਾ ਹੈ

ਸਰੀ ਨਾਲ ਸੰਬੰਧਿਤ ਨੌਜਵਾਨ ਕੰਸਰਵੇਟਿਵ ਆਗੂ ਹੋਨਵੀਰ ਰੰਧਾਵਾ ਦਾ ਕਹਿਣਾ ਸੀ ਕਿ ਪਾਰਕਾਂ ਵਿੱਚ ਬਜ਼ੁਰਗਾਂ ਦੀਆਂ ਰੌਣਕਾਂ ਨਾਲ ਸਾਰਾ ਦਿਨ ਲੱਗੀ ਰਹਿੰਦੀ ਚਹਿਲ ਪਹਿਲ ਕਾਰਨ ਪੰਜਾਬ ਦੇ ਪਿੰਡਾਂ ਵਰਗਾ ਮਾਹੌਲ ਸਿਰਜਿਆ ਨਜ਼ਰ ਆਉਂਦਾ ਹੈ ਪਰੰਤੂ ਕੁਝ ਜਨਤਕ ਥਾਵਾਂ ਅਤੇ ਬੱਸ ਸਟੈਂਡਾਂ ਨੇੜੇ ਬਜ਼ੁਰਗਾਂ ਲਈ ਵਾਸ਼ਰੂਮਾਂ ਦੀ ਅਣਹੋਂਦ ਕਾਰਨ ਆਉਂਦੀ ਦਿੱਕਤ ਤੋ ਉਹ ਜਾਣੂ ਹਨ ਅਤੇ ਇਸ ਦੇ ਹੱਲ ਲਈ ਉਹ ਆਪਣੇ ਸਾਥੀਆਂ ਸਮੇਤ ਆਵਾਜ਼ ਬੁਲੰਦ ਕਰਨਗੇ ।

ਬਜ਼ੁਰਗਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਉਨ੍ਹਾਂ ਨੂੰ ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਰਿਟਾਇਰਮੈਂਟ ਦੀਆਂ ਸੁਵਿਧਾਵਾਂ ਤਾਂ ਮਿਲਦੀਆਂ ਹਨ ਪ੍ਰੰਤੂ ਪੰਜਾਬ ਤੋਂ ਦੂਰ ਹੋ ਜਾਣ ਦੀ ਕਸਕ ਉਨਾਂ ਦੇ ਦਿਲ ਵਿੱਚ ਹਮੇਸ਼ਾ ਬਣੀ ਰਹਿੰਦੀ ਹੈ ਅਤੇ ਅਖੀਰਲੇ ਪਲ ਤੱਕ ਪੰਜਾਬ ਉਹਨਾਂ ਦੇ ਚੇਤਿਆਂ ਚ ਵਸਦਾ ਰਹੇਗਾ ਇਹੀ ਕਾਰਨ ਹੈ ਕਈ ਬਜ਼ੁਰਗ ਮੰਨਦੇ ਹਨ ਕਿ ਪਾਰਕਾਂ ਦੀਆਂ ਇਹ ਸੱਥਾਂ ਉਨ੍ਹਾਂ ਲਈ ਇਕੱਲੇਪਨ ਅਤੇ ਮਾਨਸਿਕ ਤਣਾਅ ਦਾ ਸਭ ਤੋਂ ਵਧੀਆ ਇਲਾਜ ਹਨ।

ਪਾਰਕਾਂ 'ਚ ਲੱਗਣ ਵਾਲੀਆਂ ਇਨ੍ਹਾਂ ਸੱਥਾਂ ਦਾ ਹਿੱਸਾ ਪੰਜਾਬੀ ਮੂਲ ਦੀਆਂ ਬਜ਼ੁਰਗ ਔਰਤਾਂ ਵੀ ਬਣਦੀਆਂ ਹਨ। ਕੁਝ ਔਰਤਾਂ ਆਪਣੇ ਪਰਿਵਾਰਿਕ ਬੱਚਿਆਂ ਦਾ ਮਨ ਪਰਚਾਉਣ ਅਤੇ ਘਰ ਅੰਦਰਲੀ ਸੀਮਤ ਜਗ੍ਹਾ ਤੋਂ ਖੁੱਲੀ ਹਵਾ ਵਿੱਚ ਜਾਣ ਦੇ ਨਾਲ ਨਾਲ ਆਪਣੀਆਂ ਹਮਉਮਰ ਔਰਤਾਂ ਨਾਲ ਦਿੱਲੀ ਵਲਵਲੇ ਸਾਂਝੇ ਕਰਨ ਲਈ ਪਾਰਕਾਂ ਚ ਪਹੁੰਚਦੀਆਂ ਹਨ ਉਨ੍ਹਾਂ ਦੀਆਂ ਗੱਲਾਂ ਦਾ ਘੇਰਾ ਅਕਸਰ ਘਰੇਲੂ ਹਾਲਾਤਾਂ , ਨਵੇਂ ਪਕਵਾਨਾਂ ਦੀਆਂ ਵਿਧੀਆਂ, ਸਿਹਤ ਸੰਭਾਲ ਦੇ ਨੁਸਖ਼ਿਆਂ, ਬੱਚਿਆਂ ਅਤੇ ਪੋਤੇ-ਪੋਤਰੀਆਂ ਦੀਆਂ ਪ੍ਰਾਪਤੀਆਂ ਅਤੇ ਪਰਿਵਾਰਕ ਖੁਸ਼ੀਆਂ-ਗ਼ਮੀਆਂ ਦੇ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ। ਇਨਾਂ ਤੂੰ ਕਈ ਔਰਤਾਂ ਕਈ ਆਪਣੇ ਪਿੰਡਾਂ ਦੀਆਂ ਪੁਰਾਣੀਆਂ ਰਸਮਾਂ, ਵਿਆਹਾਂ-ਸ਼ਾਦੀਆਂ ਦੀਆਂ ਯਾਦਾਂ ਸਾਂਝੀਆਂ ਕਰਦੀਆਂ ਹਨ। ਇਨ੍ਹਾਂ ਗੱਲਬਾਤਾਂ ਰਾਹੀਂ ਨਾ ਸਿਰਫ਼ ਉਹਨਾਂ ਦਾ ਸਮਾਂ ਸੁਖਾਵਾਂ ਬੀਤਦਾ ਹੈ, ਸਗੋਂ ਪਰਦੇਸ ਦੀ ਧਰਤੀ 'ਤੇ ਆਪਸੀ ਸਾਂਝ, ਮੋਹ-ਪਿਆਰ ਅਤੇ ਆਪਣਾਪਣ ਵੀ ਹੋਰ ਗੂੜ੍ਹਾ ਹੁੰਦਾ ਜਾਪਦਾ ਹੈ।

ਵੈਨਕੂਵਰ ਅਤੇ ਸਰੀ ਸਮੇਤ ਕੈਨੇਡਾ ਦੇ ਹੋਰਨਾ ਪਾਰਕਾਂ ਵਿੱਚ ਸੱਜਦੀਆਂ ਇਹ ਸੱਥਾਂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਪੰਜਾਬੀ ਪਰਵਾਸ ਦੇ ਸੰਘਰਸ਼, ਮਿਹਨਤ, ਯਾਦਾਂ ਅਤੇ ਕਾਮਯਾਬੀ ਦੀ ਮਿਸਾਲ ਵੀ ਪੇਸ਼ ਕਰਦੀਆਂ ਹਨ। ਇਨ੍ਹਾਂ ਸੱਥਾਂ ਵਿੱਚ ਬੈਠੇ ਬਜ਼ੁਰਗਾਂ ਦੀਆਂ ਗੱਲਾਂ ਸੁਣ ਕੇ ਅੱਜ ਵੀ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਮਹਿਸੂਸ ਕੀਤੀ ਜਾ ਸਕਦੀ ਹੈ।

## ਗੁਲਾਬ ਸਿੱਧੂ ਦੀ ਡੈਬਿਊ ਫਿਲਮ 'ਜੁਦਾ' ਬਣੀ ਖਿੱਚ ਦਾ ਕੇਂਦਰ, ਜਾਣੋ ਦਰਸ਼ਕਾਂ ਲਈ ਕਿਉਂ ਹੈ ਖ਼ਾਸ

### ਗੁਲਾਬ ਸਿੱਧੂ ਅਤੇ ਜੈਸਮੀਨ ਭਸੀਨ ਦੀ ਜੋੜੀ ਪਹਿਲੀ ਵਾਰ ਵੱਡੇ ਪਰਦੇ 'ਤੇ ਆਵੇਗੀ ਨਜ਼ਰ




**Punjabi film Judaa:** ਪੰਜਾਬੀ ਗਾਇਕ ਅਤੇ ਅਦਾਕਾਰ ਗੁਲਾਬ ਸਿੱਧੂ ਅਤੇ ਅਦਾਕਾਰਾ ਜੈਸਮੀਨ ਭਸੀਨ ਦੀ ਆਉਣ ਵਾਲੀ ਪੰਜਾਬੀ ਫਿਲਮ 'ਜੁਦਾ' ਇਨ੍ਹੀਂ ਦਿਨੀਂ ਕਾਫ਼ੀ ਚਰਚਾ ਵਿੱਚ ਹੈ। ਫਿਲਮ ਇਸ ਮਹੀਨੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਹੈ ਅਤੇ ਦਰਸ਼ਕ ਇਸ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹਨ। ਗੁਲਾਬ ਸਿੱਧੂ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ, ਜਿਸ ਕਰਕੇ ਪ੍ਰਸ਼ੰਸਕਾਂ ਦੀਆਂ ਉਮੀਦਾਂ ਹੋਰ ਵੀ ਵੱਧ ਗਈਆਂ ਹਨ।

ਫਿਲਮ ਵਿੱਚ ਗੁਲਾਬ ਸਿੱਧੂ ਅਤੇ ਜੈਸਮੀਨ ਭਸੀਨ ਦੀ ਨਵੀਂ ਜੋੜੀ ਪਹਿਲੀ ਵਾਰ ਵੱਡੇ ਪਰਦੇ 'ਤੇ ਇਕੱਠੇ ਨਜ਼ਰ ਆਵੇਗੀ। ਆਓ ਜਾਣਦੇ ਹਾਂ ਉਹ ਪੰਜ ਵੱਡੇ ਕਾਰਨ, ਜਿਨ੍ਹਾਂ ਕਰਕੇ 'ਜੁਦਾ' ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਹੈ।

**ਨਵੀਂ ਜੋੜੀ ਦਾ ਨਵਾਂ ਅਹਿਸਾਸ**

ਗੁਲਾਬ ਸਿੱਧੂ ਅਤੇ ਜੈਸਮੀਨ ਭਸੀਨ ਦੀ ਜੋੜੀ ਪੰਜਾਬੀ ਸਿਨੇਮਾ ਲਈ ਇੱਕ ਨਵਾਂ ਤਜਰਬਾ ਹੈ। ਦੋਵਾਂ ਕਲਾਕਾਰਾਂ ਦੀ ਜੋੜੀ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਚਰਚਾ ਹੋ ਰਹੀ ਹੈ ਅਤੇ ਪ੍ਰਸ਼ੰਸਕ ਉਨ੍ਹਾਂ ਨੂੰ ਇਕੱਠੇ ਦੇਖਣ ਲਈ ਬੇਤਾਬ ਹਨ।

**ਆਨ-ਸਕ੍ਰੀਨ ਕੈਮਿਸਟਰੀ ਨੇ ਜਿੱਤਿਆ ਦਿਲ**

ਫਿਲਮ ਦੇ ਟੀਜ਼ਰ ਅਤੇ ਗੀਤਾਂ ਵਿੱਚ ਗੁਲਾਬ ਸਿੱਧੂ ਅਤੇ ਜੈਸਮੀਨ ਭਸੀਨ ਦੀ ਕੈਮਿਸਟਰੀ ਨੂੰ ਦਰਸ਼ਕਾਂ ਵੱਲੋਂ ਖੂਬ ਪਸੰਦ ਕੀਤਾ ਗਿਆ ਹੈ। ਦੋਵਾਂ ਦੀ ਕੁਦਰਤੀ ਅਦਾਕਾਰੀ ਅਤੇ ਜਜ਼ਬਾਤੀ ਦ੍ਰਿਸ਼ ਫਿਲਮ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੇ ਹਨ।

**ਗੁਲਾਬ ਸਿੱਧੂ ਦੀ ਅਦਾਕਾਰੀ ਦੀ ਨਵੀਂ ਪਾਰੀ**

ਪੰਜਾਬੀ ਸੰਗੀਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਗੁਲਾਬ ਸਿੱਧੂ ਹੁਣ ਅਦਾਕਾਰੀ ਦੀ ਦੁਨੀਆ ਵਿੱਚ ਕਦਮ ਰੱਖ ਰਹੇ ਹਨ। ਗਾਇਕੀ ਤੋਂ ਬਾਅਦ ਹੁਣ ਉਹ ਆਪਣੇ ਅਦਾਕਾਰੀ ਅੰਦਾਜ਼ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਤਿਆਰ ਹਨ। ਫਿਲਮ ਵਿੱਚ ਉਨ੍ਹਾਂ ਦਾ ਵੱਖਰਾ ਰੂਪ ਦੇਖਣ ਨੂੰ ਮਿਲੇਗਾ।

**ਹਾਸੇ ਅਤੇ ਜਜ਼ਬਾਤਾਂ ਦਾ ਮੇਲ**

'ਜੁਦਾ' ਵਿੱਚ ਸਿਰਫ਼ ਰੋਮਾਂਸ ਹੀ ਨਹੀਂ, ਸਗੋਂ ਹਾਸਾ-ਮਜ਼ਾਕ ਅਤੇ ਭਾਵੁਕ ਪਲਾਂ ਦਾ ਵੀ ਖ਼ਾਸ ਧਿਆਨ ਰੱਖਿਆ ਗਿਆ ਹੈ। ਫਿਲਮ ਦੀ ਕਹਾਣੀ ਪੁਰਾਣੇ ਅਤੇ ਨਵੇਂ ਦੌਰ ਨੂੰ ਜੋੜਦੀ ਹੋਈ ਦਰਸ਼ਕਾਂ ਨੂੰ ਇੱਕ ਵੱਖਰਾ ਅਨੁਭਵ ਦੇਵੇਗੀ।

**ਜੈਸਮੀਨ ਭਸੀਨ ਦਾ ਦਮਦਾਰ ਅੰਦਾਜ਼**

ਜੈਸਮੀਨ ਭਸੀਨ ਪਹਿਲਾਂ ਹੀ ਟੈਲੀਵਿਜ਼ਨ ਅਤੇ ਪੰਜਾਬੀ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੀ ਹੈ। ਗਿੱਪੀ ਗਰੇਵਾਲ ਅਤੇ ਜੈ ਰੰਧਾਵਾ ਨਾਲ ਕੰਮ ਕਰਨ ਤੋਂ ਬਾਅਦ ਹੁਣ ਉਹ ਗੁਲਾਬ ਸਿੱਧੂ ਨਾਲ ਨਵੀਂ ਜੋੜੀ ਵਜੋਂ ਦਰਸ਼ਕਾਂ ਦੇ ਸਾਹਮਣੇ ਆ ਰਹੀ ਹੈ।

ਫਿਲਮ 'ਜੁਦਾ' ਨੂੰ ਲੈ ਕੇ ਦਰਸ਼ਕਾਂ ਵਿੱਚ ਉਤਸ਼ਾਹ ਲਗਾਤਾਰ ਵੱਧ ਰਿਹਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਗੁਲਾਬ ਸਿੱਧੂ ਦੀ ਇਹ ਡੈਬਿਊ ਫਿਲਮ ਬਾਕਸ ਆਫਿਸ 'ਤੇ ਕਿੰਨਾ ਕਮਾਲ ਕਰਦੀ ਹੈ।

## 'ਕਣਕਾਂ ਦੇ ਓਹਲੇ' ਦੀ ਨਿੱਕੀ ਸਿਤਾਰਾ ਕਿਸ਼ਟੂ-ਕੇ ਨੇ ਆਪਣੀ ਅਦਾਕਾਰੀ ਨਾਲ ਜਿੱਤਿਆ ਦਰਸ਼ਕਾਂ ਦਾ ਦਿਲ



**ਚੰਡੀਗੜ੍ਹ:** ਪੰਜਾਬੀ ਫ਼ਿਲਮ 'ਕਣਕਾਂ ਦੇ ਓਹਲੇ' ਇਨ੍ਹੀਂ ਦਿਨੀਂ ਦਰਸ਼ਕਾਂ ਵੱਲੋਂ ਭਰਪੂਰ ਪਿਆਰ ਹਾਸਲ ਕਰ ਰਹੀ ਹੈ। ਇਸ ਫ਼ਿਲਮ ਦੀ ਕਾਮਯਾਬੀ ਦੇ ਨਾਲ-ਨਾਲ ਬਾਲ ਕਲਾਕਾਰ ਕਿਸ਼ਟੂ ਕੇ ਵੀ ਖ਼ਾਸ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਆਪਣੀ ਪਹਿਲੀ ਹੀ ਫ਼ਿਲਮ ਵਿੱਚ ਸ਼ਾਨਦਾਰ ਅਦਾਕਾਰੀ ਕਰਕੇ ਕਿਸ਼ਟੂ ਨੇ ਦਰਸ਼ਕਾਂ ਦੇ ਦਿਲਾਂ ਵਿੱਚ ਖ਼ਾਸ ਥਾਂ ਬਣਾ ਲਈ ਹੈ।

ਕਿਸ਼ਟੂ ਕੇ ਦੀ ਇਸ ਸਫ਼ਲਤਾ ਨੂੰ ਲੈ ਕੇ ਉਸ ਦੇ ਪਿਤਾ ਅਤੇ ਮਸ਼ਹੂਰ ਪੰਜਾਬੀ ਗਾਇਕ ਸਾਰਥੀ ਕੇ ਨੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਧੀ ਬਚਪਨ ਤੋਂ ਹੀ ਬਹੁ-ਪੱਖੀ ਪ੍ਰਤਿਭਾ ਦੀ ਮਾਲਕ ਰਹੀ ਹੈ। ਉਨ੍ਹਾਂ ਦੱਸਿਆ ਕਿ ਛੋਟੀ ਉਮਰ ਤੋਂ ਹੀ ਕਿਸ਼ਟੂ ਵੱਲੋਂ ਪਾਈਆਂ ਜਾਣ ਵਾਲੀਆਂ ਬੋਲੀਆਂ ਅਤੇ ਪੰਜਾਬੀ ਗੀਤਾਂ 'ਤੇ ਕੀਤੀਆਂ ਡਾਂਸ ਪੇਸ਼ਕਾਰੀਆਂ ਨੂੰ ਸੋਸ਼ਲ ਮੀਡੀਆ 'ਤੇ ਵੀ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ।

ਸਾਰਥੀ ਕੇ ਨੇ ਕਿਹਾ ਕਿ ਸੋਸ਼ਲ ਮੀਡੀਆ ਤੋਂ ਮਿਲੇ ਪਿਆਰ ਅਤੇ ਹੌਸਲੇ ਨੇ ਹੀ ਕਿਸ਼ਟੂ ਨੂੰ ਅਦਾਕਾਰੀ ਦੀ ਦੁਨੀਆ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਲਈ ਇਹ ਬੇਹੱਦ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਧੀ ਦੀ ਪਹਿਲੀ ਫ਼ਿਲਮ ਨੂੰ ਦੇਸ਼-ਵਿਦੇਸ਼ ਵਿੱਚ ਇੰਨਾ ਪਿਆਰ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਿਸ਼ਟੂ ਦੀ ਅਦਾਕਾਰੀ ਨੂੰ ਮਿਲ ਰਹੀ ਪ੍ਰਸ਼ੰਸਾ ਨਾਲ ਪੂਰਾ ਪਰਿਵਾਰ ਬੇਹੱਦ ਖੁਸ਼ ਹੈ ਅਤੇ ਉਨ੍ਹਾਂ ਨੂੰ ਆਪਣੀ ਧੀ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਛੋਟੀ ਜਿਹੀ ਉਮਰ ਵਿੱਚ ਕਿਸ਼ਟੂ ਕੇ ਨੇ ਆਪਣੀ ਕਾਬਲੀਅਤ ਨਾਲ ਨਾ ਸਿਰਫ਼ ਦਰਸ਼ਕਾਂ ਦਾ ਦਿਲ ਜਿੱਤਿਆ ਹੈ, ਸਗੋਂ ਆਪਣੇ ਪਰਿਵਾਰ ਦਾ ਨਾਂ ਵੀ ਰੌਸ਼ਨ ਕੀਤਾ ਹੈ।

ਫ਼ਿਲਮ 'ਕਣਕਾਂ ਦੇ ਓਹਲੇ' ਵਿੱਚ ਕਿਸ਼ਟੂ ਕੇ ਦੀ ਮਾਸੂਮੀਅਤ ਅਤੇ ਦਮਦਾਰ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਖੂਬ ਸਰਾਹਿਆ ਜਾ ਰਿਹਾ ਹੈ, ਜਿਸ ਨਾਲ ਉਹ ਪੰਜਾਬੀ ਫ਼ਿਲਮ ਇੰਡਸਟਰੀ ਦੀਆਂ ਉਭਰਦੀਆਂ ਬਾਲ ਕਲਾਕਾਰਾਂ ਵਿੱਚ ਸ਼ਾਮਲ ਹੋ ਗਈ ਹੈ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com